ਉੱਜੜ ਗਏ ਗਰਾਂ

(ਨਾਵਲ)

ਸ਼ਿਵਚਰਨ ਜੱਗੀ ਕੁੱਸਾ

ਕਾਂਡ 1

ਗਰਮੀਆਂ ਦੇ ਦਿਨ ਸਨ।

ਹਾੜ੍ਹ ਦਾ ਤਕਰੀਬਨ ਪਿਛਲਾ ਪੱਖ ਚੱਲ ਰਿਹਾ ਸੀ। ਗਰਮੀ ਵੀ ਲੋਹੜ੍ਹਿਆਂ ਦੀ ਸੀ। ਸੁਬਾਹ ਦੇ ਚਾਰ ਕੁ ਵਜੇ ਸੌਣ ਦਾ ਕੁਝ ਨਜ਼ਾਰਾ ਜਿਹਾ ਆਉਂਦਾ ਸੀ। ਨਹੀਂ ਤਾਂ ਮੱਛਰ ਹੀ ਕੰਨਾਂ ਵਿਚ ਬੀਨਾਂ ਵਜਾਈ ਜਾਂਦਾ ਸੀ। ਤਕਰੀਬਨ ਸੁਬਾਹ ਦੇ ਦਸ ਕੁ ਵਜੇ ਤੱਕ ਕੁਝ ਟਿਕਾਅ ਰਹਿੰਦਾ ਸੀ ਅਤੇ ਫਿਰ ਸੂਰਜ ਤੰਦੂਰ ਵਾਂਗ ਭਖ਼ਣ ਲੱਗ ਪੈਂਦਾ ਸੀ।

ਮਾਸਟਰ ਭਗਵੰਤ ਸਿੰਘ ਦੇ ਘਰ ਦੀ ਉਸਾਰੀ ਹੋ ਰਹੀ ਸੀ। ਪਹਿਲਾਂ ਮਾਸਟਰ ਮੋਗੇ ਸ਼ਹਿਰ ਵਿਚ ਰਹਿੰਦਾ ਸੀ। ਪਰ ਸਾਰੀ ਕਬੀਲਦਾਰੀ ਕਿਉਂਟਣ ਤੋਂ ਬਾਅਦ ਉਸ ਨੇ ਬਾਹਰ-ਬਾਹਰ ਪਲਾਟ ਖਰੀਦ ਕੇ ਆਪਣੇ ਮਕਾਨ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਸੀ।

ਅਜੇ ਸਵੇਰ ਦਾ ਹੀ ਸਮਾਂ ਸੀ।

ਇੰਦਰ ਅਤੇ ਸ਼ਿੰਦਾ, ਮਿਸਤਰੀ ਦੀ ਮੱਦਦ ਕਰਵਾ ਰਹੇ ਸਨ। ਰਾਤ ਦੀ ਪੀਤੀ ਦਾਰੂ ਦੇ ਉਹ ਦੋਨੋਂ ਹੀ ਭੰਨੇ ਜਿਹੇ ਜਾਪਦੇ ਸਨ। ਘਰ ਦੀ ਕੱਢੀ ਮਾੜੀ ਦਾਰੂ ਦੇ ਮਧੋਲੇ ਉਹ ਮਾੜੇ ਗੱਡੇ ਵਾਂਗ ਚੂਕ ਜਿਹੇ ਰਹੇ ਸਨ। ਬਾਕੀ ਦਿਹਾੜੀਏ ਆਪਣੇ ਕੰਮਾਂ ਵਿਚ ਮਘਨ ਸਨ।

-"ਟੁੰਡਿਆ ਫੀਮ ਹੈ ਭੋਰਾ?" ਸ਼ਿੰਦੇ ਨੇ ਇੰਦਰ ਨੂੰ ਪੁੱਛਿਆ। ਉਹ ਇੰਦਰ ਨੂੰ ਕਦੇ ਲਾਚੜ ਕੇ ਅਤੇ ਕਦੇ ਅੱਕਿਆ ਹੋਇਆ "ਟੁੰਡਾ" ਆਖ ਦਿੰਦਾ ਸੀ। ਇੰਦਰ, ਮਾਸਟਰ ਭਗਵੰਤ ਸਿੰਘ ਦਾ ਜੁਆਈ ਸੀ ਅਤੇ ਸ਼ਿੰਦਾ ਇੰਦਰ ਦਾ ਅਟੁੱਟ ਦੋਸਤ!

-"ਹੈਂ ਬਈ! ਕਦੇ ਤਾਂ ਸਿੱਧਾ ਨਾਂ ਲੈ ਕਿਆ ਕਰ ਗਿੱਡਲ਼ਾ! ਮੇਰਾ ਪੁੱਠਾ ਨਾਂ ਪਕਾ ਦੇਵੇਂਗਾ।" ਇੰਦਰ ਨੇ ਚੂਹੇ-ਦੰਦੀ ਮੁਸ਼ਕੜੀ ਸੁੱਟਦਿਆਂ, ਗੁਣਗੁਣਾ ਕੇ ਆਖਿਆ। "ਗਿੱਡਲ਼ਾ" 'ਤੇ ਉਸ ਨੇ ਕਾਫ਼ੀ ਜ਼ੋਰ ਦਿੱਤਾ ਸੀ। ਇੱਕ ਤਰ੍ਹਾਂ ਨਾਲ ਬਦਲਾ ਲਿਆ ਸੀ।

-''ਨਾ ਟੁੰਡਾ ਕਹੇ ਤੋਂ ਤੈਨੂੰ ਗੋਲੀ ਪੈਂਦੀ ਐ? ਲਿਆ ਭੋਰਾ ਹੈ ਤਾਂ ਸਰੀਰ ਬੰਨ੍ਹੀਏਂ-ਜੜਾਕੀਂ ਪਿਆ ਫਿਰਦੈ।'' ਸ਼ਿੰਦੇ ਦਾ ਸਰੀਰ ਵਾਕਿਆ ਹੀ ਜਰਖਲਿਆ ਜਿਹਾ ਪਿਆ ਸੀ।

-''ਕੱਲ੍ਹ ਘਣੀਏਂ ਆਲੇ ਬਰਾੜ ਤੋਂ ਲਿਆਂਦੀ ਸੀ ਭੋਰਾ ਆਬਦੇ ਆਸਤੇ-ਲੈ, ਤੂੰ ਮੱਚ ਲਾ...!'' ਹੱਥਾਂ ਉਤੋਂ ਮਿੱਟੀ ਝਾੜਦੇ ਇੰਦਰ ਨੇ ਮੋਮੀ ਕਾਗਜ਼ ਦੇ ਟੁਕੜੇ ਵਿਚ ਬੱਝੀ ਅਫ਼ੀਮ ਉਸ ਨੂੰ ਫੜਾ ਦਿੱਤੀ। ਸ਼ਿੰਦੇ ਦੀਆਂ ਅੱਖਾਂ ਵਿਚ ਇੱਕ ਅਜ਼ੀਬ ਝਲਕ ਫੁੱਟੀ। ਮੋਮੀ ਕਾਗਜ਼ ਨੂੰ ਟੋਹਣ 'ਤੇ ਉਸ ਨੂੰ ਸ਼ੱਕ ਜਿਹਾ ਪਿਆ।

-''ਇਹ ਤਾਂ ਡਲੀ ਜੀ ਲੱਗਦੀ ਐ।''

-''ਹੋਰ ਕਿਤੇ ਬਰਾੜ ਮਾੜੀ ਖਾਂਦੈ?''

-''...........।'' ਸ਼ਿੰਦਾ ਚੁੱਪ ਚਾਪ ਮੋਮੀ ਕਾਗਜ਼ ਖੋਲ੍ਹ ਰਿਹਾ ਸੀ।

-''ਯੂ ਪੀ ਤੋਂ ਆਉਂਦੀ ਐ ਸਹੁਰੀ-ਆਪਣੇ ਤਾਂ ਨਿਰਾ ਗੁੜ ਈ ਦਿੰਦੇ ਐ ਮੇਰੇ ਸਾਲੇ-ਅੱਬਲ ਤਾਂ ਮਿਲਦੀ ਈ

ਨ੍ਹੀ!'' ਇੰਦਰ ਨੇ ਸਿਫ਼ਤਾਂ ਦੇ ਪੜੁੱਲ ਬੰਨ੍ਹਣੇ ਸ਼ੁਰੂ ਕਰ ਦਿੱਤੇ।

ਸ਼ਿੰਦੇ ਨੇ ਚਾਕੂ ਨਾਲ ਕੱਟ ਕੇ ਮਾਵਾ 'ਟਾਂਕਿਆ' ਅਤੇ ਮੋਮੀ ਕਾਗਜ਼ ਨੂੰ ਗੰਢ ਦੇਣੀ ਸ਼ੁਰੂ ਕਰ ਦਿੱਤੀ।

-''ਤੇ ਮੈਂ ਚੂੜ੍ਹਿਆਂ ਦਾ ਜਮਾਈ ਐਂ?'' ਮੋਮੀ ਕਾਗਜ਼ ਦੀ ਗੰਢ ਬੱਝੀਦੀ ਦੇਖ ਕੇ ਇੰਦਰ ਹਲਕ ਗਿਆ ਸੀ। ਸ਼ਿੰਦੇ ਤੋਂ ਕਾਗਜ਼ ਖੋਹ ਕੇ ਉਸ ਨੇ ਵੀ ਮਾਵਾ ਖਾ ਲਿਆ। ਉਸ ਦੀ ਵਾਰੀ ਤਾਂ ਕੱਟੀ ਗਈ ਸੀ!

-''ਹੈਂ ਬਈ! ਹੈ ਸਾਲੀ ਇੱਕ ਚੀਜ-ਸਰੀਰ ਫੜ ਕੇ ਖੜਾ ਕਰ ਦਿੰਦੀ ਐ-ਗੰਡੇ ਗਿਣ ਦਿੰਦੀ ਐ ਗੰਡੇ!''

-''ਉਏ ਕੌਮਨਸ਼ਟੋ! ਇੱਟਾਂ ਥੋਡਾ ਪਿਉ ਫੜਾਊ? ਇਹਦੀਆਂ ਮਾਂ ਦੀਆਂ ਸਿਫਤਾਂ ਕਰੀ ਜਾਨੇ ਐਂ-ਇਹ ਕਰੇਨ ਐ ਜਿਹੜੀ ਫੜ ਕੇ ਖੜਾ ਕਰ ਦਿੰਦੀ ਐ? ਕਦੋਂ ਦੇ ਯੱਭ ਯੱਭ ਕਰੀ ਜਾਨੇ ਐ-ਕੰਮ ਨ੍ਹੀ ਕਰਦੇ ਕਾਰ ਨ੍ਹੀ ਕਰਦੇ!'' ਸਾਬਤ ਸੂਰਤ ਨਸ਼ਿਆਂ ਤੋਂ ਰਹਿਤ ਮਿਸਤਰੀ ਕਾਮਰੇਡਾਂ 'ਤੇ ਔਖਾ ਹੀ ਰਹਿੰਦਾ ਸੀ। ਉਹ ਉਹਨਾਂ ਨੂੰ ਕੌਮਿਊਨਿਸਟ ਨਹੀਂ, ''ਕੌਮ-ਨਸ਼ਟ'' ਹੀ ਦੱਸਦਾ ਸੀ।

-''ਇੱਟਾਂ ਕਿਤੇ ਭੱਜੀਆਂ ਜਾਂਦੀਐਂ? ਮਾੜਾ ਜਿਆ ਸਰੀਰ ਤਾਂ ਕੰਡੇ 'ਚ ਕਰ ਲਈਏ!'' ਸ਼ਿੰਦੇ ਨੇ ਕਰੜ ਬਰੜੀ

ਦਾਹੜੀ 'ਤੇ ਹੱਥ ਫੇਰ ਕੇ ਇੱਟਾਂ ਵਗਾਉਣੀਆਂ ਸ਼ੁਰੂ ਕਰ ਦਿੱਤੀਆਂ। ਇੱਟਾਂ ਰੇਲ ਬਣੀਆਂ ਉਪਰ ਨੂੰ ਜਾ ਰਹੀਆਂ ਸਨ।

-"ਹੈਂ ਬਈ! ਜੇ ਇੰਜਣ 'ਚ ਤੇਲ ਨਾ ਹੋਊ, ਤਾਂ ਚੱਲੂੰ ਕਿਵੇਂ?" ਇੰਦਰ ਨੇ ਸ਼ਿੰਦੇ ਮਗਰ ਹੀ ਵੋਟ ਪਾਈ। ਉਸ ਨੂੰ "ਧੱਕਾ ਸਟਾਰਟ" ਬੰਦਾ ਪਸੰਦ ਨਹੀਂ ਸੀ।

-"ਰਾਤ ਕੁੜੀ ਚੋਦ ਦੇ ਚੂਹੜੇ ਨੇ ਐਹੋ ਜੀ ਮਾੜੀ ਮੱਥੇ ਮਾਰੀ-ਇਉਂ ਹੋਇਆ ਪਿਐ ਜਿਮੇਂ ਸਪਰੇਅ ਆਲੀ ਦੁਆਈ ਪੀਤੀ ਹੁੰਦੀ ਐ।" ਸ਼ਿੰਦਾ ਰਾਤ ਵਾਲੀ ਘਸਮੈਲੀ ਜਿਹੀ ਦਾਰੂ ਭੁੱਲਿਆ ਨਹੀਂ ਸੀ। ਖੱਟੀ-ਟੀਟ, ਘਰ ਦੀ ਦਾਰੂ ਉਸ ਨੇ ਅਚਾਰੀ ਤੁੱਕੇ ਨਾਲ ਮਸਾਂ ਹੀ ਅੰਦਰ ਸੁੱਟੀ ਸੀ। ਯਾਦ ਕਰ ਕਰ ਉਸ ਨੂੰ ਹੁਣ ਵੀ ਧੁੜਧੁੜੀਆਂ ਜਿਹੀਆਂ ਆ ਰਹੀਆਂ ਸਨ। ਦੋ ਤਿੰਨ ਵਾਰ ਉਸ ਨੂੰ ਅਵੱਲੇ ਜਿਹੇ 'ਵੱਤ' ਵੀ ਆ ਚੁੱਕੇ ਸਨ।

-"ਹੈਂ ਬਈ! ਆਥਣੇ ਚੱਲਾਂਗੇ ਮੇਰੇ ਸਾਲੇ ਕੋਲੇ-!"

-"..........।" ਸ਼ਿੰਦਾ ਹੁਣ ਕੁਝ ਹੌਸਲੇ ਨਾਲ ਕੋਠੇ ਉੱਪਰ ਨੂੰ ਇੱਟਾਂ ਵਗਾਹ ਵਗਾਹ ਕੇ ਮਾਰ ਰਿਹਾ ਸੀ।

-"ਕੁੱਤਾ ਚੂਹੜਾ ਸਾਲਾ! ਕਹਿੰਦਾ ਲੈਣੇ ਵੀ ਸੋਲਾਂ ਐਂ-ਚੀਜ ਪੂਰੀ ਵਧੀਐ-ਚੀਜ ਕਹਿੰਦਾ ਨਿੰਦਣ ਦੀ ਨ੍ਹੀਂ-ਇਹਦੀ ਭੈਣ ਨੂੰ ਮੈਂ ਗੜ੍ਹ ਦਿਆਂ!" ਸ਼ਿੰਦੇ ਨੇ ਮਜ੍ਹਬੀ 'ਤੇ ਕਚੀਰ੍ਹਾ ਛੱਡਿਆ ਨਹੀਂ ਸੀ।

-"ਚੂਹੜੇ ਦੀ ਮਾਂ ਭੈਣ ਇੱਕ ਕਰੀ ਜਾਨੇ ਐਂ-ਜੇ ਨਾ ਡੱਫਿਆ ਕਰੋਂ? ਨਾਲੇ ਪੱਲਿਓਂ ਪੈਸੇ ਲਾਉਨੇ ਓਂ-ਨਾਲੇ ਸਰੀਰ ਖਰਾਬ ਕਰਦੇ ਓਂ-ਨਾਲੇ ਤੜਕੋ ਤੜਕੀ ਪਾਠ ਸ਼ੁਰੂ ਕਰਤਾ!" ਸਾਬਤ ਸੂਰਤ ਮਿਸਤਰੀ ਫਿਰ ਅੱਕ ਕੇ ਬੋਲਿਆ।

-"ਹੈਂ ਬਈ! ਅਸੀਂ ਅੰਮ੍ਰਿਤਧਾਰੀ ਥੋੜ੍ਹੋ ਐਂ? ਅਸੀਂ ਹੁੰਨੇ ਐਂ ਕੋਮਨਿਸਟ-ਖਾਂਦੇ ਪੀਂਦੇ ਮਰਦੇ ਐਂ-ਸੌ ਆਰੀ ਮਰਜੀਏ-ਪੈਸਾ ਕਿਹੜਾ ਕਿਸੇ ਨੇ ਨਾਲ ਲੈ ਜਾਣੈਂ?" ਇੰਦਰ ਨੇ ਠੁਣਾਂ ਮਿਸਤਰੀ ਸਿਰ ਹੀ ਭੰਨਿਆਂ।

-"ਤੂੰ ਵੀ ਮਿਸਤਰੀ ਜੀ ਘੁੱਟ ਲਾ ਕੇ ਦੇਖਿਆ ਕਰ-ਦੇਖ ਨੀਂਦ ਸਹੁਰੀ ਕਿਵੇਂ ਆਉਂਦੀ ਐ-ਨਾਲੇ ਮੱਛਰ ਨ੍ਹੀ ਲੜਦਾ।" ਸ਼ਿੰਦੇ ਦਾ ਬੱਝਿਆ ਸਰੀਰ ਮਿਸਤਰੀ ਨੂੰ ਕਿੱਲੇ ਵਾਂਗ ਜੋਹ ਕੇ ਦੇਖ ਰਿਹਾ ਸੀ।

-"ਹੈਂ ਬਈ! ਮੱਛਰ ਨੇ ਲੜ ਕੇ ਮਰਨੈਂ? ਖ਼ੂਨ ਤਾਂ ਜਹਿਰ ਬਣਿਆਂ ਪਿਐ ਪੀ ਪੀ ਕੇ।"

-"ਕੋਮਨਸ਼ਟੋ! ਗੁਰਬਾਣੀ ਕਹਿੰਦੀ ਐਃ ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।" ਆਪਣੇ ਵੱਲੋਂ ਮਿਸਤਰੀ ਮੱਤ ਦੇ ਰਿਹਾ ਸੀ। ਇੱਕ ਤਰ੍ਹਾਂ ਨਾਲ ਪੱਥਰਾਂ 'ਤੇ ਬੂੰਦਾਂ ਪਾ ਰਿਹਾ ਸੀ। ਜਿਸ ਦਾ ਸ਼ਾਇਦ ਕੋਈ ਅਸਰ ਨਹੀਂ ਸੀ।

-''ਹੈਂ ਬਈ! ਗੁਰਬਾਣੀ ਨੂੰ ਅਸੀਂ ਵੀ ਮੰਨਦੇ ਐਂ-ਪਰ ਥੋਡੇ ਮਾਂਗੂੰ ਨ੍ਹੀ।'' ਇੰਦਰ ਨੂੰ ਕੋਈ ਟਿਕਾਣੇ ਦੀ ਗੱਲ ਨਹੀਂ ਔੜੀ ਸੀ।

-''ਨਾਲੇ ਘਰਆਲੀਆਂ ਖੁਸ਼ ਕਰੀਦੀਐਂ ਮਿਸਤਰੀ ਜੀ-ਚੜ੍ਹਾਈ ਸਾਡੀ ਹਿਟਲਰ ਨਾਲੋਂ ਘੱਟ ਨਹੀਂ ਹੁੰਦੀ।'' ਸ਼ਿੰਦੇ ਦੇ ਸਰੀਰ ਨੂੰ ਅਫ਼ੀਮ ਦੇ ਨਸ਼ੇ ਨੇ ਇੱਕ ਤਰ੍ਹਾਂ ਨਾਲ ਨਰੜ ਦਿੱਤਾ ਸੀ। ਕੁੰਡਲੀ ਵਿਚ ਲੈ ਲਿਆ ਸੀ।

-''ਹੈਂ ਬਈ! ਥਾਪੀ ਦਿੰਦੀਐਂ, ਥਾਪੀ!'' ਅਫ਼ੀਮ ਦੇ ਸਰੂਰ ਨਾਲ ਇੰਦਰ ਬਾਂਦਰ ਵਾਂਗ ਲਾਚੜ ਗਿਆ ਸੀ।

-''ਉਏ ਰਹਿਣ ਦਿਓ ਉਏ-ਰਹਿਣ ਦਿਓ ਥਾਪੀ ਨੂੰ! ਸ਼ਰਾਬੀ ਨੂੰ ਕੀ ਪਤਾ ਲੱਗਦੈ? ਅਗਲੀ ਵਿਚਾਰੀ ਭਲਾ ਥੱਲੇ ਪਈ ਮਰਜੇ-ਕਿਹੜਾ ਕੋਈ ਸੁਰਤ ਹੁੰਦੀ ਐ?'' ਮਿਸਤਰੀ ਫੋੜੇ ਵਾਂਗ ਅੰਬਿਆ ਪਿਆ ਸੀ।

-''ਹੈਂ ਬਈ! ਤੂੰ ਮਿਸਤਰੀ ਜੀ ਜੋ ਮਰਜੀ ਕਹੀ ਜਾਹ-ਆਥਣੇਂ ਤਾਂ ਰੱਬ ਵੀ ਸਾਡੇ ਕੋਲੋਂ ਪਾਸਾ ਵੱਟ ਕੇ ਲੰਘਦੈ!'' ਇੰਦਰ ਨੂੰ ਕੋਈ ਸਹੀ ਜਵਾਬ ਨਹੀਂ ਲੱਭ ਰਿਹਾ ਸੀ।

-''ਗਾਰਾ ਲਿਆਓ ਗਾਰਾ! ਗੱਲੀਂ ਬਾਤੀਂ ਅਖੇ ਮੈਂ ਵੱਡੀ-ਕਰਤੂਤੋਂ ਵੱਡੀ ਜਿਠਾਣੀ-ਕੰਮ ਕਰੋ ਕੰਮ! ਕਰੋਂਗੇ ਤਾਂ ਈ ਨਿੱਬੜੂ-ਗਾਰਾ ਤਾਂ ਖਤਮ ਹੋ ਚੱਲਿਆ-ਗਾਰਾ ਲਿਆਓ!''

-''ਜਿੰਨਾਂ ਕਹੋਂ!'' ਗਾਰੇ ਦਾ ਕੜਾਹੀਆ ਭਰ ਕੇ ਸ਼ਿੰਦਾ ਪੌੜੀ ਚੜ੍ਹ ਗਿਆ। ਅਚਾਨਕ ਉਸ ਦੀ ਨਜ਼ਰ ਆਪਣੇ ਛੋਟੇ ਭਾਈ ਸਵਰਨੇ 'ਤੇ ਪਈ। ਉਹ ਬੇਹਾਲ ਹੋਇਆ ਦੂਰੋਂ ਸਿਰਤੋੜ ਭੱਜਿਆ ਆਉਂਦਾ ਸੀ। ਉਸ ਦਾ ਮੱਥਾ ਠਣਕਿਆ।

ਪੈਰਾਂ ਹੇਠੋਂ ਜ਼ਮੀਨ ਫ਼ਿਸਕਦੀ ਜਾਪੀ। ਆਪਣਾ ਆਪ ਕੋਠੇ ਤੋਂ ਡਿੱਗਦਾ ਜਾਪਿਆ। ਆਲਾ ਦੁਆਲਾ ਹਲਦੀ ਵਾਂਗ ਪੀਲਾ ਅਤੇ ਧਰਤੀ ਘੁੰਮਦੀ ਦਿਸੀ। ਉਹ ਪੈਰਾਂ ਭਾਰ ਕੋਠੇ 'ਤੇ ਹੀ ਬੈਠ ਗਿਆ।

-''ਇੰਦਰਾ ਸਵਰਨਾ ਆਉਂਦੈ-ਘਰੇ ਸੁੱਖ ਨ੍ਹੀ!'' ਉਸ ਨੇ ਹੇਠਾਂ ਝਾਕ ਕੇ ਇੰਦਰ ਨੂੰ ਕਿਹਾ। ਉਸ ਦਾ ਮੱਥਾ ਹੋਰ ਜੋਰ ਨਾਲ ਠਣਕਿਆ ਸੀ।

ਅਚਾਨਕ ਸ਼ਿੰਦੇ ਦੇ ਮੂੰਹੋਂ ਸੁਣ ਕੇ ਇੰਦਰ ਵੀ ਸੀਤ ਹੋ ਗਿਆ। ਸ਼ਿੰਦੇ ਕੇ ਘਰੇ ਕਾਫ਼ੀ ਦੇਰ ਤੋਂ ਘਰੇਲੂ ਕਲੇਸ਼ ਚੱਲਦਾ ਆ ਰਿਹਾ ਸੀ। ਮਿਸਤਰੀ ਨੇ ਕੰਮ ਛੱਡ ਕੇ, ਭੱਜੇ ਆ ਰਹੇ ਸਵਰਨੇ ਵੱਲ ਤੱਕਣਾਂ ਸ਼ੁਰੂ ਕਰ ਦਿੱਤਾ। ਸੂਰਜ ਦੀਆਂ ਕਿਰਨਾਂ ਜਿਵੇਂ ਭੱਜੇ ਆ ਰਹੇ ਸਵਰਨੇ ਦੇ ਵਿਚ ਦੀ ਲੰਘ ਰਹੀਆਂ ਸਨ।

-''ਹੇ ਮੇਰਿਆ ਸਤਿਗੁਰਾ! ਸੁੱਖ ਸਾਂਦ ਹੀ ਰੱਖੀਂ!'' ਮਿਸਤਰੀ ਨੇ ਰੱਬ ਨੂੰ ਧਿਆਇਆ।

ਸਾਰੇ ਹੇਠਾਂ ਉੱਤਰ ਆਏ।

ਸਵਰਨਾ ਉਹਨਾਂ ਕੋਲ ਆ ਕੇ ਡਿੱਗ ਪਿਆ। ਉਸ ਦੇ ਮੂੰਹ 'ਚੋਂ ਝੱਗ ਡਿੱਗ ਰਹੀ ਸੀ। ਸਾਹ ਇੰਜਣ ਵਾਂਗ ਚੱਲ ਰਿਹਾ ਸੀ। ਉਸ ਨੇ ਆਪਣਾ ਅੱਘੜ ਦੁਘੜਾ ਪਰਨਾਂ ਹੱਥ ਵਿਚ ਹੀ ਘੁੱਟਿਆ ਹੋਇਆ ਸੀ। ਬੁੱਲ੍ਹ ਪੱਤ ਵਾਂਗ ਸੁੱਕੇ ਅਤੇ ਚਿਹਰਾ ਬੱਗਾ ਪੂਣੀਂ ਵਾਂਗ ਹੋਇਆ ਪਿਆ ਸੀ।

-"ਉਏ ਕੀ ਹੋ ਗਿਆ ਤੈਨੂੰ? ਤੂੰ ਕੋਈ ਦੁਆਈ ਦਊਈ ਤਾਂ ਨ੍ਹੀ ਪੀ ਗਿਆ?" ਸ਼ਿੰਦੇ ਨੇ ਉਸ ਨੂੰ ਸ਼ਤੀਰ ਵਾਂਗ ਹਲੂਣਿਆਂ। ਉਹ ਹਰਫ਼ਲਿਆ ਪਿਆ ਸੀ।

-"ਬਾਈ....!" ਉਸ ਨੇ ਮਸਾਂ ਹੀ ਮੂੰਹ ਪੱਟਿਆ।

-"ਹਾਂ-ਹਾਂ ਬੋਲ ਕੀ ਗੱਲ ਐ?" ਘਬਰਾਹਟ ਵਿਚ ਸ਼ਿੰਦਾ ਇੱਕ ਤਰ੍ਹਾਂ ਨਾਲ ਚੀਕਿਆ ਸੀ। ਉਸ ਦੀ ਸੱਤਿਆ ਸੂਤੀ ਗਈ ਸੀ।

-"ਬਾਈ....!" ਸਵਰਨਾਂ ਵੀ ਜਵਾਬ ਵਿਚ ਇੱਕ ਤਰ੍ਹਾਂ ਨਾਲ ਚੀਕਿਆ। ਉਸ ਦੇ ਸੁੱਕੇ ਸੰਘ ਵਿਚੋਂ ਘੱਗੀ ਜਿਹੀ ਅਵਾਜ਼ ਨਿਕਲਦੀ ਸੀ।

-"ਬੋਲ ਤਾਂ ਸਹੀ ਕੀ ਹੋ ਗਿਆ?" ਅੱਧਾ ਪਾਗਲ ਹੋਇਆ ਸ਼ਿੰਦਾ ਉਸ ਨੂੰ ਟਾਹਣ ਵਾਂਗ ਹਲੂਣੀਂ ਜਾ ਰਿਹਾ ਸੀ।

-"ਬਾਈ-ਭਾਬੀ ਮਰਗੀ...!" ਕਹਿ ਕੇ ਸਵਰਨੇ ਨੇ ਸਾਰਿਆਂ ਦੇ ਹੱਥਾਂ ਦੇ ਤੋਤੇ ਉਡਾ ਦਿੱਤੇ।

-"ਹੇ ਵਾਹਿਗੁਰੂ...!" ਮਿਸਤਰੀ ਦੇ ਮੂੰਹ 'ਚੋਂ ਅਚਾਨਕ ਨਿਕਲਿਆ। ਸਾਰੇ ਹੀ ਇਕਦਮ ਠਠੰਬਰ ਜਿਹੇ ਗਏ ਸਨ। ਕਿਸੇ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਚੌਂਧੀ ਜਿਹੀ ਲੱਗ ਗਈ ਸੀ। ਉਹ ਬੁੱਤਾਂ ਵਾਂਗ ਇੱਕ ਦੂਸਰੇ ਵੱਲ ਸੁੰਨੇ ਸੁੰਨੇ ਜਿਹੇ ਤੱਕ ਰਹੇ ਸਨ।

ਘਰ ਵਾਲਿਆਂ ਨੇ ਤਾਂ ਸਵਰਨੇਂ ਨੂੰ ਇਹ ਕਹਿ ਕੇ ਤੋਰਿਆ ਸੀ ਕਹੀਂ, "ਘਰੇ ਥੋੜੀ ਗੜਬੜ ਹੈ-ਹੋਰ ਕੋਈ ਗੱਲ ਨਹੀਂ।" ਪਰ ਨਰਮ ਉਮਰ ਦੇ ਸਵਰਨੇ ਨੂੰ ਇਹ ਸਦਮਾਂ ਅਸਹਿ ਸੀ। ਉਸ ਨੇ ਸੱਚ ਦੱਸਣਾ ਹੀ ਸਹੀ ਸਮਝਿਆ। ਝੂਠ ਬੋਲਣ ਲਈ ਉਸ ਦੀ ਜ਼ਮੀਰ ਨੇ ਇਜਾਜ਼ਤ ਹੀ ਨਹੀਂ ਦਿੱਤੀ ਸੀ। ਸ਼ਾਇਦ! ਸੱਚ ਦਿਲ ਪਾੜ ਕੇ ਬਾਹਰ ਆ ਗਿਆ ਸੀ। ਉਹ ਪਿਆ ਤੇਈਏ ਤਾਪ ਦੇ ਮਰੀਜ਼ ਵਾਂਗ ਕੰਬ ਰਿਹਾ ਸੀ, ਧਰਤੀ 'ਤੇ ਲਿਟਿਆ, ਰੋਈ ਜਾ ਰਿਹਾ ਸੀ।

-"ਇੰਦਰਾ...! ਇਹਨੂੰ ਪਾਣੀ ਪਿਆਓ...!" ਮਿਸਤਰੀ ਨੇ ਕਿਹਾ।

ਦਿਹਾੜੀਏ ਨੇ ਪਾਣੀ ਲਿਆ ਕੇ ਦਿੱਤਾ। ਸ਼ਿੰਦੇ ਨੇ ਕੰਬਦੇ ਹੱਥਾਂ ਨਾਲ ਸਵਰਨੇ ਦੇ ਮੂੰਹ ਨੂੰ ਲਾ ਦਿੱਤਾ। ਜੋ ਉਸ ਨੇ ਅੱਧਾ ਕੁ ਤਾਂ ਪੀ ਲਿਆ ਅਤੇ ਅੱਧਾ ਕੁ ਬਰਾਛਾਂ ਰਾਹੀਂ ਥੱਲੇ ਡੁੱਲ੍ਹ ਗਿਆ।

-''ਜੁਆਨਾਂ ਗੱਲ ਕੀ ਹੋਈ-ਇਹ ਤਾਂ ਦੱਸ?'' ਸਿਆਣੀ ਉਮਰ ਦੇ ਮਿਸਤਰੀ ਨੇ ਮੌਕਾ ਸਾਂਭਿਆ। ਹੰਢੇ ਮਿਸਤਰੀ ਦੀ ਅੱਧਬੱਗੀ ਦਾਹੜੀ 'ਚੋਂ ਸਿਆਣਪ ਦੀ ਭਾਅ ਮਾਰ ਰਹੀ ਸੀ। ਉਹ ਅਫ਼ਸੋਸਿਆ ਜਿਹਾ, ਸੰਜੀਦਾ ਹੋਇਆ ਖੜ੍ਹਾ ਸੀ।

-''ਕੁਇੱਕਫ਼ਾਸ ਪੀ ਗਈ-ਤੇ ਨਾਲੇ ਤਿੰਨਾਂ ਕੁੜੀਆਂ ਨੂੰ ਪਿਆਤੀ।'' ਦੱਸ ਕੇ ਸਵਰਨੇ ਨੇ ਹਾਲਾਤਾਂ ਦੀ ਹੋਰ ਜੱਖਣਾਂ ਪੱਟ ਦਿੱਤੀ।

-''ਬਖਸ਼ ਮਾਲਕਾ!'' ਮਿਸਤਰੀ ਦਾ ਅੰਦਰ ਕੰਬਿਆ।

-''ਕੁੜੀਆਂ ਵੀ ਮਰਗੀਆਂ?'' ਸ਼ਿੰਦੇ ਦੇ ਪੈਰ ਘੁਕਣ ਲੱਗ ਪਏ।

-''ਦੋ ਤਾਂ ਮਰਗੀਆਂ ਸੀ-ਇੱਕ ਅਜੇ ਜਿਉਂਦੀ ਸੀ-ਊਂ ਤਾਂ ਭਾਬੀ ਵੀ ਜਿਉਂਦੀ ਸੀ-ਪਰ ਹਾਲਤ ਬਹੁਤ ਖਰਾਬ ਸੀ-ਮੈਨੂੰ ਮੈਦ ਐ-!'' ਸਵਰਨੇ ਨੇ ਹੌਲੀ ਹੌਲੀ ਗੱਲ ਸਿਰੇ ਲਾਈ। ਅਸਲੀ ਗੱਲ ਕਹਿਣ ਲਈ ਸ਼ਾਇਦ ਉਸ ਕੋਲ ਸਾਹਸ ਨਹੀਂ ਸੀ। ਉਹ ਗੱਲ ਪੂਰੀ ਨਾ ਕਹਿ ਸਕਿਆ।

ਸ਼ਿੰਦੇ ਸਾਹਮਣੇ ਧਰਤੀ ਘੁਕ ਰਹੀ ਸੀ।

ਉਸ ਨੇ ਜਲਦੀ ਜਲਦੀ ਲਿੱਬੜੇ ਹੋਏ ਕੱਪੜੇ ਬਦਲੇ ਅਤੇ ਸਕੂਟਰ ਚੁੱਕ ਤੁਰ ਪਿਆ। ਸਵਰਨਾ ਅਤੇ ਸ਼ਿੰਦਾ ਸਕੂਟਰ 'ਤੇ ਹਵਾ ਹੋਏ ਜਾ ਰਹੇ ਸਨ।

ਮਿਸਤਰੀ ਨੂੰ ਇੰਦਰ ਨੇ ਤੋਰ ਦਿੱਤਾ ਅਤੇ ਆਪ ਕੁਲਦੀਪ ਸਿੰਘ ਬਰਾੜ ਅਤੇ ਗੁਰਮੇਲ ਸਿੰਘ ਗਿੱਲ ਨੂੰ ਲੈ ਕੇ, ਜੀਪ ਵਿਚ ਸਵਾਰ ਹੋ ਕੇ ਸ਼ਿੰਦੇ ਦੇ ਪਿੰਡ ਨੂੰ ਰਵਾਨਾ ਹੋ ਗਏ। ਗਿੱਲ ਅਤੇ ਬਰਾੜ ਇਲਾਕੇ ਦੇ ਬਾਰਸੂਖ਼ ਆਦਮੀ ਸਨ। ਯਾਰਾਂ ਦੀ ਥਾਂ ਜਾਨ ਵਾਰਨ ਵਾਲੇ ਝੰਡੇ ਹੇਠਲੇ ਬੰਦੇ ਸਨ।

ਉਹ ਸਾਰੇ ਤਕਰੀਬਨ ਇੱਕੋ ਸਮੇਂ ਹੀ ਪਿੰਡ ਪਹੁੰਚੇ। ਘਰ ਵਿਚ ਜਾ ਕੇ ਵੇਖਿਆ ਤਾਂ ਹਾਂਬੜ ਮੱਚੀ ਪਈ ਸੀ। ਤਿੰਨ ਬੱਚੀਆਂ ਮਰ ਚੁੱਕੀਆਂ ਸਨ ਅਤੇ ਸਿੰਦੇ ਦੀ ਭਾਬੀ ਕੁਲਵਿੰਦਰ ਅਜੇ ਸਹਿਕ ਰਹੀ ਸੀ। ਤਿੰਨ ਮਾਸੂਮ ਬੱਚੀਆਂ ਦੀਆਂ ਲਾਸ਼ਾਂ ਫ਼ਾਮੋਸ਼, ਬੇਸੁੱਧ, ਬੇਫ਼ਿਕਰ ਅਤੇ ਅਹਿਲ ਪਈਆਂ ਸਨ। ਤਿੰਨ ਕਲੀਆਂ ਖਿੜਨ ਤੋਂ ਪਹਿਲਾਂ ਹੀ ਸੜ ਗਈਆਂ ਸਨ। ਕਿਸੇ ਨੂੰ ਸਮਝਣ ਤੋਂ ਅਸਮਰੱਥ ਜ਼ਮਾਨੇਂ ਦੀ ਬਲੀ ਚੜ੍ਹ ਗਈਆਂ ਸਨ। ਕੀ ਲੋਹੜ੍ਹਾ ਸੀ?

ਅੱਤ ਕਹਿਰਾਂ ਭਰਿਆ ਸੀਨ ਦੇਖ ਕੇ ਸਾਰਿਆਂ ਦੇ ਕਾਲਜੇ ਜਿਵੇਂ ਜੰਗਾਲਿਆ ਕਿੱਲ ਖੁੱਭ ਗਿਆ ਸੀ। ਉਹ ਕਸੀਸ ਜਿਹੀ ਵੱਟੀ, ਘਬਰਾਏ ਖੜ੍ਹੇ ਸਨ।

-''ਘਬਰਾਉਣ ਨਾਲ ਕੁਛ ਨ੍ਹੀ ਬਣਨਾਂ-ਡਾਕਟਰ ਬੁਲਾਓ!'' ਗਿੱਲ ਨੇ ਜਿਵੇਂ ਉਡਣ ਲੱਗੇ ਸਮੇਂ ਦੇ ਖੰਭ ਫੜ ਲਏ ਸਨ। ਉਸ ਦੀਆਂ ਮੁੱਛਾਂ ਦੇ ਕੁੰਢ ਕਿਸੇ ਗਹਿਰੀ ਸੋਚ ਦਾ ਹੁੰਗਾਰਾ ਭਰ ਰਹੇ ਸਨ।

ਕੋਈ ਡਾਕਟਰ ਵੱਲ ਭੱਜ ਗਿਆ।

ਪਿੰਡ ਦਾ ਸਿੱਖਿਆ ਸਿਖਾਇਆ ਡਾਕਟਰ ਪਹੁੰਚ ਗਿਆ। ਆਉਣਸਾਰ ਉਸ ਨੇ ਮਾਸੂਮ ਬੱਚੀਆਂ ਨੂੰ ਤਾਂ ਮ੍ਰਿਤਕ ਕਰਾਰ ਦੇ ਦਿੱਤਾ ਅਤੇ ਕੁਲਵਿੰਦਰ ਕੌਰ ਬਾਰੇ ਉਸ ਨੇ ਕਿਹਾ, ''ਇਸ ਨੂੰ ਸ਼ਹਿਰ ਲੈ ਜਾਓ ਤਾਂ ਕੋਈ ਬਚਣ ਦੀ ਉਮੀਦ ਹੈ।''

-''ਡਾਕਟਰਾ, ਜੇ ਤੂੰ ਮੇਰਾ ਧਰਮ ਦਾ ਭਰਾ ਐਂ ਤਾਂ ਮੇਰੇ ਕੋਈ ਮਰਨ ਆਲਾ ਟੀਕਾ ਲਾ ਦੇ-ਮੈਂ ਵੀਰ ਮੇਰਿਆ ਜਿਉਣਾ ਨ੍ਹੀ ਚਾਹੁੰਦੀ...!'' ਸਹਿਕਦੀ ਹੋਈ ਕੁਲਵਿੰਦਰ ਨੇ ਮਸਾਂ ਹੀ ਡਾਕਟਰ ਨੂੰ ਆਖਿਆ। ਉਸ ਦਾ ਸਰੀਰ ਜਵਾਬ ਦਿੰਦਾ ਲੱਗਦਾ ਸੀ।

-''ਟੈਮ ਨਾ ਲਾਓ-ਜਲਦੀ ਕਰੋ! ਇਹਨੂੰ ਸ਼ਹਿਰ ਲੈ ਜਾਓ-ਨਹੀਂ ਤਾਂ ਗੱਲ ਵਿਤੋਂ ਬਾਹਰ ਹੋਜੂ!'' ਕਹਿ ਕੇ ਡਾਕਟਰ ਆਪਣਾ ਬੈਗ ਚੁੱਕ ਤੁਰ ਗਿਆ। ਉਥੇ ਖੜ੍ਹਨਾ ਉਸ ਲਈ ਸ਼ਾਇਦ ਅਸਹਿ ਸੀ। ਉਸ ਦੀ ਸਹਿਣਸ਼ੀਲਤਾ ਮਾਰ ਖਾ ਗਈ ਲੱਗਦੀ ਸੀ ਅਤੇ ਉਹ ਦਿਲੋਂ ਬੇਦਿਲ ਹੋ ਗਿਆ ਲੱਗਦਾ ਸੀ।

ਪਿੰਡ ਵਿਚੋਂ ਟਰੈਕਟਰ-ਟਰਾਲੀ ਲਿਆਂਦੀ ਗਈ।

ਕੁਲਵਿੰਦਰ ਨੂੰ ਵਿਚ ਲੱਦਿਆ ਅਤੇ ਤੁਰ ਗਏ।

ਟਰੈਕਟਰ ਡਰਾਈਵਰ ਆਪਣਾ ਪੂਰਾ ਤਾਣ ਲਾ ਰਿਹਾ ਸੀ। ਪਰ ਕੁਲਵਿੰਦਰ, ''ਮੈਂ ਨਹੀਂ ਬਚਣਾ ਚਾਹੁੰਦੀ-ਮੇਰੇ ਮਰਨ ਆਲਾ ਟੀਕਾ ਲੁਆ ਦਿਓ।'' ਕਹਿੰਦੀ ਕਹਿੰਦੀ ਰਾਹ ਵਿਚ ਹੀ ਸੁਆਸ ਤਿਆਗ ਗਈ। ਉਸ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਖੜ੍ਹੀਆਂ ਸਨ। ਜਿਵੇਂ ਕਿਸੇ ਨੂੰ ਦੇਖਣ ਲਈ ਤਰਸ ਰਹੀਆਂ ਹੋਣ। ਦਿਲ ਦੀ ਧੜਕਣ ਬੰਦ ਹੋ ਚੁੱਕੀ ਸੀ। ਨਬਜ਼ਾਂ ਟੁੱਟ ਚੁੱਕੀਆਂ ਸਨ ਅਤੇ ਭੌਰ ਉਡਾਰੀ ਮਾਰ ਗਿਆ ਸੀ। ਮੰਜੇ 'ਤੇ ਪਈ ਲਾਅਸ਼ ਸ਼ਾਇਦ ਅਜੇ ਹੋਰ ਖੱਜਲ ਙੁਆਰੀ ਦੀ ਉਡੀਕ ਵਿਚ ਸੀ।

-''ਟਰਾਲੀ ਮੋੜੋ ਭਾਈ-ਇਸ ਵਿਚਾਰੀ ਵਿਚ ਹੁਣ ਕੁਛ ਨ੍ਹੀ ਰਿਹਾ-ਬਾਧੂ ਡਾਕਦਾਰ ਈ ਖੁਆਰ ਕਰਨਗੇ।'' ਕੁਲਵਿੰਦਰ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਬੰਦ ਕਰਦੀ ਹੋਈ ਉਸ ਦੀ ਸੱਸ ਹਰ ਕੌਰ ਨੇ ਘੋਰ ਦੁੱਖ ਨਾਲ ਕਿਹਾ।

-''ਹੈਂ....!'' ਸਾਰਿਆਂ ਦੇ ਜਿਵੇਂ ਸਾਹ ਸੂਤੇ ਗਏ ਸਨ। ਉਹ ਇੱਕ ਦਮ ਇੱਧਰ ਨੂੰ ਝਾਕੇ ਸਨ।

ਫ਼ੈਰ! ਟਰਾਲੀ ਮੋੜ ਲਈ ਗਈ। ਕਿਉਂਕਿ ਹੁਣ ਲੀਹ ਕੁੱਟਣ ਦਾ ਕੋਈ ਫ਼ਾਇਦਾ ਨਹੀਂ ਸੀ, ਸੱਪ ਤਾਂ ਲੰਘ ਚੁੱਕਾ ਸੀ! ਭਾਵੀ ਸੀ, ਜੋ ਬੀਤ ਚੁੱਕੀ ਸੀ! ਇੱਕ ਭਾਣਾ ਸੀ, ਜੋ ਵਰਤ ਚੁੱਕਾ ਸੀ! ਕਿਸੇ ਦੇ ਵੱਸ ਨਹੀਂ ਰਹੀ ਸੀ। ਬੇਵਸੀ ਗੱਲ ਹੋ ਗਈ ਸੀ!

ਟਰਾਲੀ ਪਿੰਡ ਪਹੁੰਚ ਗਈ।

ਅੱਧਾ ਪਿੰਡ ਇਕੱਠਾ ਹੋ ਗਿਆ ਸੀ। ਲਾਅਸ਼ ਵਾਲਾ ਮੰਜਾ ਥੱਲੇ ਉਤਾਰਿਆ ਗਿਆ।

-''ਅੰਦਰ ਲੈ ਚੱਲੋ।'' ਸ਼ਿੰਦੇ ਨੇ ਆਖਿਆ।

-''ਲਾਅਸ਼ ਨੂੰ ਘਰ ਅੰਦਰ ਨਹੀਂ ਲੈ ਕੇ ਜਾਂਦੇ ਹੁੰਦੇ, ਭਾਈ!'' ਕਿਸੇ ਸਿਆਣੀ ਬੁੜ੍ਹੀ ਨੇ ਮੱਤ ਦਿੱਤੀ। ਅੱਖਾਂ ਪੂੰਝ ਕੇ ਨੱਕ ਸੁਣਕਿਆ।

-''ਇਹ ਘਰ ਨਹੀਂ ਕਬਰਸਤਾਨ ਐਂ...! ਅੰਦਰ ਲੈ ਚੱਲੋ ਜਦੋਂ ਮੈਂ ਕਿਹੈ...!'' ਸ਼ਿੰਦਾ ਕਿਸੇ ਭਿਆਨਕ ਬਿਜਲੀ ਵਾਂਗ ਕੜਕਿਆ ਸੀ।

ਬੁੜ੍ਹੀ ਦੜ ਵੱਟ ਗਈ।

ਲਾਸ਼ ਨੂੰ ਅੰਦਰ ਲੈ ਗਏ।

ਗਿੱਲ ਹੋਰਾਂ ਨੇ ਮਾਮਲਾ ਦਬਾਉਣ ਦੀ ਖਾਤਰ ਪੰਚਾਇਤ ਇਕੱਠੀ ਕਰ ਲਈ।

ਪਹਿਲੇ ਬੋਲ ਹੀ ਪੰਚਾਇਤ ਇਕੱਤਰ ਹੋ ਗਈ।

-''ਜੋ ਕੁਛ ਹੋਇਆ ਭਾਈ ਮਾੜਾ ਈ ਹੋਇਆ-ਪਰ ਹੁਣ ਸਸਕਾਰ ਕਰੋ ਤੇ ਗੱਲ 'ਤੇ ਮਿੱਟੀ ਪਾਓ।'' ਸੱਠਾਂ ਸਾਲਾਂ ਨੂੰ ਪਹੁੰਚੇ ਸੁੱਘੜ ਸਿਆਣੇ ਸਰਪੰਚ ਨੇ ਦੁੱਖ ਭਰੀ ਹਮਦਰਦੀ ਪ੍ਰਗਟਾਈ। ਮੂੰਹ 'ਤੇ ਪਈਆਂ ਝੁਰੜੀਆਂ ਇਕ ਦਮ ਸੁੰਗੜ ਜਿਹੀਆਂ ਗਈਆਂ ਸਨ। ਉਹ ਕਿਸੇ ਸੁਆਲ ਵਿਚ ਉਲਝਿਆ ਜਿਹਾ ਪਿਆ ਸੀ।

-''ਮਿੱਟੀ ਕਿਮੇਂ ਪਊ ਸਰਪੈਂਚਾ? ਇਉਂ ਘਰ ਘਰ ਹੋਣ ਲੱਗ ਪਈ ਤਾਂ ਜਹਾਨ 'ਚ ਤਾਂ ਪਰਲੋਂ ਆ ਜਾਊ।'' ਇਕ ਪਾਸੇ ਬੈਠਾ ਸ਼ਿੰਦੇ ਦੇ ਤਾਏ ਦਾ ਲੜਕਾ ਬੁੱਕਣ ਸਿੰਘ ਟੱਲ ਵਾਂਗ ਖੜਕਿਆ। ਜਿਵੇਂ ਕਿਸੇ ਗੁੱਸੇ ਨਾਲ ਉਹ ਇਕ ਦਮ ਬੁੜ੍ਹਕਿਆ ਸੀ। ਲੋਕੀ ਉਸ ਨੂੰ ਆਮ ਤੌਰ 'ਤੇ ''ਨ੍ਹੇਰੀ'' ਆਖਦੇ ਸਨ। ਉਹਨਾਂ ਦੀ ਸ਼ਿੰਦੇ ਕੇ ਘਰ ਨਾਲ ਕਾਫ਼ੀ ਚਿਰ ਤੋਂ ਖੜਕਦੀ ਆ ਰਹੀ ਸੀ। ਹੋਰ ਕੁਝ ਤਾਂ ਉਹ ਕਦੀ ਕਰ ਨਹੀਂ ਸਕਿਆ ਸੀ। ''ਕਾਮਰੇਟਾਂ'' ਨਾਲ ਪੰਗਾ ਲੈਣਾ ਉਹ ਡੂਮਣੇ ਮਖਿਆਲ ਨੂੰ ਛੇੜਨ ਬਰਾਬਰ ਸਮਝਦਾ ਸੀ।

-''ਇਹਨਾਂ ਸਾਲੇ ਬੇਡਮਾਕਿਆਂ ਦਾ ਕੀ ਐ? ਮਾਰ ਕੇ ਪਰ੍ਹਾਂ ਕਰਨਗੇ! ਜੇ ਊਂ ਜਾਨ ਬਖਸ਼ੀ ਕਰ ਦਿੱਤੀ ਤਾਂ ਲੱਤ ਬਾਂਹ ਤਾਂ ਜਰੂਰ ਘਸਾ ਕੇ ਵੱਢਣਗੇ।'' ਉਹ ਆਪਣੇ ਅੰਦਰ ਆਪ ਹੀ ਸੋਚ ਲਿਆ ਕਰਦਾ ਸੀ। ਪਰ ਅੱਜ ਉਹ ਉਸ ਦੀ ਜਾੜ੍ਹ ਹੇਠ ਮਸਾਂ ਆਏ ਸਨ। ਜਿਸ ਲਈ ਉਹ ਕੀਮਤੀ ਸਮਾਂ ਸਮਝ ਕੇ ਕੜਾਕਾ ਪਾਉਣਾ ਚਾਹੁੰਦਾ ਸੀ। ਕਿਸੇ ਕੀਮਤ ਉਪਰ ਵੀ ਉਹ ਸੁਨਿਹਰੀ ਮੌਕਾ ਹੱਥੋਂ ਗੁਆਉਣਾ ਨਹੀਂ ਚਾਹੁੰਦਾ ਸੀ।

-''ਪੰਚੈਤ ਰੱਬ ਵਰਗੀ ਹੁੰਦੀ ਐ ਭਾਈ-ਜਿਮੇਂ ਕਹਿੰਦੀ ਐ-ਮੰਨ ਲਵੋ!'' ਦੂਰੋਂ ਕਿਸੇ ਬਜ਼ੁਰਗ ਨੇ ਕਿਹਾ। ਉਸ ਦੇ ਹੱਥ ਵਿਚ ਮਾਲਾ ਸੀ। ਬੱਗੀ ਬੀਬੀ ਦਾਹੜ੍ਹੀ 'ਚੋਂ ਨੂਰ ਵਰ੍ਹ ਰਿਹਾ ਸੀ।

-''ਤੂੰ ਵਿਚੋਂ ਕੀ ਲੈਣੈ ਬਾਬਾ? ਸਾਡਾ ਘਰ ਦਾ ਮਸਲੈ-ਤੂੰ ਆਬਦਾ ਰਾਮ ਰਾਮ ਕਰ ਬਹਿ ਕੇ!'' ਨ੍ਹੇਰੀ ਜਿਵੇਂ ਬਾਬੇ ਦੇ ਗਲ 'ਤੇ ਚੜ੍ਹ ਗਿਆ ਸੀ।

-''ਜੋ ਭਾਵੈ ਕਰਤਾਰ।'' ਕਹਿੰਦਾ ਬਜ਼ੁਰਗ ਬਾਬਾ ਮਾਲਾ ਫੇਰਦਾ ਤੁਰ ਗਿਆ।

-''ਹੋਰ ਤੂੰ ਕੀ ਕਰੇਂਗਾ?'' ਇੱਕ ਬੇਵੱਸ ਜਿਹਾ ਹੋਇਆ ਪੰਚਾਇਤ ਮੈਂਬਰ ਦੀਵੇ ਦੀ ਲਾਟ ਵਾਂਗ ਭੜ੍ਹੱਕਿਆ ਸੀ।

-''ਮਿੰਬਰਾ! ਇਹ ਮਾਮਲਾ ਪੰਚੈਤ ਦੇ ਸੁਲਝਾਉਣ ਦਾ ਨਹੀਂ-ਇਹਨੂੰ ਪੁਲਸ ਹਵਾਲੇ ਕਰੋ!'' ਨ੍ਹੇਰੀ ਨੇ ਸਾਰੀ ਪੰਚਾਇਤ ਨੂੰ ਨਿਕੰਮੀ ਕਰਾਰ ਦੇ ਦਿੱਤਾ।

ਸਾਰਾ ਪਿੰਡ ਫ਼ਾਮੋਸ਼ ਸੁਣ ਰਿਹਾ ਸੀ। ਇਕ ਦਮ ਸੰਨਾਟਾ ਛਾਇਆ ਹੋਇਆ ਸੀ। ਇਕ ਦੂਜੇ ਦੇ ਸਾਹ ਵੀ ਸਾਫ਼ ਸੁਣਾਈ ਦੇ ਰਹੇ ਸਨ।

-''ਸ਼ੇਰਾ ਪੰਚੈਤ ਧੱਕੀਦੀ ਨ੍ਹੀ ਹੁੰਦੀ।'' ਇਕ ਮੈਂਬਰ ਨੇ ਨ੍ਹੇਰੀ ਨੂੰ ਮੱਤ ਦਿੱਤੀ।

-''ਪੰਚੈਤ ਕਿਹੜਾ ਤਾਇਆ ਅਸਮਾਨੋਂ ਉਤਰੀ ਐ? ਬੰਦਿਆਂ ਦੀ ਪੰਚੈਤ ਐ-ਜਿਹਨਾਂ ਨਾਲ ਨਿੱਤ ਖਾਨੇ ਪੀਨੇ ਐਂ।'' ਖਾਣ ਪੀਣ ਦੀ ਤੜ੍ਹ ਪਾ ਕੇ ਬੁੱਕਣ ਨੇ ਪੰਚਾਇਤ ਖੂੰਜੇ ਲਾ ਦਿੱਤੀ।

-''ਤੂੰ ਕਹਿਣਾ ਕੀ ਚਾਹੁੰਨੈ?'' ਵਿਹੜੇ ਵਿਚੋਂ ਬਣੇ ਮੈਂਬਰ ਨੇ ਆਪਣੀ ਜ਼ੁਬਾਨ ਖੋਲ੍ਹੀ।

-''ਬਹੁੜ੍ਹੀ ਉਏ ਜਹਾਨਾ! ਸਾਡੀ ਜੂਠ ਖਾਣ ਆਲੀ ਝੜ੍ਹੰਮ ਸਾਥੋਂ ਸੁਆਲ ਪੁੱਛਦੀ ਐ!'' ਨ੍ਹੇਰੀ ਦੇ ਜਿਵੇਂ ਸੱਤੀਂ ਕੱਪੜੀਂ ਅੱਗ ਲੱਗ ਗਈ ਸੀ।

ਸਾਰਾ ਪਿੰਡ ਬੁੱਕਣ 'ਤੇ ਹੈਰਾਨ ਸੀ। ਪਰ ਚੁੱਪ ਸੀ। ਇਸ ਮਨਹੂਸ ਸਮੇਂ 'ਤੇ ਬਲਦੀ 'ਤੇ ਤੇਲ ਪਾਉਣਾ ਸ਼ੋਭਾ ਨਹੀਂ ਦਿੰਦਾ ਸੀ।

-''ਹੱਦ ਹੋਗੀ ਯਾਰ! ਸਾਡੇ ਜਿਤਾਏ ਚੂਹੜ੍ਹੇ ਈ ਨ੍ਹੀ ਮਾਨ?'' ਨ੍ਹੇਰੀ ਨੇ ਚੁੱਪ ਤੋੜੀ।

-''ਮੂੰਹ ਬੰਦ ਕਰ ਮੁੰਡਿਆ!'' ਮੈਂਬਰਨੀਂ ਸੂਈ ਕੁੱਤੀ ਵਾਂਗ ਨ੍ਹੇਰੀ ਨੂੰ ਪਈ।

-''ਮੂੰਹ ਤਾਂ ਮੈਂ ਤਾਈ ਬੰਦ ਕਰ ਲੈਨੈ-ਪਰ ਮੈਨੂੰ ਇਹ ਵੀ ਦੱਸ ਬਈ ਪੰਚੈਤ ਹੁੰਦੀ ਕਾਹਦੇ ਆਸਤੇ ਐ? ਇਨਸਾਫ ਕਰਨ ਆਸਤੇ ਜਾਂ ਬੇਨਸਾਫੀ ਆਸਤੇ?''

-''ਕੀ ਮਤਲਬ?'' ਸਰਪੰਚ ਨੇ ਪੁੱਛਿਆ।

-''ਮਤਬਲ ਤਾਂ ਇਹ ਐ ਬਈ ਬਿਆਹ ਕਰਵਾਓ-ਜੁਆਕ ਜੰਮੋਂ-ਫਿਰ ਸਾਰਿਆਂ ਨੂੰ ਕੁਛ ਖੁਆ ਕੇ ਮਾਰ ਦਿਓ ਤੇ ਪੰਚੈਤ ਸ਼ਾਬਾਸ਼ੇ ਸ਼ਾਬਾਸ਼ੇ ਕਰੀ ਜਾਵੇ?'' ਨ੍ਹੇਰੀ ਨੇ ਫ਼ਜ਼ੂਲ ਮਗਜ਼ਮਾਰੀ ਸ਼ੁਰੂ ਕਰ ਦਿੱਤੀ।

-''ਤੂੰ ਸ਼ੇਰਾ ਕਹਿਣਾ ਕੀ ਚਾਹੁੰਨੈਂ?'' ਇਕ ਮੈਂਬਰ ਨੇ ਅਖ਼ੀਰ ਫ਼ੈਸਲਾ ਲੈਣਾ ਚਾਹਿਆ। ਟਾਂਡਿਆਂ ਜਾਂ ਭਾਂਡਿਆਂ ਵਾਲੀ ਵਿਚ ਉਹ ਪੈਣਾ ਨਹੀਂ ਚਾਹੁੰਦਾ ਸੀ।

-''ਗੱਲ ਮਿੰਬਰ ਸਾਹਬ ਸਾਫ ਐ-ਬਈ ਕਰਮੇਂ ਨੇ ਭਾਬੀ ਨੂੰ ਤੇ ਸਾਡੀਆਂ ਭਤੀਜੀਆਂ ਨੂੰ ਕੁਛ ਦਿੱਤੈ-ਉਸੇ ਨੇ ਮਾਰੀਐਂ।'' ਨ੍ਹੇਰੀ ਨੇ ਭੌਣ ਤੋਂ ਲਾਹ ਦਿੱਤੀ।

-''ਉਹ ਤਾਂ ਲੁੱਦੇਆਣੇ ਰਹਿੰਦੈ!'' ਸਰਪੰਚ ਨੇ ਫੱਟ ਗੱਲ ਮੋੜੀ।

-''ਲੁੱਦੇਆਣਾ ਕਿਹੜਾ ਮਰੀਕਾ ਐ ਸਰਪੈਂਚਾ? ਕਤਲ ਕਰਨ ਆਸਤੇ ਤਾਂ ਲੋਕ ਫੌਜਾਂ 'ਚੋਂ ਭੱਜ ਕੇ ਆ ਕੇ ਬੰਦੇ ਮਾਰ ਜਾਂਦੇ ਐ।'' ਨ੍ਹੇਰੀ ਨੇ ਸਰਪੰਚ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ। ਗੱਲ ਰੜਕਾਈ। ਕਿਉਂਕਿ ਸਰਪੰਚ ਦੇ ਮਾਮੇਂ ਦੇ ਪੁੱਤ ਨੇ ਫ਼ੌਜ ਵਿਚੋਂ ਭੱਜ ਕੇ ਕਤਲ ਕਰ ਦਿੱਤਾ ਸੀ, ਆਪਣੇ ਪਿਉ ਦਾ ਬਦਲਾ ਠੋਕ ਕੇ ਲਿਆ ਸੀ ਅਤੇ ਹਾਜ਼ਰੀ ਵੀ ਸਮੇਂ ਸਿਰ ਜਾ ਦਿੱਤੀ ਸੀ। ਜਿਸ ਕਰਕੇ ਉਹ ਕੇਸ ਦਰਜ਼ ਹੋਣ ਦੇ ਬਾਵਜੂਦ ਵੀ ਬਰੀ ਹੋ ਗਿਆ ਸੀ। ਤਾਜ਼ੀਰਾਤੇ ਹਿੰਦ ਦੇ ਤਹਿਤ, ਦਫ਼ਾ 302 ਦੇ ਅਧੀਨ ਲਿਖੀ ਐਫ਼. ਆਈ. ਆਰ. (ਫ਼ਾਸਟ ਇੰਨਫ਼ਾਰਮੇਸ਼ਨ ਰਿਪੋਰਟ) ਪੁਲੀਸ ਦੇ ਥੱਪੜ ਮਾਰ ਗਈ ਸੀ। ਮਿਹਰਬਾਨ ਜੱਜ ਪੁਲੀਸ ਦੇ ਖ਼ਿਲਾਫ਼ ਕਾਫ਼ੀ ਪਿੱਟਿਆ ਸੀ। ਉਸ ਨੇ ਆਪਣੇ ਅੱਧਗੰਜੇ ਸਿਰ ਦੇ ਵਾਲ ਆਪ ਹੀ ਪੱਟੇ ਸਨ।

ਪੰਚਾਇਤ ਸਮੇਤ ਸਾਰਾ ਪਿੰਡ ਹੀ ਸ਼ਾਂਤ ਸੀ। ਪਰ ਬੁੱਕਣ ਸਿੰਘ ਨ੍ਹੇਰੀ ਆਪਣੀ ਹੁੰਦੀ ਜਿੱਤ 'ਤੇ ਪੂਰਾ ਬਾਗੋਬਾਗ ਸੀ।

-''ਪਿੰਡਾ ਹੁਣ ਕੀ ਹੋਣਾ ਚਾਹੀਦੈ?'' ਸਰਪੰਚ ਨੇ ਸਾਰੇ ਪਿੰਡ ਵੱਲ ਬੇਥਵ੍ਹੀ ਗੱਲ ਸੁੱਟੀ।

-''ਕਰਨ ਦਿਓ ਜਿਮੇਂ ਕਰਦੇ ਐ-ਘਰ ਦਾ ਘਰ ਐ-ਡਹਿ ਕੇ ਮਰਦੇ ਐ ਤਾਂ ਮਰਨ ਦਿਓ!'' ਕਿਸੇ ਨੇ ਕਿਹਾ। ਨ੍ਹੇਰੀ ਨੂੰ ਪਤਾ ਨਹੀਂ ਲੱਗ ਸਕਿਆ ਸੀ ਕਿ ਇਤਨੇ ਇਕੱਠ ਵਿਚ ਇਹ ਕੌਣ ਆਖ ਗਿਆ ਸੀ? ਨਹੀਂ ਤਾਂ ਖਾਧੀ ਭੁੱਕੀ ਉਸ ਨੂੰ ਪੂਰਾ ਵਕੀਲ ਬਣਾਈ ਬੈਠੀ ਸੀ।

-''ਲੈ ਪਿੰਡਾ! ਗੱਲ ਸਾਡੇ ਵਿਤੋਂ ਬਾਹਰ ਐ-ਹੁਣ ਨ੍ਹੇਰੀ ਹੀ ਕਰੇ ਜੋ ਕਰਦੈ!'' ਮਾਯੂਸ ਸਰਪੰਚ ਨੇ ਪਿੰਡ ਨੂੰ ਸੰਬੋਧਨ ਕੀਤਾ। ਨੇਕੀ ਬਦੀ ਤੋਂ ਪ੍ਰਤੱਖ ਹਾਰ ਖਾ ਗਈ ਸੀ। ਵੀਹਾਂ ਸਾਲਾਂ ਤੋਂ ਸਰਬ ਸੰਮਤੀ ਨਾਲ ਬਣਦੇ ਹੋਏ ਸਰਪੰਚ ਨੇ ਹੱਥ ਖੜ੍ਹੇ ਕਰ ਦਿੱਤੇ।

ਨ੍ਹੇਰੀ ਚਾਂਭੜਾਂ ਮਾਰਦਾ ਅਲੋਪ ਹੋ ਗਿਆ।

ਬਰਾੜ ਨੇ ਕੌੜ ਬੋਤੇ ਵਾਂਗ ਦੰਦ ਪੀਹੇ। ਦੰਦਾਂ 'ਚੋਂ ਇੰਜ ਅਵਾਜ਼ ਆਈ ਸੀ, ਜਿਵੇਂ ਮਿਸਤਰੀ ਦਾਤੀ ਦੇ ਦੰਦੇ ਕੱਢਦੈ! ਬਿਗਾਨੇ ਪਿੰਡ ਵਿਚ ਉਸ ਦੀ ਕੋਈ ਪੇਸ਼ ਨਹੀਂ ਗਈ ਸੀ।

-''ਇਹਦੇ ਆਲਾ ਕੰਮ ਕਰੋ-ਬਾਕੀ ਫੇਰ ਦੇਖਾਂਗੇ।'' ਗਿੱਲ ਨੇ ਹਲਕੇ ਸਾਹਣ ਵਾਂਗ ਮੂੰਹ 'ਚੋਂ ਝੱਗ ਸੁੱਟੀ। ਕੋਹੜ ਕਿਰਲੇ ਜਿੱਡੀ ਮੁੱਛ ਦੇ ਕੁੰਢ ਨੂੰ ਉਸ ਨੇ ਰੱਸੀ ਵਾਂਗ ਵੱਟ ਚਾਹੜ੍ਹਿਆ ਸੀ, ''ਇਹਨੂੰ ਚੱਕੋ ਸਿੰਗਾਂ 'ਤੇ ਮੇਰੇ ਸਾਲੇ ਨੂੰ...!''

-''ਹੈਂ ਬਈ! ਕੰਮ ਕੱਢੇ ਬਿਨਾਂ ਸਰਨਾ ਨ੍ਹੀ-ਇਹ ਕੋਈ ਹੋਰ ਪੰਗਾ ਖੜ੍ਹਾ ਕਰੂ।'' ਇੰਦਰ ਨੇ ਕਿਹਾ। ਲੰਡੀ ਜਿਹੀ ਮੁੱਛ ਉਸ ਨੇ ਵੱਟ ਦੇ ਦੇ ਕੇ ਭੋਰ ਲਈ ਸੀ।

ਬਰਾੜ, ਗਿੱਲ ਅਤੇ ਇੰਦਰ ਦੀ ਸਲਾਹ ਖਤਮ ਹੋਣ ਤੋਂ ਪਹਿਲਾਂ ਹੀ ਬੁੱਕਣ ਸਿੰਘ ਨ੍ਹੇਰੀ ਫ਼ਰੀਦਕੋਟ ਸਦਰ ਠਾਣੇ ਪਹੁੰਚ ਗਿਆ।

ਦਰਵਾਜੇ ਦੀ ਛਾਂ ਥੱਲੇ ਪਹਿਰਾ ਦੇ ਰਿਹਾ ਸੰਤਰੀ ਫਿਰ ਵੀ ਮੁੜ੍ਹਕੋ ਮੁੜ੍ਹਕੀ ਹੋਇਆ ਪਿਆ ਸੀ। ਬੰਦੂਕ ਪਿੱਛੇ ਕਰੀ ਉਹ ਅੜਬ ਕੁੱਕੜ ਵਾਂਗ ਟੱਪ ਟੱਪ ਪੈਰ ਮਾਰ ਰਿਹਾ ਸੀ। ਪਿੱਠ ਪਿੱਛੋਂ ਵਰਦੀ ਪਸੀਨੇ ਨਾਲ ਤਰਬਤਰ ਸੀ। ਪਰ ਅੱਗਿਓਂ ਉਸ ਨੇ ਢਿੱਡ ਤੱਕ ਬਟਨ ਖੋਲ੍ਹ ਰੱਖੇ ਸਨ। ਉਸ ਦੇ ਲੰਮੇ ਮੂੰਹ ਵਾਲੇ ਸਿਰ 'ਤੇ ਕੁੱਲੇ ਵਾਲੀ ਪੱਗ ਚਿਪੀ ਜਿਹੀ ਪਈ ਸੀ।

-''ਕਿੱਧਰ ਨੂੰ ਧੁੱਸ ਦੇਈ ਜਾਨੈਂ ਉਏ-ਇਹ ਗੁਰਦੁਆਰੈ...?'' ਮੁੰਨਿਆਂ ਮੂੰਹ ਬੋਕ ਵਾਂਗ ਖੋਲ੍ਹ ਕੇ ਸੰਤਰੀ ਬੁੱਕਣ ਨੂੰ ਪਿਆ।

ਅਸਲ ਵਿਚ ਸੋਚਾਂ ਵਿਚ ਡੁੱਬੇ ਬੁੱਕਣ ਨੂੰ ਪਤਾ ਹੀ ਨਹੀਂ ਲੱਗਿਆ ਸੀ ਕਿ ਉਹ ਠਾਣੇ ਅੰਦਰ ਦਾਖਲ ਹੋ ਗਿਆ ਸੀ।

-''ਸੰਤਰੀ ਜੀ ਸਾਸਰੀਕਾਲ!'' ਨ੍ਹੇਰੀ ਨੇ ਹੱਥ ਜੋੜ ਕੇ ਕਿਹਾ।

-''ਮੈਂ ਸਿੱਖ ਨਹੀਂ ਹਿੰਦੂ ਆਂ-ਨਮਸਤੇ ਆਖ!'' ਪੰਜਾਬ ਦੇ ਬਦਲੇ ਹਾਲਾਤਾਂ ਨਾਲ ਸੰਤਰੀ ਵੀ ਬਦਲ ਗਿਆ ਲੱਗਦਾ ਸੀ। ਉਹ ਇੱਕ ਸਿੱਖ ਤੋਂ ''ਨਮਸਤੇ'' ਅਖਵਾ ਕੇ ਹੇਠੀ ਕਰਨੀ ਚਾਹੁੰਦਾ ਸੀ। ਉਸ ਨੇ ਇਕ ਤਰ੍ਹਾਂ ਨਾਲ ਹੁਕਮੀਆ ਕਿਹਾ ਸੀ।

-''ਨਮਸਤੇ ਮਾਲਕੋ! ਤੁਸੀਂ ਭਾਵੇਂ ਬਾਪੂ ਕਹਾ ਲਵੋ! ਥੋਡਾ ਪੰਜਾਬ 'ਤੇ ਰਾਜ ਐ-ਜੋ ਮਰਜੀ ਐ ਕਰੋਂ!'' ਨ੍ਹੇਰੀ ਪੂਰਾ ਬੇਸ਼ਰਮ ਬੰਦਾ ਸੀ। ਇੱਕ ਮਤਲਬ-ਪ੍ਰਸਤ, ਮਤਲਬੀ ਲਈ ਸਿੱਖੀ ਕੋਈ ਮਾਹਨਾ ਨਹੀਂ ਰੱਖਦੀ ਸੀ। ਸਿੱਖੀ ਦੀ ਮਹੱਤਤਾ ਤਾਂ ਇੱਕ ਸਿੱਖ ਹੀ ਜਾਣ ਸਕਦਾ ਸੀ। ਨ੍ਹੇਰੀ ਤਾਂ ਕੁੱਤੇ ਵਾਂਗ ਪੂਛ ਹਿਲਾ ਰਿਹਾ ਸੀ।

-''ਮਾਲਕੋ ਚਾਰ ਕਤਲ ਹੋ ਗਏ!'' ਨ੍ਹੇਰੀ ਨੇ ਆਪਣੇ ਵੱਲੋਂ ਪੂਰਾ ਤਾਣ ਲਾ ਕੇ ਦੱਸਿਆ ਸੀ। ਡੱਬੀਆਂ ਵਾਲਾ ਪਰਨਾ ਉਸ ਨੇ ਦੁਬਾਰੇ ਖੋਲ੍ਹ ਕੇ ਬੰਨ੍ਹਿਆਂ ਸੀ।

-''ਕਤਲ ਤਾਂ ਹੁੰਦੇ ਈ ਰਹਿੰਦੇ ਐ!'' ਸੰਤਰੀ ਨੇ ਬੜੇ ਅਰਾਮ ਨਾਲ ਆਖਿਆ ਸੀ, ''ਰਾਤ ਅੱਤਵਾਦੀਆਂ ਨੇ ਬਾਰਾਂ ਭਈਏ ਮਾਰ ਦਿੱਤੇ ਤੇ ਉਸ ਤੋਂ ਬਾਅਦ ਇੱਕ ਠਾਣੇ ਨੂੰ ਪੈ ਨਿਕਲੇ-ਛੋਕਰੀ ਯਹਾਵੇ ਤਿੰਨ ਬੰਦੇ ਉਥੇ ਸਾਡੇ ਮਾਰਗੇ!'' ਉਸ ਨੇ ਬੜੇ ਅਰਾਮ ਨਾਲ ਦੱਸਿਆ।

-''ਹਲਾ...!'' ਨ੍ਹੇਰੀ ਹੈਰਾਨ ਸੀ।

-''ਜਦੋਂ ਲੋਟ ਲੱਗਦੈ ਉਹ ਸਾਡੇ ਮਾਰ ਜਾਂਦੇ ਐ-ਜਦੋਂ ਸਾਡੇ ਕੋਈ ਧੱਕੇ ਚੜ੍ਹਦੈ-ਅਸੀਂ ਗਾਂਹਾਂ ਕਰ ਦਿੰਨੇ ਐਂ!'' ਸੰਤਰੀ ''ਉਹਨਾਂ'' ਅਤੇ ''ਆਪਣੇ'' ਬੰਦਿਆਂ ਵਿਚ ਫ਼ਰਕ ਸਮਝਦਾ ਸੀ। ਸ਼ਾਇਦ ਉਸ ਨੂੰ ਇਹ ਨਹੀਂ ਪਤਾ ਸੀ ਕਿ ਮਰਦੀ ਤਾਂ ਅਕਸਰ ''ਮਾਨੁੱਖਤਾ'' ਹੀ ਸੀ।

-''ਪਰ ਮੋਤੀਆਂ ਆਲੀ ਸਰਕਾਰ ਇਹ ਕੋਈ ਅੱਤਬਾਦੀਆਂ ਦਾ ਕੇਸ ਨਹੀਂ!'' ਨ੍ਹੇਰੀ ਨੇ ਬੜ੍ਹੇ ਠਰੰਮੇਂ ਨਾਲ ਆਖਿਆ। ਉਹ ਅੱਖਾਂ ਮੀਟ ਮੀਟ ਕੇ ਖੋਲ੍ਹ ਰਿਹਾ ਸੀ।

-''ਹੋਰ ਕਾਹਦੈ?'' ਸੰਤਰੀ ਨੇ ਸੁਭਾਇਕੀ ਜਾਣਕਾਰੀ ਲੈਣੀ ਜਾਇਜ਼ ਸਮਝੀ।

-''ਮੇਰੇ ਚਾਚੇ ਦੇ ਪੁੱਤ ਨੇ ਆਬਦੀ ਘਰਾਂਆਲੀ ਤੇ ਤਿੰਨ ਕੁੜੀਆਂ ਨੂੰ ਕੁਛ ਦੇ ਕੇ ਮਾਰਤਾ!'' ਨ੍ਹੇਰੀ ਨੇ ਨੇੜੇ ਹੋ ਕੇ ਸੰਤਰੀ ਦੇ ਕੰਨ ਵਿਚ ਆਖਿਆ।

ਬੁੱਕਣ ਦੀ ਗੱਲ 'ਤੇ ਸੰਤਰੀ ਨੇ ਧਿਆਨ ਨਾਲ ਉਸ ਵੱਲ ਦੇਖਿਆ।

-''ਤਾਂ ਤੂੰ ਚਾਚੇ ਦੇ ਮੁੰਡੇ 'ਤੇ ਰਪਟ ਲਿਖਾਉਣ ਆਇਐਂ?''

-''ਹਾਂ ਜੀ...!''

-''ਤੇਰੀ ਉਹਦੇ ਨਾਲ ਕੋਈ ਲਾਗ ਡਾਟ ਐ?'' ਚਾਰ ਸਾਲਾਂ ਤੋਂ ਪੁਲੀਸ ਵਿਚ ਕੰਮ ਕਰਦੇ ਆ ਰਹੇ ਸੰਤਰੀ ਨੇ ਉਸ ਦਾ ਅੰਦਰ ਟੋਹਿਆ।

-''ਲਾਗ ਡਾਟ ਜੀ ਵੀ ਮਾੜੀ ਜਿਹੀ ਹੈਗੀ ਐ ਜੀ-ਪਰ ਕੰਨਿਆਂ ਦੇ ਕਤਲ? ਬਾਖਰੂ ਬਾਖਰੂ-ਧਰਤੀ ਕੰਬ ਜਾਂਦੀ ਐ ਸਰਕਾਰ ਜੀ-ਮੈਂ ਤਾਂ ਕਿਹੜੇ ਬਾਗ ਦੀ ਮੂਲੀ ਐਂ?'' ਨ੍ਹੇਰੀ ਆਪਣੀਆਂ ਗੱਲਾਂ ਦਾ ਸੰਤਰੀ ਉਤੇ ਚਲਦਾ ਜਾਦੂ ਸਪੱਸ਼ਟ ਤੱਕ ਰਿਹਾ ਸੀ। ਉਸ ਨੇ ਆਪਣੇ ਆਪ ਨੂੰ ਥਾਪੀ ਦਿੱਤੀ।

-''ਫ਼ੈਰ ਛੱਡ! ਅਸਲ ਗੱਲ ਕਰ!'' ਸੰਤਰੀ ਬੋਲਿਆ।

-''ਹੁਕਮ ਗੌਰਮਿਲਟ ਜੀ?'' ਨ੍ਹੇਰੀ ਨੇ ਦੋਨੋਂ ਹੱਥ ਬੰਨ੍ਹ ਦਿੱਤੇ।

-''ਮੇਰੇ ਮੂਹਰੇ ਹੱਥ ਬੰਨ੍ਹੀ ਜਾਨੈਂ-ਮੈਂ ਹਨੂਮਾਨ ਦੇਵਤੈਂ...?'' ਸੰਤਰੀ ਨੇ ਉਸ ਨੂੰ ਧੱਫ਼ਾ ਜਿਹਾ ਮਾਰਿਆ। ਸੰਤਰੀ ਨੂੰ ਪ੍ਰਤੀਤ ਹੋਇਆ ਕਿ ਜਿਵੇਂ ਉਸ ਨੇ ਨ੍ਹੇਰੀ ਦੇ ਨਹੀਂ, ਕਿਸੇ ਪਠੋਰੇ ਦੇ ਮਾਰਿਆ ਹੋਵੇ!

-''ਬੋਲ ਕੇ ਦੱਸੋ ਸਰਕਾਰ!''

-''ਸਾਡੀ ਫੀਸ...?''

-''ਆਹ ਲਓ ਜਨਾਬ-ਮੈਂ ਤੁਹਾਥੋਂ ਨਾਬਰ ਆਂ...?'' ਨ੍ਹੇਰੀ ਨੇ ਇਕ ਦਸਾਂ ਦਾ ਨੋਟ ਸੰਤਰੀ ਨੂੰ ਦਿੰਦੇ ਆਖਿਆ।

-''ਇਹਦਾ ਤਾਂ ਅਧੀਆ ਵੀ ਨ੍ਹੀ ਆਉਣਾ-ਇਕ ਮਾਂਚੋ ਠੇਕੇ ਆਲੇ ਫੇਰੇ ਦੇਈ ਜਾਂਦੇ ਐ-ਨਿੱਤ ਮਹਿੰਗੀ-ਨਿੱਤ ਮਹਿੰਗੀ-ਦੱਸ ਮਹਾਤੜ ਕੀ ਕਰਨ?'' ਸੰਤਰੀ ਨ੍ਹੇਰੀ ਅੱਗੇ ਪੁਲਸ ਵਾਲਾ ਨਹੀਂ, ਮੰਗਤਾ ਬਣਿਆਂ ਖੜ੍ਹਾ ਸੀ।

-''ਆਹ ਲਓ ਮਾਲਕੋ-ਹੁਣ ਨਾ ਆਖਿਓ-ਅੰਦਰ ਜਾ ਕੇ ਵੀ ਤੜਕਾ ਲਾਉਣੈ।'' ਨ੍ਹੇਰੀ ਨੇ ਇਕ ਦਸ ਦਾ ਨੋਟ ਸੰਤਰੀ ਨੂੰ ਹੋਰ ਦਿੰਦਿਆਂ ਕਿਹਾ।

-''ਅੰਦਰ ਤਾਂ ਦੇਸੀ ਘਿਉ ਦਾ ਈ ਤੜਕਾ ਲੱਗੂ-ਸਾਡਾ ਤਾਂ ਦਸੌਂਗੀ ਨਾਲ ਈ ਸਰ ਗਿਆ।'' ਦਸਾਂ ਦਸਾਂ ਦੇ ਦੋ ਨੋਟ ਜੇਬ ਵਿਚ ਪਾਉਂਦਾ ਸੰਤਰੀ ਬੋਲਿਆ। ਉਸ ਨੇ ਆਪਣੀ ਬੁਨੈਣ ਦੇ ਅੰਦਰ ਜੇਬ ਲੁਆਈ ਹੋਈ ਸੀ। ਸੰਤਰੀ ਪੂਰਾ ਘਤਿੱਤੀ ਸੀ। ਇਕ ਵਾਰ ਸਪੈਸ਼ਲ ਸਟਾਫ਼ ਵੱਲੋਂ ਤਲਾਸ਼ੀ ਹੋਣ 'ਤੇ ਉਸ ਦਾ ਇਕ ਮਿੱਤਰ ਸਸਪੈਂਡ ਕਰ ਦਿੱਤਾ ਗਿਆ ਸੀ। ਸੰਤਰੀ ਉਦੋਂ ਤੋਂ ਹੀ ਹੁਸ਼ਿਆਰ ਰਹਿੰਦਾ ਸੀ।

ਬੁੱਕਣ ਸਿੰਘ ਨ੍ਹੇਰੀ ਹਨੇਰੀ ਵਾਂਗ ਹੀ ਅੰਦਰ ਚਲਾ ਗਿਆ।

ਮੁਣਸ਼ੀ ਕੁਝ ਲਿਸਟਾਂ ਜਿਹੀਆਂ ਤਿਆਰ ਕਰ ਰਿਹਾ ਸੀ। ਪੱਗ ਲਾਹ ਕੇ ਉਸ ਨੇ ਸਾਹਮਣੇ ਮੇਜ਼ 'ਤੇ ਰੱਖੀ ਹੋਈ ਸੀ। ਪੀਚ੍ਹੀ ਜਿਹੀ ਗੰਢ ਵਾਲੀ ਜੂੜੀ ਵਾਲੇ ਸਿਰ 'ਤੇ ਲਾਲ ਫ਼ਿਫ਼ਟੀ ਜੀਭਾਂ ਮਾਰਦੀ ਨਜ਼ਰ ਆਉਂਦੀ ਸੀ। ਉਸ ਦੀਆਂ ਘੁੱਟੀਆਂ ਜਿਹੀਆਂ ਨਾਸਾਂ 'ਚੋਂ ਸਾਹ ਅੜ ਅੜ ਕੇ ਬਾਹਰ ਆ ਰਿਹਾ ਸੀ। ਰੱਸੀ ਨਾਲ ਬੰਨ੍ਹੀ ਦਾਹੜ੍ਹੀ ਕਰਕੇ ਉਸ ਦਾ ਮੂੰਹ ਸੁੱਜਿਆ ਜਿਹਾ ਨਜ਼ਰ ਆਉਂਦਾ ਸੀ।

-''ਸਾਸਰੀਕਾਲ-ਸਰਦਾਰ ਸਾਹਬ!'' ਉਸ ਨੇ ਵੱਡੀ ਸਾਰੀ ''ਸਾਸਰੀਕਾਲ'' ਕਿਹਾ।

-''........।'' ਲਿਖਣਾ ਵਿਚੇ ਹੀ ਛੱਡ ਕੇ ਮੁਣਸ਼ੀ ਨੇ ਕਹਿਰ ਭਰੀਆਂ ਅੱਖਾਂ ਨਾਲ ਨ੍ਹੇਰੀ ਵੱਲ ਤੱਕਿਆ। ਕੁਝ ਪੁੱਛਣ ਤੋਂ ਪਹਿਲਾਂ ਹੀ ਉਹ ਬੁੱਕਣ ਦਾ ਅੰਦਰ ਫਰੋਲ ਲੈਣਾ ਚਾਹੁੰਦਾ ਸੀ। ਫ਼ਾਈਲ ਉਪਰ ਪੈੱਨ ਸੁੱਟ ਕੇ ਉਹ ਕੁਰਸੀ ਉਪਰ ਖਿਲਰ ਕੇ ਜਿਹੇ ਬੈਠ ਗਿਆ।

-''ਬੋਲ?'' ਲੰਬਾ ਸਾਹ ਲੈ ਕੇ ਉਸ ਨੇ ਉਂਗਲ ਨਾਲ ਰੱਸੀ ਢਿੱਲੀ ਕਰਨ ਦਾ ਯਤਨ ਕੀਤਾ।

ਬੁੱਕਣ ਸਿੰਘ ਉਰਫ਼ "ਨ੍ਹੇਰੀ" ਨੇ ਸਾਰੀ ਕਹਾਣੀ ਕਹਿ ਸੁਣਾਈ।

ਮੁਣਸ਼ੀ ਨੇ ਬੜੇ ਅਰਾਮ ਨਾਲ ਸੁਣੀ ਸੀ।

ਮਨਘੜਤ ਕਹਾਣੀ ਨ੍ਹੇਰੀ ਨੇ ਬੜੇ ਅਰਾਮ ਨਾਲ ਮੁਣਸ਼ੀ ਦੇ ਦਿਮਾਗ ਵਿਚ ਫਿੱਟ ਕਰ ਦਿੱਤੀ। ਕੇਸ ਦਾ ਉਲਝਾਅ ਦੇਖ ਕੇ ਮੁਣਸ਼ੀ ਨੇ ਠਾਣੇਦਾਰ ਨੂੰ ਬੁਲਾਇਆ।

ਠਾਣੇਦਾਰ ਹਾਜ਼ਰ ਸੀ।

-"ਮਾਲਕੋ 'ਨਸਾਫ ਕਰ ਦਿਓ-ਕੰਨਿਆਂ ਦੀਆਂ ਲਾਅਸ਼ਾਂ ਦੇਖ ਕੇ ਮੇਰਾ ਤਾਂ ਸਰੀਰ ਜਿਲੂੰ ਜਿਲੂੰ ਕਰੀ ਜਾਂਦੈ-ਥੋਡੇ ਤੇ ਮੇਰੇ ਸੰਨ੍ਹ ਰੱਬ ਐ!" ਨ੍ਹੇਰੀ ਨੇ ਰੋਣਹਾਕਾ ਮੂੰਹ ਬਣਾ ਕੇ ਕਿਹਾ। ਸੌ ਸੌ ਦੇ ਚਾਰ ਨੋਟ ਉਸ ਨੇ ਤਾਸ਼ ਦੀ ਸਰ ਵਾਂਗ ਮੇਜ਼ 'ਤੇ ਟਿਕਾਅ ਦਿੱਤੇ।

-"ਮੇਰੇ ਸਹੁਰੇ ਜੱਟਾਂ ਨੂੰ ਲਕਸ਼ਮੀ ਵੀ ਨਹੀਂ ਸਾਂਭਣੀ ਆਉਂਦੀ।" ਮੁਣਸ਼ੀ ਨੇ ਨੋਟਾਂ ਵੱਲ ਤੱਕਦਿਆਂ ਕਿਹਾ। ਫਿਰ ਉਸ ਨੇ ਦਰਾਜ਼ ਵਿਚ ਰੱਖ ਕੇ ਦਰਾਜ਼ ਬੰਦ ਕਰ ਦਿੱਤਾ। ਬੰਦ ਹੋਣ ਵੇਲੇ ਲੱਕੜ ਦੇ ਦਰਾਜ਼ ਨੇ "ਚੀਕੂੰ-ਚੀਕੂੰ" ਜਿਹਾ ਕੀਤਾ। ਜਿਵੇਂ ਮੁਣਸ਼ੀ ਨੂੰ ਗਾਲ੍ਹਾਂ ਕੱਢ ਰਿਹਾ ਹੋਵੇ।

-"ਪੈਸ਼ਲ ਛਟਾਪ ਭੇਜੋਗੇ ਸਰਕਾਰ?" ਨ੍ਹੇਰੀ 'ਸ਼ਪੈਸ਼ਲ ਸਟਾਫ਼' ਨੂੰ ਬਹੁਤ ਵੱਡਾ ਮੰਨਦਾ ਸੀ।

-"ਮੁੱਖ ਮੰਤਰੀ ਨਾ ਭੇਜ ਦੇਈਏ?" ਮੁਣਸ਼ੀ ਬੋਲਿਆ। ਨ੍ਹੇਰੀ ਬਾਹਰ ਨਿਕਲ ਆਇਆ।

---------------ਕਾਂਡ ਦੂਜਾ-----------

ਤਿੱਖੜ ਦੁਪਿਹਰ ਪੁਲਸ ਦਾ ਭਰਿਆ ਟਰੱਕ ਪਿੰਡ ਵਿਚ ਪਹੁੰਚ ਗਿਆ।

ਸਿਪਾਹੀ ਅਰਾਮ ਨਾਲ ਨਹੀਂ, ਸਗੋਂ ਛਾਲਾਂ ਮਾਰ ਕੇ ਟਰੱਕ ਵਿਚੋਂ ਉਤਰੇ ਸਨ। ਲਾਲ ਪੱਗਾਂ ਵਾਲਿਆਂ ਦਾ ਜਿਵੇਂ ਪਿੰਡ ਵਿਚ ਹੜ੍ਹ ਆ ਗਿਆ ਸੀ। ਚੁੱਪ ਚਾਪ ਘੂਰਦੀਆਂ ਅੱਖਾਂ ਨਾਲ ਸਿਪਾਹੀ ਮੁੱਛਾਂ ਨੂੰ ਤਾਅ ਦੇ ਰਹੇ ਸਨ। ਜਿਵੇਂ ਉਹ ਕਿਸੇ ਕਤਲ ਕੇਸ 'ਤੇ ਨਹੀਂ, ਜੰਞ ਆਏ ਸਨ।

ਪੁਲੀਸ ਨੇ ਪਿੰਡ ਦੇ ਕਿਸੇ ਬੰਦੇ ਨੂੰ ਭੇਜ ਕੇ ਚੌਕੀਦਾਰ ਨੂੰ ਬੁਲਾਇਆ।

ਚੌਕੀਦਾਰ ਹਾਜ਼ਰ ਹੋ ਗਿਆ।

ਦੋ ਸਿਪਾਹੀ ਅਤੇ ਚੌਕੀਦਾਰ ਸਰਪੰਚ ਵੱਲ ਨੂੰ ਘੱਲ ਦਿੱਤੇ ਗਏ।

ਸਾਰੀ ਪੁਲੀਸ ਧਰਮਸਾਲਾ ਵਿਚ ਬੈਠ ਗਈ।

ਨੰਬਰਦਾਰ ਦੇ ਘਰੋਂ ਦੋ ਬਾਲਟੀਆਂ ਦੁੱਧ ਦੀਆਂ ਪਹੁੰਚ ਗਈਆਂ। ਸਾਰੀ ਪੁਲਸ ਦੁੱਧ ਵੱਲ ਨੂੰ ਹੋ ਗਈ। ਗਰਮ ਗਰਮ ਦੁੱਧ ਦੇ ਲਗਾਤਾਰ ਦੋ ਗਿਲਾਸ ਪੀਣ ਕਾਰਨ ਠਾਣੇਦਾਰ ਦੀ ਪੱਗ ਦੇ ਲੜ ਪਸੀਨੇ ਨਾਲ ਭਿੱਜ ਗਏ ਸਨ।

ਬਾਲਟੀ ਵਿਚ ਬਾਲਟੀ ਫ਼ਸਾ ਕੇ ਨੰਬਰਦਾਰ ਨੇ ਗਿਲਾਸ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ।

-''ਹੋਰ ਕੋਈ ਹੁਕਮ ਹਜ਼ੂਰ?'' ਪੁਲਸ ਦਾ 'ਦੱਲਾ' ਨੰਬਰਦਾਰ ਠਾਣੇਦਾਰ ਨੂੰ ਪੁੱਛ ਰਿਹਾ ਸੀ। ਉਸ ਦੇ ਮੂੰਹ 'ਤੇ ਕੋਈ ਇਲਤ ਨੱਚ ਰਹੀ ਸੀ।

-''ਫੇਰ ਕਿਤੇ ਦੱਸਾਂਗੇ।'' ਠਾਣੇਦਾਰ ਨੇ ਉਸ ਨੂੰ ਝਾੜ ਕੇ ਜਿਹੇ ਰੱਖ ਦਿੱਤਾ। ਉਹ ਬਾਲਟੀਆਂ ਅਤੇ ਗਿਲਾਸ ਲੈ ਕੇ ਤਿੱਤਰ ਹੋ ਗਿਆ।

ਸਰਪੰਚ ਸਮੇਤ ਸਾਰੀ ਪੰਚਾਇਤ ਇਕੱਠੀ ਹੋ ਗਈ ਸੀ।

ਠਾਣੇਦਾਰ ਸਰਪੰਚ ਨੂੰ ਇੱਕ ਪਾਸੇ ਲੈ ਗਿਆ।

ਕਾਫ਼ੀ ਦੇਰ ਉਹਨਾਂ ਵਿਚ ਕੋਈ ''ਘੁਸਰ-ਮੁਸਰ'' ਜਿਹੀ ਹੁੰਦੀ ਰਹੀ। ਪਰ ਕਿਸੇ ਨੂੰ ਕੋਈ ਫ਼ਾਸ ਸਮਝ ਨਹੀਂ ਪੈ ਰਹੀ ਸੀ।

-''ਪ੍ਰਛਾਦਾ ਛਕੋਂਗੇ ਹਜੂਰ?'' ਨੰਬਰਦਾਰ ਨਾਲ ਨ੍ਹੇਰੀ ਖੜ੍ਹਾ ਸੀ।

-''ਨਹੀਂ-।'' ਠਾਣੇਦਾਰ ਨੇ ਇੱਕੋ 'ਚ ਹੀ ਨਬੇੜ ਦਿੱਤੀ।

-''ਆਪ ਖਾਣਾ ਨ੍ਹੀ ਕੁਛ ਕਰਨਾ ਨ੍ਹੀ-ਨਾਲ ਸਾਨੂੰ ਵੀ ਭੁੱਖਾ ਮਾਰੂ।'' ਇਕ ਭੁੱਖੀਆਂ ਜਿਹੀਆਂ ਜਾਭਾਂ ਵਾਲਾ ਸਿਪਾਹੀ ਦੂਜੇ ਨੂੰ ਕੰਨ ਵਿਚ ਕਹਿ ਗਿਆ ਸੀ।

-''ਇਹਦੇ 'ਚ ਠਾਣੇਦਾਰਾਂ ਆਲੀ ਆਕੜ ਈ ਹੈਨੀ।'' ਦੂਜਾ ਬੋਲਿਆ।

-''ਅਗਲੇ ਨਾਲ ਇਉਂ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਕਰੂ-ਜਿਵੇਂ ਠਾਣੇਦਾਰ ਨਹੀਂ, ਵਿਚੋਲਾ ਹੁੰਦੈ।''

-''ਉਏ ਆਪ ਰੱਜੇ ਘਰ ਦਾ ਹੈਗਾ-ਕਾਸੇ ਦੀ ਟੋਟ ਨਹੀਂ ਘਰੇ-ਪਰ ਸਾਡੇ ਵੱਲੀਂ ਵੀ ਦੇਖੇ ਜਿਹੜੇ ਲੱਖਾਂ ਲਾ ਕੇ ਭਰਤੀ ਹੋਏ ਆਂ।'' ਇਕ ਲਵਾ ਜਿਹਾ ਸਿਪਾਹੀ ਵੀ ਆਪਣੀ ਵਿਚੇ ਹੀ ਚਲਾ ਗਿਆ। ਉਹ ਬਾਪੂ ਸਿਰ ਚੜ੍ਹਿਆ ਕਰਜ਼ਾ ਛੇਤੀ ਲਾਹ ਦੇਣਾ ਚਾਹੁੰਦਾ ਸੀ। ਘਰ ਦਾ ਫ਼ਿਕਰ ਉਸ ਨੂੰ ਤੋੜ ਤੋੜ ਖਾ ਰਿਹਾ ਸੀ।

-''ਚਲੋ ਮੌਕਾ ਦਿਖਾਓ!'' ਠਾਣੇਦਾਰ ਨੇ ਪੰਚਾਇਤ ਨੂੰ ਸੰਬੋਧਨ ਕੀਤਾ।

ਪੰਚਾਇਤ ਸਣੇ ਪੁਲਸ ਸ਼ਿੰਦੇ ਕੇ ਘਰ ਨੂੰ ਸਿੱਧੀ ਹੋ ਗਈ। ਪੈਰਾਂ ਦੀ ''ਖੜੱਪ-ਖੜੱਪ'' ਧਰਤੀ ਦਾ ਸੀਨਾ ਪਾੜਦੀ ਸੀ।

-''ਹੱਥਾਂ 'ਚ ਦੰਬੂਖਾਂ ਫੜ ਕੇ, ਧਰਤੀ ਲਤੜ ਲਤੜ ਤੁਰਦੇ ਐ।'' ਕਾਫ਼ੀ ਪਿੱਛੇ ਤੁਰੇ ਆ ਰਹੇ ਬਜ਼ੁਰਗ ਨੇ ਦੂਜੇ ਨੂੰ ਕਿਹਾ।

-''ਦੇਖ-ਗਾਂ!'' ਦੂਜਾ ਬਜੁਰਗ ਵੀ ਕਹਿਣੋਂ ਨਾ ਰਹਿ ਸਕਿਆ।

-''ਸਟੇਨਾਂ ਵੀ ਇਹਨਾਂ ਨੂੰ ਖਾੜਕੂਆਂ ਨੇ ਦੁਆਈਐਂ ਚੰਨਣ ਸਿਆਂ-ਨਹੀਂ ਤਾਂ ਬਿਚਾਰਿਆਂ ਕੋਲ ਇਕ ਡਾਂਗ ਤੇ ਇਕ ਟੁੱਟਿਆ ਜਿਆ ਛੈਂਕਲ ਹੁੰਦਾ ਸੀ।'' ਕਿਸੇ ਅੱਧਖੜ੍ਹ ਜਿਹੇ ਨੇ ਨਾਲ ਰਲਦਿਆਂ ਕਿਹਾ।

-''ਹੁਣ ਤਾਂ ਭੈੜ੍ਹਿਆ ਮਾਰ ਫੜ ਕੇ-ਕਿਧਰੇ ਛਟੇਨਾਂ-ਕਿਧਰੇ ਖੱਟੇ ਮੋਟਰ ਛੈਂਕਲ-ਚੜ੍ਹਨ ਨੂੰ ਜੀਪਾਂ ਤੇ ਖੁੱਲ੍ਹੇ ਆਡਰ-ਮਾਰੋ ਲੁੱਟੋ ਤੇ ਖਾਓ!'' ਬਜੁਰਗ ਤੋਂ ਪੁਲੀਸ ਦੀ ਤਾਬ ਝੱਲੀ ਨਹੀਂ ਜਾਂਦੀ ਸੀ।

-''ਹੁਣ ਤਾਂ ਚੰਨਣ ਸਿਆਂ ਇਹਨਾਂ ਦੀਆਂ ਬਰਦੀਆਂ ਦੀ ਵੀ ਪੂਰੀ ਠਾਠ ਐ-ਪਹਿਲਾਂ ਲੰਡੇ ਜੇ ਕੱਛੇ ਹੁੰਦੇ ਸੀ ਤੇ ਇਕ ਪਾਈ ਹੁੰਦੀ ਬੂਛਲਟ।''

-''ਹੁਣ ਤਾਂ ਇਹਨਾਂ ਕੋਲੇ ਕਹਿੰਦੇ ਬੈਰਲੱਸਾਂ ਵੀ ਹੈਗੀਐਂ?'' ਦੂਜੇ ਬਜੁਰਗ ਨੇ ਚੰਨਣ ਸਿੰਘ ਦੇ ਮੂੰਹੋਂ ਗੱਲ ਖੋਹ ਲਈ।

-''ਹੁਣ ਤਾਂ ਭਾਈ ਜੇ ਕੋਈ ਕਹੇ ਬਈ ਇਹਨਾਂ ਕੋਲੇ ਰੱਬ ਐ-ਤਾਂ ਵੀ ਕੋਈ ਚਰਜ ਨ੍ਹੀ।''

-''ਆਹ ਤੂੰ ਅੱਖੀਂ ਨ੍ਹੀ ਦੇਖਿਆ? ਮਾਣੂਕਿਆਂ ਦਾ ਮੁੰਡਾ ਖੇਤ ਰੋਟੀ ਲਿਜਾਂਦਾ ਈ ਚੱਕ ਲਿਆ-ਕਹਿੰਦੇ ਇਹਦੇ ਅੱਤਬਾਦੀਆਂ ਨਾਲ ਸਬੰਧ ਐ-ਪੰਜ ਦਿਨ ਉਹਨੂੰ ਕੁੱਟੀ ਗਏ-ਘੋਟਾ ਲਾਇਆ-ਬੀਹ ਕੁਛ ਕੀਤਾ-ਮੁੰਡਾ ਬਿਚਾਰਾ ਬੇਕਸੂਰ-ਉਹ ਦੱਸੇ ਤਾਂ ਕੀ ਦੱਸੇ? ਅਖੀਰ ਮੁੰਡੇ ਦੇ ਪਿਉ ਨੇ ਜਾ ਕੇ ਪੰਚੈਤ 'ਕੱਠੀ ਕੀਤੀ-ਬੀਹ ਹਜਾਰ ਠਾਣੇਦਾਰ ਨੂੰ ਦਿੱਤਾ-ਤਾਂ ਜਾ ਕੇ ਮੁੰਡੇ ਦੀ ਖਲਾਸੀ ਹੋਈ-ਮਹੀਨਾ ਭਰ ਹਸਪਤਾਲ ਦਾਖਲ ਰਿਹੈ-ਪਰ ਤੁਰਿਆ ਉਹਤੋਂ ਅਜੇ ਨ੍ਹੀ ਜਾਂਦਾ-ਰਾਤ ਨੂੰ ਸੁੱਤਾ ਪਿਆ ਡਰ ਕੇ ਡਾਡਾਂ ਮਾਰ ਕੇ ਉਠਦੈ-ਪੰਜ ਦਿਨ ਮੁੰਡੇ ਦੀ ਧੁੱਕੀ ਕੱਢ ਕੇ-ਬੀਹ ਹਜਾਰ ਰੁਪਈਆ ਲੈ ਕੇ ਫੇਰ ਵੀ ਠਾਣੇਦਾਰ ਮੁੰਡੇ ਦੇ ਪਿਉ ਨੂੰ ਬੋਲਦੈ-ਅਖੇ ਹੁਣ ਮੁੰਡੇ ਨੂੰ ਰੋਕ ਕੇ ਰੱਖੀਂ-ਤੇਰੇ ਨਹੀਂ ਪੰਚੈਤ ਦੇ ਮੂੰਹ ਨੂੰ ਛੱਡਤਾ-ਬਈ ਛੱਡਿਆ ਪੰਚੈਤ ਦੇ ਮੂੰਹ ਨੂੰ ਨ੍ਹੀ-ਬੀਹ ਹਜਾਰ ਦੇ ਮੂੰਹ ਨੂੰ ਛੱਡਿਐ।'' ਗਰਮਾਇਸ਼ ਨਾਲ ਬੋਲਦੇ ਬਜੁਰਗ ਦੀਆਂ ਨਾੜਾਂ ਆਫ਼ਰ ਗਈਆਂ ਸਨ।

-''ਇਹਨਾਂ ਦੇ ਤਾਂ ਚੰਨਣ ਸਿਆਂ ਹੁਣ ਰੱਬ ਯਾਦ ਨ੍ਹੀ ਰਿਹਾ!''

-''ਰੱਬ ਨੂੰ ਕੀ ਦਬਾਲ ਐ ਇਹੇ? ਮੈਂ ਕਹਿਨੈਂ ਇਹਨਾਂ ਨੂੰ ਰੱਬ ਮਿਲਪੇ-ਇਹ ਉਹਦੇ ਚੱਡੇ ਪਾੜ ਦੇਣ!'' ਕਹਿੰਦਾ ਕਹਿੰਦਾ ਬਜੁਰਗ ਹੱਸ ਪਿਆ।

-''ਲੈ ਹੁਣ ਹੋਰ ਸੁਣ ਲੈ! ਸਾਰੇ ਪਿੰਡ ਨੂੰ ਪਤੈ ਬਈ ਬਹੂ ਖੁਦ ਦੁਆਈ ਪੀ ਕੇ ਮਰੀ ਐ ਤੇ ਕੁੜੀਆਂ ਨੂੰ ਵੀ ਉਸੇ ਨੇ ਮਾਰਿਐ-ਤੇ ਇਹੇ ਮਾਂ ਦੇ ਚੰਦ ਦੇਖੀਂ ਕੀ ਚੰਦ ਚਾੜ੍ਹਦੇ ਐ।''

-''ਇਹਨਾਂ ਨੂੰ ਕਿਹੜਾ ਪਤਾ ਨਾ ਹੋਊ? ਸਰਪੈਂਚ ਸਾਹਬ ਨੇ ਸਾਰਾ ਕੁਛ ਦੱਸਤਾ ਹੋਣੈਂ-ਬਈ ਸਾਰਾ ਟੱਬਰ ਬੇਕਸੂਰ ਐ-ਗੱਲ ਵਿਚੋਂ ਕੋਈ ਹੋਰ ਐ।''

-''ਹੈ ਕਮਲਾ! ਫੇਰ ਇਹਨਾਂ ਨੂੰ ਵਿਚੋਂ ਲੈਣ ਦੇਣ ਨੂੰ ਕੀ ਰੱਖਿਐ?''

-''ਇਹਨਾਂ ਨੇ ਤਾਂ ਆਬਦਾ ਈ ਘਰਾਟ ਰਾਗ ਗਾਉਣੈਂ।''

-''ਗੁਰਦਿੱਤਿਆ! ਗੁਰਬਾਣੀ ਕਹਿੰਦੀ ਐ-ਪਾਪਾਂ ਬਾਝਹੁ ਹੋਵੈ ਨਾਹੀ ਮੋਇਆਂ ਸਾਥ ਨਾ ਜਾਈ।'' ਚੰਨਣ ਸਿੰਘ ਅਜਿਹੇ ਪੈਸੇ 'ਤੇ ਥੁੱਕਦਾ ਵੀ ਨਹੀਂ ਸੀ। ਇਹ ਗੱਲ ਉਹ ਮੰਨਦਾ ਸੀ ਕਿ ਗ੍ਰਹਿਸਥੀ ਜੀਵਨ ਮਾਇਆ ਬਗੈਰ ਚੱਲ ਨਹੀਂ ਸਕਦਾ ਸੀ। ਪਰ ਕਿਸੇ ਦਾ ਪੇਟ ਕੱਟ ਕੇ ਆਪਣਾ ਪੇਟ ਪਾਲਣਾ ਉਹ 'ਹਰਾਮ' ਸਮਝਦਾ ਸੀ।

-''ਇਹ ਪੁਲਸ ਨੂੰ ਸਾਰੀ ਉਂਗਲ ਨ੍ਹੇਰੀ ਦੀ ਐ-ਮੈਂ ਸ਼ਰਤ ਕਰਦੈਂ।'' ਅੱਧਖੜ੍ਹ ਨੇ ਜਜ਼ਬਾਤੀ ਹੋ ਕੇ ਕਿਹਾ।

-''........।'' ਸਾਰੇ ਬਜੁਰਗ ਚੁੱਪ ਸਨ।

-''ਸ਼ਰਤ ਲਾ-ਲੋ!'' ਉਹ ਫਿਰ ਬੋਲਿਆ।

-''ਮੈਨੂੰ ਆਹੀ ਤਾਂ ਸਮਝ ਨ੍ਹੀ ਆਉਂਦੀ ਬਈ ਨ੍ਹੇਰੀ ਨੂੰ ਵਿਚੋਂ ਖੱਟਣ ਕਮਾਉਣ ਨੂੰ ਕੀ ਐ?'' ਬਜੁਰਗ ਚੰਨਣ ਸਿੰਘ ਨੇ ਚੁੱਪ ਤੋੜੀ, ''ਉਹਦੇ ਕਿਹੜਾ ਫੀਤੀ ਲੱਗ ਜਾਣੀ ਐਂ?''

-''ਚੰਨਣ ਸਿਆਂ ਤੂੰ ਨ੍ਹੀ ਸਮਝਦਾ ਸਿਆਸਤਾਂ ਨੂੰ-ਪਹਿਲਾਂ ਮਾੜੀ ਮੋਟੀ ਲਾਗ ਡਾਟ ਸੀਗੀ-ਕਾਮਰੇਟਾਂ ਤੋਂ ਡਰਦਾ ਬੋਲਦਾ ਨ੍ਹੀ ਸੀ-ਸ਼ਿੰਦੇ ਦੇ ਜੁੱਟ ਵੀ ਸਾਰੇ ਅੱਗ ਲੱਗੜੇ ਐ-ਹੁਣ ਆਹ ਘਾਣੀ ਬੀਤਣੀ ਸੀ ਤੇ ਇਹਦੇ ਕੰਮ ਲੋਟ ਆਉਣਾ ਸੀ।'' ਅੱਧਖੜ੍ਹ ਸਾਰੀ ਸਿਆਸਤ ਜਾਣਦਾ ਸੀ।

-''ਇਕ ਆਰੀ ਤਾਂ ਕਾਮਰੇਟਾਂ ਨੇ ਇਹਦੇ ਧੌਲ ਧੱਫ਼ਾ ਵੀ ਕੀਤਾ ਸੀ?'' ਚੰਨਣ ਸਿੰਘ ਨੂੰ ਜਿਵੇਂ ਕੁਝ ਯਾਦ ਆ ਗਿਆ ਸੀ।

-''ਉਹ ਤੈਨੂੰ ਮੈਂ ਸੁਣਾਉਨੈਂ-ਤੂੰ ਜਾਣਦੈਂ ਨਾ ਜਗਦੇਵ ਭੂੰਡ ਨੂੰ?''

-''ਭੂੰਡ ਨੂੰ ਮੈਂ ਭੁੱਲਿਐਂ?'' ਚੰਨਣ ਸਿੰਘ ਨੇ ਲੱਗਦਾ ਮੋੜਾ ਦਿੱਤਾ।

-''ਉਹ ਭਾਈ ਸ਼ਿੰਦੇ ਦਾ ਮਿੱਤਰ ਐ-ਉਹ ਕਿਤੇ ਸ਼ਿੰਦੇ ਨੂੰ ਮਿਲਣ ਆ ਗਿਆ-ਸ਼ਿੰਦਾ ਕਿਤੇ ਰੱਬ ਜਾਣੇ ਘਰੇ ਨ੍ਹੀ ਸੀ-ਹਰ ਕੁਰ ਨੇ ਚਾਹ ਧਰਤੀ-ਜਦੋਂ ਭੂੰਡ ਬਾਹਰ ਨਿਕਲਿਆ ਤਾਂ ਇਹ ਚੌਧਰੀ ਉਹਦੇ ਨਾਲ ਹੀਂਜਰ ਪਿਆ-ਅਖੇ ਹਾਂ-ਹਾਂ ਤੂੰ ਕਬੀਲਦਾਰ ਘਰੇ ਕੀ ਲੈਣ ਆਇਐਂ? ਬਈ ਤੂੰ ਅੱਡ ਐਂ ਬਿੱਢ ਐਂ-ਤੂੰ ਦੱਸ ਕੀ ਲੈਣੈਂ?''

-''ਫੇਰ...?''

-''ਫੇਰ ਕੀ ਵਾਹਵਾ ਤੂੰ-ਤੂੰ ਮੈਂ-ਮੈਂ ਹੋਈ-ਅਗਲੇ ਦਿਨ ਭੂੰਡ ਭਾਈ ਆਕਲੀਏ ਆਲੇ ਜੱਗੇ ਨੂੰ-ਇਕ ਹੋਰ ਐ ਕਾਮਰੇਟ ਬੱਗੀ ਜੀ ਦਾਹੜੀ ਆਲਾ-ਇਕ ਬਿਲਾਸਪੁਰ ਦਾ ਸੀ ਕਰਾੜ ਜਿਆ-ਉਹਨੇ ਤਾਂ ਭਾਈ ਕਰ ਲਿਆਂਦੀ ਹਨੂੰਮਾਨ ਦੀ ਸੈਨਾਂ 'ਕੱਠੀ-ਆ ਪਏ ਪਤੰਦਰ ਫੇਰ ਭਰਿੰਡਾਂ ਮਾਂਗੂੰ-ਜਿੱਥੇ ਪੈਂਦੀ ਐ ਪੈਣ ਦੇ-ਹਰ ਕੁਰ ਨੇ ਵਿਚ ਪੈ ਕੇ ਮਸਾਂ ਹਟਾਏ-ਕਹਿੰਦੀ ਦਾਦੇ ਮਗੌਣਿਓਂ ਮੁੰਡਾ ਮਾਰਨੈਂ? ਫੇਰ ਭੂੰਡ ਬੋਲਿਆ ਬੇਬੇ ਤੂੰ ਈ ਵਿਚ ਆ ਗਈ-ਨਹੀਂ ਇਹਦੇ ਆਲਾ ਕੰਮ ਅਸੀਂ ਨਬੇੜ ਦੇਣਾ ਸੀ-ਭਾਈ ਭੂੰਡ ਤਾਂ ਜਿਹੜਾ ਜਹਿਰੀ ਸੀ, ਸੀਗਾ ਈ-ਬਿਲਾਸਪੁਰ ਆਲਾ ਲਾਲਾ ਜਿਆ ਈ ਨਾ ਮਾਨ-ਪਤੰਦਰ ਪੈਂਤਰੇ ਲੈ ਲੈ ਪਵੇ-ਅਖੇ ਤੂੰ ਕਾਮਰੇਟਾਂ ਨੂੰ ਸਮਝਦਾ ਕੀ ਐਂ? ਜਦੋਂ ਭਾਈ ਹਰ ਕੁਰ ਨੇ ਛੁਡਾਇਆ-ਪੱਤਰੇ ਵਾਚ ਗਿਆ-ਮੋਕ ਈ ਪੈਂਦੀ ਜਾਵੇ।''

-''ਬਈ ਜਾਤੇ-ਤੂੰ ਭਰਿੰਡਾਂ ਦੀ ਖੱਖਰ 'ਚ ਕਿਉਂ ਹੱਥ ਪਾਉਨੈਂ? ਇਕ ਨਾਂ ਭੂੰਡ, ਇਕ ਕਾਮਰੇਟ।''

-''ਘਰ ਦੀ ਇੱਜਤ ਬਚਾਉਂਦਾ ਸੀ ਕਾਮਰੇਟਾਂ ਤੋਂ।'' ਬਜੁਰਗ ਨੇ ਵਿਅੰਗ ਕਸਿਆ।

-''ਇਹੇ ਬਚਾਉਂਦਾ ਸੀ ਘਰ ਦੀ ਇੱਜਤ? ਬਈ ਦੱਸੋ ਕੰਜਰੀ ਮਰਾਸਣ ਨੂੰ ਕੀ ਮਿਹਣਾ ਦਿਊ?'' ਅੱਧਖੜ੍ਹ ਤੱਤਾ ਹੋ ਗਿਆ ਸੀ।

-''ਬਈ ਕੁਛ ਆਖੋ-ਪਰ ਕਾਮਰੇਟ ਇੱਜਤ ਦੇ ਮਾੜੇ ਨ੍ਹੀ-ਮਾਰੋ ਭਾਵੇਂ ਛੱਡੋ।'' ਚੰਨਣ ਸਿੰਘ ਨੇ ਕਿਹਾ। ਬਾਂਹਾਂ ਉਲਾਰ ਕੇ ਉਸ ਨੇ ਖਿਲਾਰ ਦਿੱਤੀਆਂ ਸਨ।

-''ਕਾਮਰੇਟ ਇੱਜਤ ਕੀ? ਕਿਸੇ ਗੱਲੋਂ ਵੀ ਨ੍ਹੀ ਮਾੜੇ।'' ਅੱਧਖੜ੍ਹ ਨੇ ਕਾਮਰੇਡਾਂ ਦੀ ਹਮਾਇਤ ਕੀਤੀ।

-''ਤੈਨੂੰ ਹੋਰ ਦੱਸ ਦਿੰਨੈਂ-ਨ੍ਹੇਰੀ ਨੇ ਤਾਂ ਅੱਗ ਲਾਤੀ-ਹੁਣ ਇਹਨੂੰ ਕਾਮਰੇਟ ਬੁਝਾਉਂਦੇ ਦੇਖੀਂ ਕਿਮੇਂ ਐਂ-ਨਾਲੇ ਇੱਕ ਪੈਸਾ ਨਹੀਂ ਦੇਣ ਦਿੰਦੇ।''

-''ਚੰਨਣ ਸਿਆਂ ਤੂੰ ਆਪ ਸਿਆਣੈਂ-ਇਹ ਹੋਰਾਂ ਮਾਂਗੂੰ ਹਾਅਤ ਹੂਅਤ ਘੱਟ ਕਰਦੇ ਐ ਤੇ ਡਮਾਕ ਜਾਅਦੇ ਵਰਤਦੇ ਐ।'' ਅੱਧਖੜ੍ਹ, ਕਾਮਰੇਡ ਤਾਂ ਨਹੀਂ ਸੀ ਫ਼ੈਰ। ਪਰ ਉਹਨਾਂ ਦੀ ਸਿਫ਼ਤ ਦਿਲੋਂ ਕਰਦਾ ਰਹਿੰਦਾ ਸੀ।

-''ਹੁਣ ਖੁੱਭੀ ਦੇਖੀਂ ਕਿਮੇਂ ਕੱਢਦੇ ਐ।''

-''ਇਕ ਭਾਈ ਇਹਨਾਂ 'ਚ ਹੋਰ ਸਿਫ਼ਤ ਐ।''

-''ਕੀ?'' ਚੰਨਣ ਸਿੰਘ ਨੇ ਕੰਨ ਚੁੱਕੇ।

-''ਊਂ ਇਹੇ ਇਕ ਦੂਜੇ ਨੂੰ ਮਿਲਣ ਚਾਹੇ ਨਾ ਮਿਲਣ-ਭੀੜ ਪੈਣ 'ਤੇ ਆਹਣ ਮਾਂਗੂੰ 'ਕੱਠੇ ਹੋ ਜਾਂਦੇ ਐ।''

-''ਇਕ ਇਹਨਾਂ ਦੀ ਬੋਲੀ ਮਿੱਠੀ।''

-''ਹਰੇਕ ਨੂੰ ਸਾਥੀ ਸਾਥੀ ਕਰਦਿਆਂ ਦਾ ਮੂੰਹ ਸੁੱਕਦੈ।''

-''ਮੈਂ ਸੁਣਿਐਂ ਇਹੇ ਭੂਤਾਂ ਭਾਤਾਂ ਵੀ ਕੱਢਦੇ ਐ?'' ਚੰਨਣ ਸਿੰਘ ਤੋਂ ਪੁੱਛੇ ਬਗੈਰ ਰਿਹਾ ਨਾ ਗਿਆ।

-''ਇਹ ਤਾਂ ਜੜ ਦਿੰਦੇ ਐ ਕੋਕੇ-ਇਹ ਕੰਮ ਆਹਾ ਭੋਡੀਪੁਰੇ ਆਲਾ ਕਰਦੈ-ਨਾਂ ਤਾਂ ਮੈਂ ਭੁੱਲ ਗਿਆ।'' ਅੱਧਖੜ੍ਹ ਨੇ ਜਵਾਬ ਦਿੱਤਾ।

ਪਿੰਡ ਵਿਚ ਮੂੰਹੋਂ ਮੂੰਹ, ਵੱਖੋ ਵੱਖ ਗੱਲਾਂ ਹੋ ਰਹੀਆਂ ਸਨ।

-----------ਕਾਂਡ ਤੀਜਾ------------

ਜਦੋਂ ਪੰਚਾਇਤ ਸਮੇਤ ਪੁਲੀਸ ਪਹੁੰਚੀ ਤਾਂ ਘਰ 'ਤੇ ਕਹਿਰ ਵਰ੍ਹਿਆ ਹੋਇਆ ਸੀ।

ਬੁੜ੍ਹੀਆਂ ਰੋ ਰਹੀਆਂ ਸਨ। ਕੁਲਵਿੰਦਰ ਦੀ ਸੱਸ ਹਰ ਕੌਰ ਬੜੇ ਵੈਰਾਗ ਭਰੇ ਵੈਣ ਪਾ ਰਹੀ ਸੀ। ਉਹ ਆਪਣੀਆਂ ਪੋਤੀਆਂ ਨੂੰ ਰੋ ਰਹੀ ਸੀ ਜਾਂ ਆਪਣੀ ਨੂੰਹ ਨੂੰ? ਉਜੜੇ ਘਰ ਨੂੰ ਰੋ ਰਹੀ ਸੀ ਜਾਂ ਅਣਹੋਣੀ ਨੂੰ? ਸ਼ਾਇਦ ਉਸ ਨੂੰ ਖ਼ੁਦ ਨੂੰ ਵੀ ਨਹੀਂ ਪਤਾ ਸੀ! ਉਹ ਵਾਰ ਵਾਰ ਆਪਣੀਆਂ, ਫੁੱਲ ਵਾਂਗ ਕੁਮਲਾਏ ਪੋਤੀਆਂ ਦੇ ਮੂੰਹ ਚੁੰਮ ਰਹੀ ਸੀ। ਬੇਹਾਲ, ਬੇਸੁੱਧ ਉਹ ਵੈਣ ਪਾਉਂਦੀ, ਅੱਖੀਆਂ 'ਚੋਂ ਨੀਰ ਵਗਾ ਰਹੀ ਸੀ। ਉਸ ਦੀਆਂ ਜੋਤਹੀਣ ਅੱਖਾਂ ਜਿਵੇਂ ਰੋ ਨਹੀਂ, ਸਗੋਂ ਡੁੱਲ੍ਹ ਰਹੀਆਂ ਸਨ। ਘਰੇ ਭੰਗ ਭੁੱਜ ਰਹੀ ਸੀ।

ਪੰਚਾਇਤ ਨੇ ਬੁੜ੍ਹੀਆਂ ਨੂੰ ਲਾਅਸ਼ਾਂ ਤੋਂ ਪਰ੍ਹੇ ਕੀਤਾ।

ਠਾਣੇਦਾਰ ਨੇ ਫ਼ੁਦ ਮੌਕਾ ਦੇਖਿਆ।

ਤਿੰਨ ਮਾਸੂਮ ਬੱਚੀਆਂ ਦੀਆਂ ਭੋਲੀਆਂ ਲਾਅਸ਼ਾਂ ਦੇਖ ਕੇ ਸਾਰਿਆਂ ਦੇ ਸੀਨੇ 'ਚੋਂ ਜਿਵੇਂ ਰੁੱਗ ਭਰਿਆ ਗਿਆ ਸੀ। ਤਿੰਨੇ ਮਾਸੂਮ ਲਾਅਸ਼ਾਂ ਜਿਵੇਂ ਜ਼ਮਾਨੇ ਦੇ ਮੂੰਹ 'ਤੇ ਥੱਪੜ ਮਾਰ ਰਹੀਆਂ ਸਨ। ਬੇਰਹਿਮ ਜ਼ਮਾਨੇ ਦਾ ਮੂੰਹ ਚਿੜਾ ਰਹੀਆਂ ਸਨ। ਜ਼ਮਾਨੇ ਦੇ ਮੂੰਹ 'ਤੇ ਜਿਵੇਂ ਥੁੱਕ ਰਹੀਆਂ ਸਨ। ਇੱਕ ਬੇਗ਼ੈਰਤ ਜ਼ਮਾਨਾ ਸੀ, ਜੋ ਇਸ ਦੀ ਕੋਈ ਪ੍ਰਵਾਹ ਨਹੀਂ ਕਰਦਾ ਲੱਗਦਾ ਸੀ ਸ਼ਾਇਦ! ਸਿਰਫ਼ ਘਰਦਿਆਂ ਨੂੰ ਹੀ ਦੁੱਖ ਸੀ, ਜਿਹਨਾਂ ਨੇ ਚਾਰ ਦਿਨ ਰੋ ਕੇ, ਸਬਰ ਕਰ ਕੇ ਹੀ ਬੈਠ ਜਾਣਾ ਸੀ। ਸਬਰ ਸੰਤੋਖ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ!

-''ਸੰਤੋਖ ਥਾਪ ਰੱਖਿਆ ਜਿਨ ਸੂਤ।।'' ਦੇ ਮਹਾਂ ਵਾਕਿ ਅਨੁਸਾਰ ਪਰਿਵਾਰ ਨੂੰ ਸੰਤੋਖ ਨੂੰ ਨਾਲ ਲੈ ਕੇ ਹੀ ਚੱਲਣਾ ਪੈਣਾ ਸੀ। ਇਕ ਭਾਣਾ ਸੀ, ਜੋ ਮਿੱਠਾ-ਮਿੱਠਾ ਕਰਕੇ ਮੰਨਣਾ ਹੀ ਪੈਣਾ ਸੀ।

-''ਮਾਈ ਤੇਰਾ ਪੁੱਤ ਕਰਮ ਸਿਉਂ ਕਿੱਥੇ ਐ?'' ਅਚਾਨਕ ਠਾਣੇਦਾਰ ਨੇ ਲੰਬਾ ਸਾਹ ਲੈ ਕੇ ਕਿਹਾ।

-''ਉਹ ਤਾਂ ਪੁੱਤ ਲੁੱਦੇਆਣੇਂ ਐਂ--।'' ਮਾਤਾ ਹਰ ਕੌਰ ਜਿਵੇਂ ਖ਼ੂਹ ਵਿਚੋਂ ਬੋਲੀ ਸੀ। ਉਹ ਰੋ ਰੋ ਕੇ ਅੱਧੀ ਰਹਿ ਗਈ ਸੀ। ਜਿਵੇਂ ਹੰਝੂ ਨਹੀਂ, ਉਸ ਦਾ ਖ਼ੂਨ ਵਹਿ ਰਿਹਾ ਸੀ।

-''ਚਾਰ ਕਤਲ ਕਰਾ ਕੇ ਪਤੰਦਰ ਹੁਣ ਲੁਧਿਆਣੇਂ ਨੂੰ ਤੋਰਤਾ?'' ਹੌਲਦਾਰ ਦੀਆਂ ਭਿਆਨਕ ਅੱਖਾਂ ਬੁੜ੍ਹੀ ਨੂੰ ਖਾਣ ਨੂੰ ਆਈਆਂ। ਉਸ ਦਾ ਢਿੱਡ ਅੱਗੇ ਨੂੰ ਅਤੇ ਚਿੱਤੜ ਪਿੱਛੇ ਨੂੰ ਵਧੇ ਹੋਣ ਕਰਕੇ, ਬੇਢੱਬਾ ਜਿਹਾ ਲੱਗਦਾ ਸੀ।

-''----।'' ਹਰ ਕੌਰ ਨੇ ਤਰਹਿ ਕੇ ਹੌਲਦਾਰ ਵੱਲ ਤੱਕਿਆ।

ਉਸ ਦੀਆਂ ਜੋਤਹੀਣ ਅੱਖਾਂ 'ਚੋਂ ਹੌਲਦਾਰ ਨੂੰ ਡਰ ਲੱਗਿਆ। ਜਿਵੇਂ ਹਰ ਕੌਰ ਨਹੀਂ, ਕੋਈ ਰਾਕਟ ਲਾਂਚਰ ਸੀ, ਜੋ ਕਿਸੇ ਵੀ ਸਮੇਂ ਫ਼ਟ ਕੇ ਸਾਰਿਆਂ ਨੂੰ ਤਬਾਹ ਕਰ ਸਕਦਾ ਸੀ।

-''ਘਿਰਿਆ ਬਿੱਲਾ ਆਖਰ ਗਲ ਨੂੰ ਚਿੰਬੜ ਜਾਂਦੈ।'' ਸੋਚ ਕੇ ਹੌਲਦਾਰ ਚੁੱਪ ਕਰ ਗਿਆ।

-''ਮਾਈ ਕਤਲਾਂ 'ਚ ਕਰਮ ਸਿਉਂ ਦਾ ਨਾਂ ਬੋਲਦੈ!'' ਇਕ ਢਿਲਕੀ ਜਿਹੀ ਪੈਂਟ ਵਾਲਾ ਸਿਪਾਹੀ ਬੋਲਿਆ। ਉਹ ਖੁੱਲ੍ਹੀ ਜਿਹੀ ਪੈਂਟ ਵਿਚ ਚੁੱਕ ਕੇ ਪਾਇਆ ਗਿਆ ਲੱਗਦਾ ਸੀ। ਉਸ ਦੀਆਂ ਦੁਨਾਲੀ ਬੰਦੂਕ ਵਰਗੀਆਂ ਨਾਸਾਂ 'ਚੋਂ ਹਵਾ ''ਫਕੜ-ਫਕੜ'' ਆ ਜਾ ਰਹੀ ਸੀ ਅਤੇ ਅੱਖਾਂ ਵਿਚੋਂ ਭਿਆਨਕ ਡੋਰੇ ਚੰਗਿਆੜੇ ਛੱਡਦੇ ਜਾਪਦੇ ਸਨ।

-"ਠਾਣੇਦਾਰ ਸਾਹਬ ਇਹਨਾਂ ਨੂੰ ਚੁੱਪ ਕਰਾਓ-ਇਕ ਤਾਂ ਕਹਿਰਾਂ ਦੀਆਂ ਮੌਤਾਂ ਹੋਈਆਂ ਪਈਐਂ ਤੇ ਇਕ ਇਹੇ-।" ਸਰਪੰਚ ਨੇ ਠਾਣੇਦਾਰ ਨੂੰ ਕਿਹਾ। ਸਿਪਾਹੀਆਂ ਦੀਆਂ ਗੱਲਾਂ ਸਰਪੰਚ ਦੇ ਫ਼ੱਟਾਂ 'ਤੇ ਲੂਣ ਵਾਂਗ ਲੱਗ ਰਹੀਆਂ ਸਨ।

-"ਬੱਸ ਬਈ ਹੁਣ ਨਾ ਬੋਲਿਓ--!" ਠਾਣੇਦਾਰ ਨੇ ਹੁਕਮ ਕੀਤਾ।

ਸਾਰੇ ਚੁੱਪ ਛਾ ਗਈ।

ਰੋਂਦੇ ਵੀ ਚੁੱਪ ਕਰ ਗਏ।

-"ਮਾਈ ਕਾਰਵਾਈ ਤਾਂ ਸਾਨੂੰ ਕਰਨੀ ਪੈਣੀਂ ਐਂ-ਰਪਟ ਕਰਮ ਸਿਉਂ ਦੇ ਨਾਂ 'ਤੇ ਐ।" ਸੁਲਝੇ ਠਾਣੇਦਾਰ ਨੇ ਸੰਜੀਦਗੀ ਨਾਲ ਕਿਹਾ। ਮਨੋਂ ਉਹ ਵੀ ਦੁਖੀ ਸੀ।

ਅਸਲ ਵਿਚ ਠਾਣੇਦਾਰ ਚੰਗੇ ਖਾਂਦੇ ਪੀਂਦੇ ਖਾਨਦਾਨੀ ਘਰਾਣੇਂ ਦਾ ਸੀ। ਘਰਦਿਆਂ ਦੇ ਆਖਣ 'ਤੇ ਅਤੇ 'ਪਰਮੋਸ਼ਨ' ਦੇ ਲਾਲਚ ਵਿਚ ਉਹ ਫ਼ਸਿਆ ਫ਼ਸਿਆ ਜਿਹਾ ਨੌਕਰੀ ਕਰ ਰਿਹਾ ਸੀ, ਕਿਉਂਕਿ ਵਧੇ ਅੱਤਿਵਾਦ ਕਾਰਨ ਸਰਕਾਰ ਪੁਲੀਸ ਅਫ਼ਸਰਾਂ ਨੂੰ ਬੜੀ ਤੇਜ਼ੀ ਨਾਲ ਤਰੱਕੀਆਂ ਦੇ ਰਹੀ ਸੀ। ਪੰਜਾਬ ਸਰਕਾਰ ਇਕ ਤਰ੍ਹਾਂ ਨਾਲ ਬੁਖਲਾਈ ਪਈ ਸੀ। ਉਸ ਨੂੰ ਪੰਜਾਬ ਮਸਲੇ ਦੇ ਹੱਲ ਦਾ ਕੋਈ ਮੁੱਢ ਨਹੀਂ ਲੱਭਦਾ ਸੀ। ਕੋਈ ਕਿੱਧਰੋਂ ਆ, ਕਦੋਂ ਵਾਰਦਾਤ ਕਰ ਜਾਂਦਾ ਸੀ? ਕਿਸੇ ਨੂੰ ਕੋਈ ਪਤਾ ਨਹੀਂ ਲੱਗਦਾ ਸੀ! ਸਿਰਫ਼ ਅਗਲੇ ਦਿਨ ਅਫ਼ਬਾਰ ਦੀ ਸੁਰਖੀ ਹੀ ਜ਼ਿੰਮੇਵਾਰੀ ਦੱਸਦੀ ਸੀ। ਕਿਸੇ ਨੂੰ ਇਹ ਨਹੀਂ ਸਮਝ ਪੈਂਦੀ ਸੀ ਕਿ ਅੱਤਿਵਾਦੀ ਅਸਮਾਨੋਂ ਉਤਰਦੇ ਸਨ? ਜਾਂ ਧਰਤੀ ਵਿਚੋਂ ਨਿਕਲਦੇ ਸਨ?

ਹਰ ਛੋਟੇ ਤੋਂ ਲੈ ਕੇ ਵੱਡੇ ਅਫ਼ਸਰ ਤੱਕ ਸਕਿਊਰਿਟੀ ਮਹੱਈਆ ਕੀਤੀ ਹੋਈ ਸੀ। ਪਰ ਅਫ਼ਸਰ ਫਿਰ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦੇ ਸਨ। ਉਹ ਤਕਰੀਬਨ ਹਰ ਸੁਰੱਖਿਆ ਕਰਮਚਾਰੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਸਨ। ਇਸ ਲਈ ਉਹਨਾਂ ਨੇ ਆਪਣੇ ਨਿੱਜੀ ਬਾਡੀਗਾਰਡ ਵੀ ਰੱਖੇ ਹੋਏ ਸਨ। ਇਕ ਉਘੇ ਸ਼ਹਿਰ ਵਿਚ ਕਤਲ ਕੀਤੇ ਇਕ ਬਾਰਸੂਫ਼ ਅਫ਼ਸਰ ਦੇ ਕੇਸ ਨੇ ਸਾਰੇ ਅਫ਼ਸਰਾਂ ਅਤੇ ਮੰਤਰੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਕਿਉਂਕਿ ਉਸ ਅਫ਼ਸਰ ਕੋਲ ਆਪਣੇ ਛੇ ਨਿੱਜੀ ਅੰਗ-ਰੱਖਿਅਕ ਅਤੇ ਨੌਂ ਸਰਕਾਰੀ ਸੁਰੱਖਿਆ ਕਰਮਚਾਰੀ ਸਨ। ਜਦ ਅਫ਼ਸਰ 'ਤੇ ਹਮਲਾ ਹੋਇਆ ਤਾਂ ਸੁਰੱਖਿਆ ਕਰਮਚਾਰੀਆਂ ਦੀ ਪਿੱਛੇ ਆ ਰਹੀ ਜਿਪਸੀ ਨੇ ਥਾਂ 'ਤੇ ਹੀ ਬਰੇਕ ਮਾਰ ਲਏ ਸਨ। ਅੱਤਿਵਾਦੀਆਂ ਨੇ ਬਰੱਸਟ ਮਾਰ ਮਾਰ ਕੇ ਅਫ਼ਸਰ ਅਤੇ ਅੰਗ-ਰੱਖਿਅਕਾਂ ਸਮੇਤ ਵੈਨ ਹੀ ਖਿਲਾਰ ਦਿੱਤੀ ਸੀ। ਜਦੋਂ ਅੱਤਿਵਾਦੀ ਚਲੇ ਗਏ ਤਾਂ ਸੁਰੱਖਿਆ ਕਰਮਚਾਰੀਆਂ ਨੇ ਫ਼ੂਬ ਫ਼ਾਇਰਿੰਗ ਕੀਤੀ ਸੀ। ਆਪਣਾ ਅੰਨ੍ਹਾਂ ਜੋਰ ਦਿਖਾਇਆ ਸੀ। ਇਸ ਵਾਰਦਾਤ ਨੇ ਕੇਂਦਰ ਝੰਜੋੜ ਧਰਿਆ ਸੀ। ਮੰਤਰੀਆਂ ਦੀਆਂ ਕੁਰਸੀਆਂ ਅਤੇ ਦਿਲ ਹਿੱਲੇ ਸਨ।

-''ਵੇ ਪੁੱਤਾ ਮੇਰਾ ਕਰਮਾਂ ਐਹੋ ਜਿਹਾ ਕਾਹਨੂੰ ਐਂ-।'' ਹਰ ਕੌਰ ਨੇ ਸੋਚਿਆ ਕਿ ਉਹ ਰਾਕਟ ਬਣ, ਵਰਾਂਡੇ ਦੀ ਛੱਤ ਪਾੜ ਕੇ ਕਿਧਰੇ ਉਡ ਜਾਵੇ। ਪਰ ਮਜ਼ਬੂਰੀਆਂ ਨੇ ਉਸ ਦੇ ਬਲਹੀਣ ਸਰੀਰ ਨੂੰ ਜਕੜ ਰੱਖਿਆ ਸੀ।

-''ਵੇ ਸ਼ੇਰਾ ਮੈਂ ਤਾਂ ਬਥੇਰ੍ਹੇ ਢਕਣੇਂ ਢਕਦੀ ਰਹੀ-ਅਖੀਰ ਆਹ ਕੰਮ ਹੋ ਕੇ ਹਟਿਆ, ਵੇ ਪੁੱਤਾ--!'' ਮਾਤਾ ਹਰ ਕੌਰ ਨੇ ਚਾਂਗਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

-''----।'' ਠਾਣੇਦਾਰ ਫ਼ਾਮੋਸ਼ ਸੀ। ਪੰਚਾਇਤ ਕਮਜ਼ੋਰਾਂ ਵਾਂਗ, ਬੇਵੱਸ ਸੀ। ਕੋਈ ਬੋਲ ਨਹੀਂ ਰਿਹਾ ਸੀ। ਸਿਰਫ਼ ਹਰ ਕੌਰ ਹੀ ਸੀ, ਜੋ ਰੋ ਰਹੀ ਸੀ।

-''ਮਾਈ ਜਿੰਨਾਂ ਹੋ ਸਕਿਆ, ਮੈਂ ਕਰਾਂਗਾ-ਸਰਪੰਚ ਸਾਹਬ ਦੋ ਟਰਾਲੀਆਂ ਦਾ ਪ੍ਰਬੰਧ ਕਰੋ! ਨਾਲੇ ਮਾਈ ਕਰਮ ਸਿਉਂ ਨੂੰ ਪੇਸ਼ ਕਰੋ!'' ਹਮਦਰਦੀ, ਕੰਮ ਅਤੇ ਨਾਲ ਉਸ ਨੇ ਹੁਕਮ ਵੀ ਸੁਣਾਇਆ।

-''ਨਾ ਵੇ ਪੁੱਤਾ ਇਉਂ ਨਾ ਕਰ-ਮੇਰਾ ਪੁੱਤ ਤਾਂ ਗਊ ਐ-ਉਹ ਤਾਂ ਸ਼ੇਰਾ ਬਿਲਕੁਲ ਨਿਹੱਕਾ ਐ-ਉਹਨੂੰ ਤਾਂ ਡੁੱਬੜੇ ਨੂੰ ਇਹ ਵੀ ਨ੍ਹੀ ਫ਼ਬਰ ਹੋਣੀ ਬਈ ਉਹਦਾ ਵਸਦਾ ਰਸਦਾ ਘਰ ਉਜੜ ਗਿਆ-ਹਾੜ੍ਹੇ ਮੇਰਾ ਸ਼ੇਰ--!'' ਰੋਂਦੀ

ਕੁਰਲਾਉਂਦੀ, ਹਾੜ੍ਹੇ ਕੱਢਦੀ ਹਰ ਕੌਰ ਠਾਣੇਦਾਰ ਦੇ ਪੈਰਾਂ ਵਿਚ 'ਦਾਅੜ' ਕਰਦੀ ਡਿੱਗ ਪਈ।

-''ਉਠ ਹਰ ਕੁਰੇ! ਭਾਵੀਆਂ ਬੰਦਿਆਂ 'ਤੇ ਈ ਪੈਂਦੀਐਂ-ਹੌਂਸਲਾ ਨ੍ਹੀ ਸਿੱਟੀਦਾ ਹੁੰਦਾ!'' ਭਾਬੀਆਂ ਦੀ ਥਾਂ ਲੱਗਦੀ ਹਰ ਕੌਰ ਨੂੰ ਸਰਪੰਚ ਨੇ ਉਠਾਇਆ।

ਠਾਣੇਦਾਰ ਨੇ ਦਰਵਾਜੇ ਵੱਲ ਨੂੰ ਮੂੰਹ ਕੀਤਾ।

-''ਗੁਲਵੰਤ ਸਿਆਂ ਮੇਰਾ ਕਰਮਾਂ ਤਾਂ ਬਿਲਕੁਲ ਈ ਬੇਕਸੂਰ ਐ-ਬਿਚਾਰਾ ਗਊ ਐ ਗਊ।''

ਠਾਣੇਦਾਰ ਸਮੇਤ ਧਰਮਸਾਲਾ ਵੱਲ ਜਾਂਦੇ ਸਰਪੰਚ ਦੇ ਮਗਰ ਲਮਕਦੀ ਆ ਰਹੀ ਹਰ ਕੌਰ ਨੇ ਕਿਹਾ।

-''ਬੁੜ੍ਹੀਏ ਤੂੰ ਕਦੇ ਗਾਂਈਆਂ ਛੜਾਂ ਮਾਰਦੀਆਂ ਨਹੀਂ ਦੇਖੀਆਂ?'' ਕਿਸੇ ਸਿਪਾਹੀ ਨੇ ਹਰ ਕੌਰ ਨੂੰ ਲਾ ਕੇ ਜਿਹੇ ਕਿਹਾ।

-''ਕਰਦਾ ਨ੍ਹੀ ਚੁੱਪ ਤੇਰੀ ਮੈਂ ਭੈਣ ਨੂੰ--!'' ਠਾਣੇਦਾਰ ਸਿਪਾਹੀ ਨੂੰ ਟੁੱਟ ਕੇ ਪੈ ਗਿਆ।

ਉਹ ਚੁੱਪ ਕਰ ਗਿਆ। ਫਿਰ ਉਸ ਨੇ ਦਿਖਾਵੇ ਲਈ ਉਬਾਸੀ ਜਿਹੀ ਲੈ ਕੇ ਕੁੱਤੇ ਵਾਂਗ ਚੂਕ ਜਿਹੀ ਕੱਢੀ। ਇੱਕ ਅੱਖ ਤੋਂ ਗਿੱਡ ਲਾਹ ਕੇ ਉਸ ਦੀ ਬੱਤੀ ਬਣਾਈ।

ਸਾਰੇ ਧਰਮਸਾਲਾ ਵਿਚ ਪਹੁੰਚ ਗਏ।

ਸਰਪੰਚ ਠਾਣੇਦਾਰ ਨੂੰ ਇੱਕ ਪਾਸੇ ਲੈ ਗਿਆ।

-''ਟਰਾਲੀਆਂ ਦੀ ਕੀ ਲੋੜ ਪੈਗੀ ਮਹਾਰਾਜ?'' ਸਰਪੰਚ ਨੇ ਦਗਦਾ ਸੁਆਲ ਠਾਣੇਦਾਰ ਵੱਲ ਮਾਰਿਆ।

-''ਸਰਪੰਚ ਸਾਹਿਬ! ਮੈਂ ਤੁਹਾਡੀ ਕਦਰ ਕਰਦੈਂ-ਪਰ ਮਾਮਲਾ ਇੰਨਾਂ ਜਲਦੀ ਸੁਲਝਣ ਆਲਾ ਨਹੀਂ-ਜਿੰਨਾਂ ਤੁਸੀਂ ਸਮਝਦੇ ਓਂ-।''

-''ਮੇਰੀ ਤਾਂ ਜਨਾਬ ਇਹੀ ਬੇਨਤੀ ਐ ਬਈ ਲਾਅਸ਼ਾਂ ਦਾ ਸਸਕਾਰ ਕਰੋ ਤੇ ਮਿੱਟੀ ਪਾਓ।'' ਸਰਪੰਚ ਨੇ ਬੇਨਤੀ ਭਰਿਆ ਫ਼ੈਸਲਾ ਪੁੱਛਿਆ।

-''ਸਰਪੰਚ ਸਾਹਬ! ਚਾਰ ਮੌਤਾਂ ਦਾ ਸੁਆਲ ਐ-ਕੱਲ੍ਹ ਨੂੰ ਕਿਸੇ ਨੇ ਉਪਰ ਚੁਗਲੀ ਜਾ ਕੀਤੀ ਤਾਂ ਮੈਂ ਨਰੜਿਆ ਜਾਊਂਗਾ-ਤੁਸੀਂ ਮੈਨੂੰ ਵੀ ਸਮਝਣ ਦੀ ਕੋਸ਼ਿਸ਼ ਕਰੋ-ਮੇਰੇ ਪਿਉ ਦਾ ਰਾਜ ਨਹੀਂ-ਜੋ ਪਿੱਛੋਂ ਹੋਈ, ਕਰਾਂਗੇ।'' ਠਾਣੇਦਾਰ ਨੇ ਪੁਲਸੀਆ 'ਨਿਆਣਾ' ਮਾਰਿਆ, ਸਰਪੰਚ ਨੂੰ ਥਾਂ 'ਤੇ ਹੀ ਰੱਖ ਲਿਆ।

ਸਰਪੰਚ ਸੜੇ ਖੰਭਾਂ ਵਾਲੇ ਪੰਛੀ ਵਾਂਗ ਬੇਵੱਸ ਸੀ।

ਉਹ ਫ਼ੱਟੜ ਸੱਪ ਵਾਂਗ ਵਿਸ਼ ਘੋਲਦਾ ਹੀ ਰਹਿ ਗਿਆ।

-''ਵੈਸੇ ਤਾਂ ਸਾਨੂੰ ਤਕਰੀਬਨ ਪਤਾ ਈ ਐ-ਪਰ ਐਨਾਂ ਕੁ ਦੱਸਣ ਦੀ ਤਕਲੀਫ਼ ਕਰੋਂਗੇ ਰਪਟ ਕਿਸ ਨੇ ਦਿੱਤੀ?'' ਸਰਪੰਚ ਨੂੰ ਨ੍ਹੇਰੀ 'ਤੇ ਸ਼ੱਕ ਹੀ ਨਹੀਂ, ਤਕਰੀਬਨ ਯਕੀਨ ਸੀ।

-''ਜੇ ਤੁਹਾਨੂੰ ਪਤਾ ਈ ਐ ਤਾਂ ਮੈਥੋਂ ਕਿਉਂ ਪੁੱਛਦੇ ਓ?'' ਠਾਣੇਦਾਰ ਨੇ ਜਵਾਬ ਦੀ ਥਾਂ ਸਵਾਲ ਹਾਜ਼ਰ ਕੀਤਾ।

-''ਫੇਰ ਵੀ ਪਤਾ ਤਾਂ ਲੱਗੇ--- ?''

-''----।'' ਠਾਣੇਦਾਰ ਨੇ ਸਿਰ ਉਤਾਂਹ ਚੁੱਕਿਆ ਤਾਂ ਸਰਪੰਚ ਉਸ ਦੇ ਚਿਹਰੇ 'ਤੇ ਨਜ਼ਰ ਗੱਡੀ ਖੜ੍ਹਾ ਸੀ।

-''ਫ਼ੈਰ! ਪੁਲਸ ਦੇ ਕੁਝ ਅੰਦਰੂਨੀ ਮਸਲੇ ਹੁੰਦੇ ਐ-ਪਰ ਤੁਹਾਡੀ ਮੇਰੇ ਨਾਲ ਬੁੱਕਲ ਖੁੱਲ੍ਹੀ ਐ ਕਰਕੇ ਦੱਸ ਦਿੰਨੈਂ-ਪਰ ਰਾਜ਼ ਰਾਜ਼ ਈ ਰਹੇ!'' ਠਾਣੇਦਾਰ ਨੇ ਪੈਂਤਰੇ ਨਾਲ ਹਿਲਦੇ ਕਿੱਲੇ ਨੂੰ ਸੁਆਰ ਕੇ ਠੋਕਿਆ।

-''ਮੈਂ ਤਾਂ ਕੱਚ ਹਜਮ ਕਰਜਾਂ ਹਜੂਰ-ਗੱਲਾਂ ਕਿਹੜੀਆਂ ਕਰਦੇ ਓਂ?'' ਸਰਪੰਚ ਨੇ ਕੁੰਡੀ ਵਿਚ ਕੁੰਡੀ ਫ਼ਸਾਈ। ਰੇਖ ਵਿਚ ਮੇਖ ਮਿਲਦੀ ਕਰਕੇ ਉਹ ਇਕ ਦੂਜੇ ਨਾਲ ਸਿੱਧੇ ਹੋ ਰਹੇ ਸਨ।

-''ਕੋਈ ਬੁੱਕਣ ਸਿਉਂ ਐਂ, ਕਰਮ ਸਿਉਂ ਦੇ ਤਾਏ ਦਾ ਮੁੰਡਾ-ਉਹਨੇ ਇਤਲਾਹ ਦਿੱਤੀ ਐ।'' ਠਾਣੇਦਾਰ ਨੇ ਗੱਲ ਮੱਲੋਮੱਲੀ ਮੂੰਹੋਂ ਤੋੜੀ ਸੀ।

-''ਮੈਂ ਉਹਨਾਂ ਪੁਲਸ ਅਫ਼ਸਰਾਂ ਵਰਗਾ ਨਹੀਂ-ਪਰ--।''

-''ਮਖਿਆ ਵਹਿਮ ਨਾ ਕਰੋ-ਅਸੀਂ ਸਮੁੰਦਰ ਪੀ ਕੇ ਡਕਾਰ੍ਹ ਨਾ ਮਾਰੀਏ---!'' ਸਰਪੰਚ ਨੇ ਠਾਣੇਦਾਰ ਨੂੰ ਬੇਫ਼ਿਕਰ ਕੀਤਾ।

ਉਹ ਮੁੜ ਕੁਰਸੀਆਂ ਉਪਰ ਆ ਬੈਠੇ।

-''ਥੰਮ੍ਹਣ ਸਿਆਂ-ਦੋ ਟਰਾਲੀਆਂ ਦਾ ਪ੍ਰਬੰਧ ਕਰੋ--!'' ਸਰਪੰਚ ਨੇ ਮੈਂਬਰ ਨੂੰ ਕਿਹਾ।

-''ਇਕ ਤਾਂ ਆਪਣੀ ਹੈਗੀ ਐ ਜੀ---!'' ਦੱਲਾ ਨੰਬਰਦਾਰ ਸਿੱਧਾ ਸਲੋਟ ਠਾਣੇਦਾਰ ਵੱਲ ਮੂੰਹ ਕਰੀ ਖੜ੍ਹਾ ਸੀ।

-''ਇਕ ਫਿਰ ਆਪਣੇ ਆਲੀ ਲੈ ਆਓ।'' ਸੂਬੇਦਾਰ ਗੁਰਚਰਨ ਸਿੰਘ ਬੋਲਿਆ।

ਟਰਾਲੀਆਂ ਪਹੁੰਚ ਗਈਆਂ।

ਠਾਣੇਦਾਰ ਦੇ ਕਹਿਣ 'ਤੇ ਸਰਪੰਚ ਨੇ ਲਾਅਸ਼ਾਂ ਲੱਦਣ ਦਾ ਹੁਕਮ ਦਿੱਤਾ। ਸਰਪੰਚ ਗੁਲਵੰਤ ਸਿੰਘ ਇਕ ਕੱਠਪੁਤਲੀ ਵਾਂਗ ਨੱਚ ਰਿਹਾ ਸੀ।

-''ਲਾਅਸ਼ਾਂ ਲੈ ਕੇ ਠਾਣੇ ਆ ਜਾਓ!'' ਜੀਪ ਵਿਚ ਬੈਠਦਿਆਂ ਠਾਣੇਦਾਰ ਨੇ ਹੁਕਮ ਦਿੱਤਾ।

-''ਅੱਛਾ ਸਰਪੈਂਚ ਸਾਹਬ-ਸਵੇਰੇ ਮਿਲਾਂਗੇ!'' ਠਾਣੇਦਾਰ ਨੇ ਕਿਹਾ।

ਜੀਪ ਤੁਰ ਗਈ।

ਤੁਰਦੀ ਜੀਪ ਨਾਲ ਅਜ਼ੀਬ ਗਰਦ ਉਠੀ ਸੀ।

-''ਹੁਣ ਇਹ ਮਿੱਟੀ ਕਿੱਥੇ ਲੈ ਚੱਲੇ ਓਂ ਦੁਸ਼ਮਣੋਂ?'' ਲਾਅਸ਼ਾਂ ਵਾਲੇ ਮੰਜਿਆਂ ਨੂੰ ਹੱਥ ਪਾਉਂਦੇ ਮੁੰਡਿਆਂ ਤੋਂ ਹਰ ਕੌਰ ਨੇ ਬਿਲਕ ਕੇ ਜਿਹੇ ਪੁੱਛਿਆ।

-''ਪੋਸਟ ਮਾਰਟਮ ਕਰਵਾਉਣੈਂ ਹਰ ਕੁਰੇ!'' ਸਰਪੰਚ ਨੇ ਫ਼ਾਮੋਸ਼ ਜਿਹਾ ਉਤਰ ਦਿੱਤਾ।

-''ਵੇ ਪੋਟ ਮਾਟਮ ਨੂੰ ਇਹਨਾਂ 'ਚ ਹੁਣ ਕੀ ਐ? ਇਹ ਤਾਂ ਹੁਣ ਮਿੱਟੀ ਐ-ਜਿੱਥੇ ਮਰਜੀ ਐ ਚੱਕੀ ਫਿਰੋ-ਹਾੜ੍ਹੇ ਵੇ ਗੁਲਵੰਤ! ਨਾ ਇਹਨਾਂ ਦੀ ਮਿੱਟੀ ਖਰਾਬ ਕਰੋ---!'' ਝੱਖੜ ਦੀ ਝੰਬੀ ਬੇਰੀ ਵਾਂਗ ਹਰ ਕੌਰ ਹੱਥ ਜੋੜੀ ਕੰਬੀ ਜਾ ਰਹੀ ਸੀ।

-"ਇਹ ਮੈਂ ਨ੍ਹੀ ਹਰ ਕੁਰੇ-ਕੁੱਤੀ ਪੁਲਸ ਕਰਾਉਂਦੀ ਐ---!" ਸਰਪੰਚ ਨੇ ਮਨ ਦੀ ਭੜ੍ਹਾਸ ਕੱਢੀ। ਉਸ ਦਾ ਜੀਅ ਉਚੀ ਡਾਡਾਂ ਮਾਰਨ ਨੂੰ ਕਰਦਾ ਸੀ।

-"ਹੇ ਸੱਚਿਆ ਪਾਸ਼ਾਹ-ਤੂੰ ਸਾਡੇ ਨਾਲ ਕੀ ਕਰੀ ਜਾਨੈਂ? ਚੱਕ ਲੈ ਵੇ ਮੈਨੂੰ ਵੀ ਹਰਾਮਦਿਆ---!" ਹਰ ਕੌਰ ਨੇ ਕੰਧ ਵਿਚ ਟੱਕਰ ਮਾਰੀ ਅਤੇ ਬੇਹੋਸ਼ ਹੋ ਕੇ ਡਿੱਗ ਪਈ। ਉਸ ਦਾ ਮੱਥਾ ਪਾਟ ਗਿਆ ਸੀ। ਸ਼ਾਇਦ ਉਹ ਮਰ ਜਾਣਾ ਚਾਹੁੰਦੀ ਸੀ। ਪਰ ਮਰਨਾਂ ਵੀ ਉਸ ਦੇ ਵੱਸ ਵਿਚ ਨਹੀਂ ਸੀ ਸ਼ਾਇਦ!

ਬੁੜ੍ਹੀਆਂ ਨੇ ਉਸ ਨੂੰ ਸੰਭਾਲਿਆ।

ਡਾਕਟਰ ਬੁਲਾ ਕੇ ਪੱਟੀ ਕਰਵਾਈ। ਟੀਕਾ ਕਰਵਾਇਆ।

ਲਾਅਸ਼ਾਂ ਵਾਲੀਆਂ ਟਰਾਲੀਆਂ ਤੁਰ ਗਈਆਂ। ਲਾਅਸ਼ਾਂ ਨਾਲ ਇੰਦਰ ਗਿਆ ਸੀ। ਤੁਰਦੀਆਂ ਟਰਾਲੀਆਂ ਦੇਖ ਕੇ ਅੱਧਾ ਪਿੰਡ ਰੋਇਆ ਸੀ। ਅੱਧਾ ਨਹੀਂ, ਸਗੋਂ ਸਾਰਾ ਹੀ ਰੋਇਆ ਸੀ। ਖੁਸ਼ ਸੀ ਤਾਂ ਨ੍ਹੇਰੀ ਜਾਂ ਨੰਬਰਦਾਰ! ਜਿਹਨਾਂ ਦੇ ਦੋਹੀਂ ਹੱਥੀਂ ਲੱਡੂ ਸਨ। ਜਿਹਨਾਂ ਨੇ ਇੱਕ ਤਰ੍ਹਾਂ ਨਾਲ ਕਿੜ ਕੱਢੀ ਸੀ। ਪਿੰਡ ਦੇ ਲੋਕ ਤਾਂ ਇੰਜ ਮਾਯੂਸ ਸਨ, ਜਿਵੇਂ ਪਿੰਡ ਵਿਚ ਕੋਈ 'ਦਿਉ' ਪੈਣ ਲੱਗ ਪਿਆ ਸੀ। ਜਿਵੇਂ ਪਿੰਡ ਵਿਚ ਕੋਈ ਪਰਲੋਂ ਆ ਗਈ ਸੀ ਅਤੇ ਪਿੰਡ ਉੱਜੜ ਗਿਆ ਸੀ।

-"ਹੇ ਮੇਰਿਆ ਮਾਲਕਾ! ਆਹ ਦਿਨ ਵੀ ਦੇਖਣੇ ਸੀ!" ਰੋਂਦੀ ਹਰ ਕੌਰ ਕਹਿ ਰਹੀ ਸੀ।

-------------- ਕਾਂਡ ਚੌਥਾ -------------------

ਲਾਅਸ਼ਾਂ ਵਾਲੀਆਂ ਟਰਾਲੀਆਂ ਠਾਣੇ ਅੰਦਰ ਦਾਖਲ ਹੋ ਗਈਆਂ। ਠਾਣਾ ਕਾਫ਼ੀ ਖੁੱਲ੍ਹਾ ਸੀ। ਟਰਾਲੀਆਂ ਨੂੰ ਸਿਪਾਹੀ ਨੇ ਇਕ ਖੂੰਜੇ ਧੁੱਪੇ ਹੀ ਖੜ੍ਹੀਆਂ ਕਰਨ ਦਾ ਹੁਕਮ ਦਿੱਤਾ। ਦੋਨੋਂ ਟਰਾਲੀਆਂ ਠਾਣੇ ਦੇ ਇਕ ਖੂੰਜੇ ਹੀ ਲਾ ਦਿੱਤੀਆਂ ਗਈਆਂ। ਪੁਲੀਸ ਸਾਹਮਣੇਂ ਬੋਲਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਬੋਲ ਕੇ ਕਿਸੇ ਨੇ ਮਰਨਾ ਸੀ?

ਠਾਣੇਦਾਰ ਠਾਣੇ ਵਿਚ ਨਹੀਂ ਸੀ।

ਸ਼ਾਇਦ ਘਰੇ ਦੁਪਿਹਰ ਦੀ ਰੋਟੀ ਖਾਣ ਗਿਆ ਸੀ।

-"ਆਹ ਛੂਛਕ ਐਥੇ ਲਿਆ ਧਰਿਆ?" ਮੁਣਸ਼ੀ ਨੇ ਲਾਅਸ਼ਾਂ ਵੱਲ ਨੂੰ ਉਂਗਲ ਕਰਕੇ ਪੁੱਛਿਆ। ਉਹ ਦਫ਼ਤਰ ਵਿਚੋਂ ਪੱਖੇ ਥੱਲੇ ਊਂਘਦਾ ਹੁਣੇ ਹੀ ਬਾਹਰ ਨਿਕਲਿਆ ਸੀ।

-''ਲਾਅਸ਼ਾਂ ਐਂ-ਪੋਸਟ ਮਾਰਟਮ ਲਈ ਭੇਜਣੀਐਂ!'' ਹੌਲਦਾਰ ਨੇ ਕਿਸੇ ਅੰਦਾਜ਼ ਨਾਲ ਉਤਰ ਦਿੱਤਾ।

-''ਤੇ ਐਥੇ ਭੈਣ ਗੜ੍ਹਾਉਣ ਨੂੰ ਲਿਆਂਦੀਐਂ? ਇਹ ਹਸਪਤਾਲ ਐ?'' ਮੁਣਸ਼ੀ ਜਿਵੇਂ ਲਾਅਸ਼ਾਂ 'ਤੇ ਅੰਬਿਆ ਪਿਆ ਸੀ।

-''ਉਹਦੀਆਂ ਉਹੀ ਜਾਣੇ!'' ਹੌਲਦਾਰ ਨੇ ਤੋੜਾ ਠਾਣੇਦਾਰ ਸਿਰ ਝਾੜਿਆ।

ਮੁਣਸ਼ੀ ਅਤੇ ਹੌਲਦਾਰ ਦਫ਼ਤਰ ਅੰਦਰ ਚਲੇ ਗਏ।

ਟਰਾਲੀਆਂ ਵਾਲੇ ਮੁੰਡੇ ਅਤੇ ਇੰਦਰ ਵਰਾਂਡੇ ਥੱਲੇ ਛਾਵੇਂ ਆ ਗਏ।

ਢਕੀਆਂ ਲਾਅਸ਼ਾਂ 'ਤੇ ਸੂਰਜ ਬਲਦੀਆਂ ਲਾਟਾਂ ਸੁੱਟ ਰਿਹਾ ਸੀ।

-''ਦੁਹਾਈ ਉਏ ਰੱਬਾ! ਚਾਰ ਕਤਲ ਹੋ ਜਾਣ ਤੇ ਘੁੱਟ ਪੀਣ ਨੂੰ ਵੀ ਨਾ ਮਿਲੇ?'' ਹੌਲਦਾਰ ਦੇ ਕੁਝ ਨਾ ਮਿਲਣ 'ਤੇ ਹੌਲ ਪਈ ਜਾ ਰਹੇ ਸਨ।

-''ਇਹਨੇ ਕੁਛ ਕਰਨ ਕਰਾਉਣ ਨ੍ਹੀ ਦੇਣਾ-ਬੱਲ੍ਹੀ ਬੂਥੀ ਆਲੇ ਨੇ।'' ਮੁਣਸ਼ੀ ਠਾਣੇਦਾਰ 'ਤੇ ਢਿੱਡੋਂ ਔਖਾ ਸੀ।

-''ਹੁਣ ਕਿੱਥੇ ਗਿਐ?''

-''ਲੰਗਰ ਝੁਲਸਣ ਗਿਆ ਹੋਊ ਘਰੇ-।''

ਫਿਰ ਉਹ ਕੁਝ ਦੇਰ ਲਈ ਚੁੱਪ ਹੋ ਗਏ।

-''ਜਾਂਦਾ ਹੋਇਆ ਹੁਕਮ ਦੇ ਗਿਆ ਸੀ-ਬਈ ਜਦੋਂ ਪਹੁੰਚ ਗਏ ਮੈਨੂੰ ਖਬਰ ਕਰ ਦਿਓ।'' ਕਾਫ਼ੀ ਦੇਰ ਬਾਅਦ ਮੁਣਸ਼ੀ ਨੇ ਚੁੱਪ ਤੋੜੀ।

-''ਫੇਰ ਭੇਜ ਕਿਸੇ ਸਿਪਾਹੀ ਨੂੰ-ਨਹੀਂ ਆ ਕੇ ਟੱਪੂਗਾ ਮੇਰਾ ਸਹੁਰਾ।''

-''ਐਹੋ ਜਿਹੇ ਸਾਲੇ ਕਤੀੜ੍ਹ ਨੂੰ ਅੱਤਵਾਦੀ ਵੀ ਨ੍ਹੀ ਮਾਰਦੇ।''

-''ਐਹੋ ਜਿਆਂ ਨੂੰ ਤਾਂ ਉਹ ਥਾਪੀ ਦਿੰਦੇ ਐ ਥਾਪੀ-ਜਿਹੜੇ ਰਿਸ਼ਵਤ ਨ੍ਹੀ ਲੈਂਦੇ-ਮਾਰਦੇ ਤਾਂ ਗੇੜੇ ਦੇਣੇਂ ਮੈਂ ਤੂੰ ਨੂੰ ਐਂ-ਜਿਹੜੇ ਸਿੱਧੀ ਈ ਬਿੱਕ ਲਾਹੁੰਦੇ ਐ।'' ਹੌਲਦਾਰ ਤੋਂ ਸੱਚੀ ਗੱਲ ਮੱਲੋਮੱਲੀ ਆਖ ਹੋ ਗਈ।

-''ਪੰਜਵੇਂ ਮੈਂ ਪਿੰਡ ਗਿਆ ਸੀ ਨਾ?'' ਮੁਣਸ਼ੀ ਨੇ ਗੱਲ ਸ਼ੁਰੂ ਕੀਤੀ।

-''ਆਹੋ-।'' ਹੌਲਦਾਰ ਨੇ ਹੁੰਗਾਰਾ ਭਰਨਾ ਸ਼ੁਰੂ ਕਰ ਦਿੱਤਾ।

-''ਉਥੇ ਸਾਡੇ ਪਿੰਡ ਇਕ ਜੰਨ ਆਈ ਵੀ ਸੀ-ਜੰਨ ਦੇ ਪੈਂਤੀ ਬੰਦੇ-ਉਥੇ ਆ ਪਏ ਪਤੰਦਰ-ਅਖੇ ਜੰਨ ਗਿਆਰਾਂ ਬੰਦਿਆਂ ਤੋਂ ਵੱਧ ਕਿਉਂ ਆਈ ਐ? ਅਖੇ ਹਮਾਰਾ ਹੁਕਮ ਐਂ ਕਿ ਗਿਆਰਾਂ ਬੰਦੇ ਜੰਨ ਦੇ ਆਉਣ ਤੇ ਤੁਮ ਨੇ ਹਮਾਰਾ ਹੁਕਮ ਅਦੂਲ ਕੀਆ-।'' ਉਸ ਨੇ ਵਿਅੰਗ ਨਾਲ ਹਿੰਦੀ ਸ਼ੁਰੂ ਕਰ ਲਈ।

-''ਫੇਰ--- ?'' ਹੌਲਦਾਰ ਨੇ ਕੁਰਸੀ ਖਿੱਚ ਕੇ ਨੇੜੇ ਕਰ ਲਈ।

-''ਫੇਰ ਕੀ? ਵਿਆਹ ਆਲਾ ਮੁੰਡਾ ਢਾਹ ਲਿਆ ਤੇ ਮੁੰਡੇ ਦੇ ਪਿਉ ਨੂੰ ਬਣਾ ਲਿਆ ਬੋਕ-ਬਚੋਲੇ ਦੇ ਲਫ਼ੇੜੇ ਠੋਕੇ, ਅਖੇ ਇਹ ਸਾਰਾ ਤੇਰਾ ਕੰਮ ਐਂ-ਤੇ ਜਾਨੀਆਂ ਤੋਂ ਭਾਈ ਪਾਥੀਆਂ ਪਥਾ-ਛੱਪੜ 'ਚ ਵਾੜ-ਕੁੜੀ ਤੋਂ ਵਿਚੋਲੇ ਦੇ ਭਾਈ ਲੱਫ਼ੜ ਮਰਵਾਏ-ਘਰਦਿਆਂ ਨੂੰ ਤਾੜ-ਕੁੜੀ ਨੂੰ ਦਾਜ 'ਚ ਦੇਣ ਆਲਾ ਸਕੂਟਰ ਚੱਕ ਕੇ ਲੈਗੇ-ਅਖੇ ਤੁਸੀਂ ਦਾਜ ਦਿੰਨੇਂ ਐਂ-ਮੀਟ ਆਲੇ ਪਤੀਲੇ ਡੋਲ੍ਹ-ਬੁਰਾ ਹਾਲ ਬੌਂਕੇ ਦਿਹਾੜ੍ਹੇ-ਮੇਰੇ ਘਰਆਲੀ ਵਿਆਹ ਆਲੇ ਘਰੋਂ ਭੱਜੀ ਆਈ-ਕਹਿੰਦੀ ਖਾੜਕੂ ਆ ਪਏ-ਮੈਂ ਤਾਂ ਵੀਹੀ ਸੁੰਨੀ ਜੀ ਦੇਖ ਕੇ ਖੇਤਾਂ ਨੂੰ ਤੀੜ ਦੇ ਲਈ-ਸਾਰਾ ਦਿਨ ਖੇਤ 'ਚ ਈ ਲੁਕ ਕੇ ਕੱਟਿਆ-ਫੇਰ ਆਨੰਦ ਕਾਰਜ ਕਰਵਾ ਕੇ ਸਾਰਾ ਦਿਨ ਪਿੰਡ 'ਚ ਈ ਭਲਵਾਨੀ ਗੇੜੇ ਦਿੰਦੇ ਰਹੇ ਪਤੰਦਰ-ਆਥਣ ਨੂੰ ਜਾ ਕੇ ਕੁੜੀ ਤੁਰੀ-ਤਾਂ ਗਏ।'' ਮੁਣਸ਼ੀ ਨੇ ਰਾਮ ਕਹਾਣੀ ਖ਼ਤਮ ਕੀਤੀ।

-''ਪਰ ਯਾਰ ਕਰਦੇ ਤਾਂ ਠੀਕ ਈ ਐ-ਸੜਿਆ ਵਿਆ ਜੱਟ ਉਠ ਕੇ ਕਹਿ ਦਿੰਦੈ: ਸਾਡਾ ਸਕੂਟਰ ਬਿਨਾ ਨੀ ਜੀ ਸਰਨਾ-ਮੁੰਡੇ ਨੂੰ ਭਲਾ ਭੈਣ ਦੇਣੇ ਨੂੰ ਸੈਕਲ ਚਲਾਉਣਾ ਨਾ ਆਉਂਦਾ ਹੋਵੇ-ਪਰ ਜਿਹੜੀ ਦੁਰਬੜੀ ਲਾਉਂਦੇ ਐ-ਇਹ ਸਾਲੀ ਮਾੜੀ ਗੱਲ ਐ।'' ਹੌਲਦਾਰ ਨੇ ਆਖਿਆ। ਉਹ ਗਿੱਦੜ-ਕੁੱਟ ਤੋਂ ਚਾਲੂ ਸੀ।

-''ਕੁਛ ਗੱਲਾਂ ਤਾਂ ਇਹਨਾਂ ਦੀਆਂ ਠੀਕ ਐ।'' ਮੁਣਸ਼ੀ ਨੇ ਦਿਲੋਂ ਮੰਨਿਆਂ।

-''ਮੈਂ ਤਾਂ ਭਾਈ ਡਰਦਾ ਵਿਆਹ ਈ ਨ੍ਹੀ ਜਾਂਦਾ-ਕੀ ਪਤੈ ਕੰਜਰ ਦੇਵਤੇ ਮਾਂਗੂੰ ਕਿੱਥੋਂ ਪ੍ਰਗਟ ਹੋ ਜਾਣ? ਸਾਰੇ ਪੰਜਾਬ ਦੀ ਅਹੀ ਤਹੀ ਕਰੀ ਫਿਰਦੇ ਐ!''

-''ਤੂੰ ਵਿਆਹ ਦੀ ਗੱਲ ਕਰਦੈਂ? ਮੈਂ ਪਿੰਡ ਨ੍ਹੀ ਜਾਂਦਾ ਉਦੋਂ ਦਾ-ਜਿਹੜੇ ਪਿੰਡ ਨੂੰ ਪੈ ਨਿਕਲਣ-ਉਥੇ ਤਾਂ ਫੇਰ ਗੇੜਾ ਈ ਰੱਖਦੇ ਐ-ਬਥੇਰ੍ਹੇ ਮਾਰੀਦੇ ਐ ਪਰ-।''

-''ਮੁਣਸ਼ੀ ਜੀ-ਸਰਦਾਰ ਸਾਹਬ ਨੂੰ ਤਾਂ ਬੁਲਾਓ।'' ਅੰਦਰ ਆ ਕੇ ਇੰਦਰ ਨੇ ਉਹਨਾਂ ਦੀਆਂ ਗੱਲਾਂ ਦੀ ਲੜੀ ਤੋੜੀ।

ਮੁਣਸ਼ੀ ਦੀਆਂ ਚੁਸਤ ਨਜ਼ਰਾਂ ਨੇ ਇੰਦਰ ਨੂੰ ਤਾੜਿਆ। ਪਰ ''ਤੂੰ ਕੌਣ ਐਂ?'' ਪੁੱਛਣ ਵਿਚ ਉਹ ਸੰਕੋਚ ਕਰ ਗਿਆ।

-"ਆਉਂਦੈ, ਬਾਹਰ ਬੈਠ!" ਮੁਣਸ਼ੀ ਨੇ ਕਿਹਾ।

-"ਬਥੇਰ੍ਹੇ ਮਾਰੀਦੇ ਐ-ਫੇਰ ਪਤਾ ਨ੍ਹੀ ਕਿੱਥੋਂ ਹੋਰ ਉਗ ਪੈਂਦੇ ਐ?" ਮੁਣਸ਼ੀ ਨੇ ਆਪਣੀ ਪਿਛਲੀ ਗੱਲ ਖ਼ਤਮ ਕੀਤੀ, ਜੋ ਵਿਚੇ ਹੀ ਰਹਿ ਗਈ ਸੀ।

-"ਭੇਜ ਯਾਰ ਕਿਸੇ ਸਿਪਾਹੀ ਨੂੰ-ਗਾਂਹਾਂ ਡਾਕਟਰ ਪਤਾ ਨ੍ਹੀ ਕੀ ਨੁੱਗਾ ਕੱਢ ਦਿਖਾਊ?" ਹੌਲਦਾਰ ਨੂੰ ਹੋਰ ਫ਼ਿਕਰ ਖਾ ਰਿਹਾ ਸੀ।

-"ਉਏ ਗੁਰਪ੍ਰੀਤ---!"

-"ਹਾਂ ਜੀ---?" ਨਵਾਂ ਭਰਤੀ ਹੋਇਆ ਸਿਪਾਹੀ ਹਾਜ਼ਰ ਸੀ।

-"ਜਾਹ ਸਰਦਾਰ ਨੂੰ ਬੁਲਾ ਕੇ ਲਿਆ!"

-"ਅੱਛਾ ਜੀ---!" ਸਿਪਾਹੀ ਤੁਰ ਗਿਆ।

-"ਜਾਹ ਬੁਲਾ ਲਿਆ ਬਰੀ ਦੇ ਤਿਔਰ ਨੂੰ-ਕਹਿ ਨਿਔਂਦਾ ਉਡੀਕਦੈ।" ਹੌਲਦਾਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਣਸ਼ੀ ਵਿਅੰਗਮਈ ਹੱਸ ਪਿਆ। ਬੇਰਹਿਮ ਮੁਣਸ਼ੀ 'ਤੇ ਬਾਹਰ ਸੜ ਰਹੀਆਂ ਲਾਅਸ਼ਾਂ ਦਾ ਕੋਈ ਅਸਰ ਨਹੀਂ ਸੀ।

ਉਹ ਇਕ ਦੂਜੇ ਨਾਲ ਸੰਖੇਪ ਗੱਲਾਂ ਕਰ ਰਹੇ ਸਨ। ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ! ਜਿਵੇਂ ਸਭ ਸੁੱਖ ਸਾਂਦ ਸੀ।

ਪਰ ਇੰਦਰ ਠਾਣੇ ਦੇ ਵਿਹੜੇ ਵਿਚ ਭਰਿਆ ਪੀਤਾ ਗੇੜੇ ਦੇ ਰਿਹਾ ਸੀ।

ਪਰਚਾ ਨਾ ਤਾਂ ਅਜੇ ਬਣਿਆਂ ਸੀ ਅਤੇ ਨਾ ਹੀ ਕੱਟਿਆ ਸੀ। ਸਿਰਫ਼ ਰੋਜ਼ਨਾਮਚੇ ਉਪਰ ਕੱਚੀ ਜਿਹੀ ਇਤਲਾਹ ਹੀ ਦਰਜ਼ ਕੀਤੀ ਸੀ। ਉਹ ਵੀ ਮੁਣਸ਼ੀ ਨੇ ਪੈਨਸਿਲ ਨਾਲ ਹੀ ਦਰਜ਼ ਕੀਤੀ ਸੀ, ਤਾਂ ਕਿ "ਕੋਈ ਟਾਈਮ" ਆਉਣ 'ਤੇ ਅਦਲਾ ਬਦਲੀ ਕੀਤੀ ਜਾ ਸਕੇ!

ਠਾਣੇਦਾਰ ਪਹੁੰਚ ਗਿਆ।

-"ਠਾਣੇਦਾਰ ਸਾਹਬ-ਲਾਅਸ਼ਾਂ ਧੁੱਪੇ ਈ-।" ਇੰਦਰ ਠਾਣੇਦਾਰ ਕੋਲ ਆਇਆ।

-"ਇਹਨਾਂ ਨੂੰ ਇਉਂ ਈ ਹਸਪਤਾਲ ਲੈ ਜਾਓ।" ਠਾਣੇਦਾਰ ਨੇ ਵੱਡਾ ਸਾਰਾ ਡਕਾਰ੍ਹ ਮਾਰਿਆ। ਜਿਸ ਵਿਚੋਂ ਇੰਦਰ ਨੂੰ ਆਲੂਆਂ ਦੀ ਸਬਜ਼ੀ ਦੀ ਹਵਾੜ੍ਹ ਆਈ। ਉਸ ਨੇ ਸਾਹ ਥਾਂ 'ਤੇ ਹੀ ਰੋਕ ਲਿਆ।

ਪੁਲੀਆਂ ਪਾ ਕੇ ਟਰੈਕਟਰ ਸਟਾਰਟ ਕੀਤੇ ਗਏ।

ਹੌਲਦਾਰ ਅਤੇ ਇਕ ਸਿਪਾਹੀ ਨੂੰ ਰੁੱਕਾ ਦੇ ਕੇ ਠਾਣੇਦਾਰ ਨੇ ਇੰਦਰ ਹੁਰਾਂ ਨਾਲ ਤੋਰ ਦਿੱਤਾ। ਇੰਦਰ ਅੰਦਰੋਂ ਬਲਿਆ ਪਿਆ ਸੀ ਕਿ ਲਾਅਸ਼ਾਂ ਦਾ ਆਖਰ ਠਾਣੇ ਵਿਚ ਕੀ ਕੰਮ ਸੀ? ਧੁੱਪੇ ਤਾਂ ਲਾਅਸ਼ਾਂ ਵੈਸੇ ਹੀ ਮੁਸ਼ਕ ਜਾਣ ਦਾ ਡਰ ਸੀ। ਕਿੰਨੇ ਘੰਟੇ ਹੋ ਗਏ ਸਨ ਮੌਤਾਂ ਹੋਇਆਂ, ਇਹ ਮਾਮਲਾ ਵਿਚ ਵਿਚਾਲੇ ਹੀ ਦੱਬੀ ਫਿਰਦੇ ਸਨ। ਸੋਚਦਾ ਉਹ ਚੁੱਪ ਸੀ।

ਹਸਪਤਾਲ ਠਾਣੇ ਤੋਂ ਕੋਈ ਬਹੁਤਾ ਦੂਰ ਨਹੀਂ ਸੀ। ਜਿਸ ਕਰਕੇ ਇੰਦਰ ਸਮੇਤ ਹੌਲਦਾਰ ਅਤੇ ਸਿਪਾਹੀ ਪੈਦਲ ਹੀ ਹੋ ਤੁਰੇ।

-''ਜਾੜ੍ਹਾਂ ਜੀਆਂ ਕੱਢਦਾ ਨਾਲ ਤੁਰਿਆ ਫਿਰਦੈਂ-ਕੋਈ ਮਾੜੀ ਮੋਟੀ ਜੇਬ ਵੀ ਢਿੱਲੀ ਕਰ!'' ਅਲਕ ਵਹਿੜਕੇ ਇੰਦਰ ਨੂੰ ਹੌਲਦਾਰ ਨੇ 'ਆਰ' ਲਾ ਕੇ ਦੇਖੀ।

-''ਹੈਂ ਬਈ! ਅਸੀਂ ਕਾਮਰੇਡ ਹੁੰਨੇਂ ਐਂ!'' ਕੌੜੀ ਜਿਹੀ ਮੁਸਕਾਨ ਸੁੱਟਦੇ ਇੰਦਰ ਨੇ ਹੌਲਦਾਰ ਨੂੰ ਆਪਣੀ ਪੁਜੀਸ਼ਨ ਦੱਸੀ।

-''ਕਾਮਰੇਡਾਂ ਦੇ ਪੈਸੇ ਕਿਹੜਾ ਸਾਡੇ ਬੁਰਕ ਮਾਰਦੇ ਐ? ਪੈਸਾ ਤਾਂ ਪੈਸਾ ਈ ਹੁੰਦੈ!'' ਹੌਲਦਾਰ ਨੇ ਮਸ਼ੀਨ ਵਾਂਗ ਮੋੜਵਾਂ ਉਤਰ ਦਿੱਤਾ।

-''ਹੈਂ ਬਈ! ਅਸੀਂ ਲੈਣ ਦੇਣ ਦੇ ਚੱਕਰ 'ਚ ਤਾਂ ਖਾਸ ਵਿਰੁੱਧ ਐਂ।'' ਇੰਦਰ ਨੇ ਵਕਾਲਤ ਸ਼ੁਰੂ ਕਰ ਦਿੱਤੀ।

-''ਤਾਂ ਹੀ ਤਾਂ ਬੇੜੀਆਂ 'ਚ ਵੱਟੇ ਪਾਉਂਦੇ ਓਂ।'' ਹੌਲਦਾਰ ਵੀ ਘੱਟ ਨਹੀਂ ਸੀ।

-''ਇਹ ਤਾਂ ਆਖਰ ਨੂੰ ਪੈਣੇ ਈ ਪੈਣੇ ਐਂ-ਦਿਸੀ ਜਾਂਦੈ।'' ਇੰਦਰ ਅੰਦਰੋ ਅੰਦਰੀ ਰੋਹ ਖਾ ਗਿਆ।

-''ਆਹੀ ਗੱਲ ਤਾਂ ਥੋਨੂੰ ਲੈ ਬੈਠਦੀ ਐ-ਨਹੀਂ ਹੁਣ ਨੂੰ ਕੋਈ ਇਲਾਕਾ ਨਾ ਦੱਬੀ ਬੈਠੇ ਹੁੰਦੇ?'' ਹੌਲਦਾਰ ਵਹਿੜਕੇ ਨੂੰ 'ਹਾਲੀ' ਕੱਢਣਾ ਚਾਹੁੰਦਾ ਸੀ। ਪਰ ਇੰਦਰ ਲੱਤ ਨਹੀਂ ਲਾਉਂਦਾ ਸੀ।

-''ਕਿਸੇ ਦਾ ਕੁਛ ਦੱਬਣਾ ਮਾਨੁੱਖਤਾ ਦਾ ਕੰਮ ਥੋੜੋ ਐ? ਇਹ ਤਾਂ ਗੱਦਾਰ ਕਰਦੇ ਐ-ਮਹਾਨ ਸ਼ਖਸੀਅਤਾਂ ਕਾਹਨੂੰ ਕਰਦੀਐਂ? ਹੱਕ ਤਾਂ ਲੜ ਕੇ ਲਿਆ ਜਾਂਦੈ।'' ਉਸ ਦਾ ਤਿੰਨ ਉਂਗਲਾਂ ਵਾਲਾ ਚਿੱਪੜ ਜਿਹਾ ਹੱਥ, ਹੌਲਦਾਰ ਨੂੰ ਰੋਅਬ ਦੇ ਰਿਹਾ ਸੀ।

-''ਅੱਛਾ! ਤੁਸੀਂ ਮਹਾਨ ਸ਼ਖਸੀਅਤਾਂ ਐਂ?'' ਹੌਲਦਾਰ ਨੇ ਵਿਅੰਗ ਕਸਿਆ, ''ਤੁਸੀਂ ਤਾਂ ਧੱਫ਼ੇ ਦੇ ਢੋਲ,

ਵਜਾਏ ਵੱਜਣ ਆਲੇ ਓਂ-ਸੁੱਕੇ ਸੋਹੜ੍ਹੇ ਆਪ ਮਰਦੇ ਓਂ-ਨਾ ਕਿਸੇ ਨੂੰ ਖਾਣ ਦਿੰਨੇ ਐਂ।'' ਹੌਲਦਾਰ ਆਪਣੀ ਤਲੀ ਨਾ ਗਰਮ ਹੋਣ 'ਤੇ ਔਖਾ ਸੀ।

-''ਹੈਂ ਬਈ! ਮੈਨੂੰ ਇੱਕ ਚੀਜ਼ ਦੀ ਸਮਝ ਨਹੀਂ ਆਉਂਦੀ ਬਈ ਗੌਰਮਿੰਟ ਥੋਨੂੰ ਤਨਖਾਹ ਕਾਹਦੀ ਦਿੰਦੀ ਐ? ਬਈ ਸਿੱਧੀ ਗੱਲ ਪੁੱਠੀ ਕਰੋ ਤੇ ਲੋਕਾਂ ਦੀ ਛਿੱਲ ਲਾਹੋ?'' ਇੰਦਰ ਅੰਦਰ ਕਾਮਰੇਡੀ ਢੁੱਡਾਂ ਮਾਰਨ ਲੱਗ ਪਈ ਸੀ।

-''ਤਨਖਾਹ ਨਾਲ ਤੋਰਾ ਨ੍ਹੀ ਤੁਰਦਾ-ਇਕ ਭਾਅ ਦੇਖ ਕਿੱਥੇ ਗਏ ਐ-ਇਕ ਟੱਬਰੀ ਵੱਡੀ ਐ---।'' ਤਿਲ੍ਹਕਦਾ ਤਿਲ੍ਹਕਦਾ ਹੌਲਦਾਰ ਕਬੀਲਦਾਰੀ 'ਤੇ ਆ ਖੜ੍ਹਿਆ ਸੀ। ਉਸ ਨੂੰ ਜਿਵੇਂ ਘਰ ਦਾ ਫ਼ਿਕਰ ਵੱਢ ਵੱਢ ਖਾ ਰਿਹਾ ਸੀ।

-''ਫੇਰ ਸਰਕਾਰ ਮੂਹਰੇ ਪਿੱਟੋ!'' ਇੰਦਰ ਨੇ ਢੰਗ ਦੱਸਿਆ, ''ਹੜਤਾਲਾਂ ਕਰੋ-ਹੱਕ 'ਤੇ ਜੂਝੋ!''

-''ਹੈ ਕਮਲਾ! ਪੁਲਸ ਨੇ ਈ ਹੜਤਾਲ ਕਰਤੀ ਤਾਂ ਅੱਤਵਾਦੀ ਤਾਂ ਰਾਤੋ ਰਾਤ ਅੱਧਾ ਪੰਜਾਬ ਮਾਰ ਦੇਣਗੇ-ਉਹ ਤਾਂ ਹੁਣ ਨ੍ਹੀ ਮਾਨ!'' ਹੌਲਦਾਰ ਨੇ ਪੁਲੀਸ ਦੀ ਜ਼ਿੰਮੇਵਾਰੀ ਰੜਕਾਈ।

-''ਜਿੱਥੇ ਅੱਤਵਾਦੀ ਹੁੰਦੇ ਐ-ਹੈਂ ਬਈ! ਉਧਰ ਨੂੰ ਤਾਂ ਤੁਸੀਂ ਮੂੰਹ ਨ੍ਹੀ ਕਰਦੇ-ਮਹਾਤੜ ਕੁੱਟ ਧਰਦੇ ਓਂ-ਉਹ ਤਾਂ ਜੇ ਆਹ ਸੀ ਆਰ ਪੀ ਮਾੜਾ ਜਿਆ ਬੰਨ੍ਹ ਨਾ ਮਾਰਦੀ-ਤੁਸੀਂ ਤਾਂ ਊਂ ਈ ਪਰ੍ਹਾਲ ਹੋਏ ਪਏ ਸੀ!'' ਇੰਦਰ ਨੇ ਬਥੇਰਾ

ਆਪਾ ਰੋਕਿਆ, ਪਰ ਸੱਚੀਆਂ ਉਸ ਦੀ ਜ਼ਮੀਰ ਆਖ ਗਈ ਸੀ।

ਨਾਲ ਜਾਂਦਾ ਨਵਾਂ ਭਰਤੀ ਹੋਇਆ ਸਿਪਾਹੀ ਚੁੱਪ ਸੀ। ਸ਼ਾਇਦ ਇੰਦਰ ਦੇ ਮਿਰਜ਼ੇ ਵਾਲੇ ਤੀਰ ਨਿਸ਼ਾਨੇ 'ਤੇ ਹੀ ਵੱਜੇ ਸਨ। ਸਿਪਾਹੀ ਇੰਦਰ ਨੂੰ ਅੰਦਰੋਂ ਥਾਪੀਆਂ ਦੇ ਰਿਹਾ ਸੀ।

-''ਹੁਣ ਮੇਰੇ ਪਹਿਲੇ ਸੁਆਲ ਦਾ ਕੋਈ ਮੁੱਲ ਪਊ ਕਿ ਨਹੀਂ?'' ਹੌਲਦਾਰ ਨੇ ਫਿਰ ਬੇਸ਼ਰਮ ਜਿਹਾ ਹੋ ਕੇ ਪੁੱਛਿਆ। ਪੈਸੇ ਲਈ ਉਹ ਮਰ ਮਿਟਣ ਵਾਲਾ ਇਨਸਾਨ ਸੀ।

-''ਜਮਾਂ ਈ ਨ੍ਹੀ ਮਖ-ਹੈਂ ਬਈ! ਗੱਲ ਈ ਨਿੱਬੜਗੀ।''

ਇੰਦਰ ਨੇ ਦੋ ਟੁੱਕ ਗੱਲ ਕਰਨੀ ਹੀ ਠੀਕ ਸਮਝੀ। ਕਰਿਆ ਕਰਾਇਆ ਉਹ ਖੂਹ ਵਿਚ ਨਹੀਂ ਪਾਉਣਾ ਚਾਹੁੰਦਾ ਸੀ।

-''ਫੇਰ ਠੀਕ ਐ-।'' ਹੌਲਦਾਰ ਨੇ ਜਿਵੇਂ ਹਾਲਾਤਾਂ ਨਾਲ ਸਮਝੌਤਾ ਕਰ ਲਿਆ ਸੀ। ਉਸ ਨੂੰ ਇਹ ਗੱਲ ਵਾਕਿਆ ਹੀ ਜਚ ਗਈ ਸੀ ਕਿ ਝੋਟੇ ਵਾਲਿਆਂ ਦੇ ਘਰੋਂ ਲੱਸੀ ਮਿਲਣੀ ਮੁਸ਼ਕਿਲ ਸੀ।

ਉਹ ਜਾਭਾਂ ਦਾ ਭੇੜ੍ਹ ਕਰਦੇ ਹਸਪਤਾਲ ਪਹੁੰਚ ਗਏ।

ਹਸਪਤਾਲ ਦਾ ਮੱਥਾ ਕਿਸੇ ਮਰੀਜ਼ ਵਾਂਗ ਤਪ ਰਿਹਾ ਸੀ।

ਗਿੱਲ, ਬਰਾੜ ਅਤੇ ਸ਼ਿੰਦਾ ਉਹਨਾਂ ਦੀ ਪਹਿਲਾਂ ਹੀ ਉਡੀਕ ਕਰ ਰਹੇ ਸਨ।

ਇਕ ਪਾਸੇ ਜੀਪ ਖੜ੍ਹੀ ਸੀ।

ਲਾਅਸ਼ਾਂ ਥੱਲੇ ਉਤਾਰ ਲਈਆਂ ਗਈਆਂ ਸਨ।

-"ਅੰਦਰ ਲੈ ਚੱਲੋ!" ਹੌਲਦਾਰ ਦਾ ਬੋਲ ਮੁੰਡਿਆਂ ਨੂੰ ਖੁੱਸਿਆ ਖੁੱਸਿਆ ਜਿਹਾ ਲੱਗਿਆ। ਇੰਦਰ ਨੇ ਹੌਲਦਾਰ ਖੱਸੀ ਹੀ ਤਾਂ ਕਰ ਦਿੱਤਾ ਸੀ। ਉਹ ਖਾਲੀ ਖਾਲੀ ਝਾਕਦਾ ਬਾਹਰ ਹੀ ਖੜ੍ਹ ਗਿਆ।

-"ਇਹ ਕੀ ਹੋ ਰਿਹੈ?" ਲਾਅਸ਼ਾਂ ਅੰਦਰ ਚੁੱਕੀ ਆਉਂਦੇ ਦੇਖ ਕੇ ਇਕ ਚਿੱਬਾ ਜਿਹਾ ਕੰਪਾਊਡਰ ਉਹਨਾਂ ਨੂੰ ਭੱਜ ਕੇ ਪਿਆ। ਉਸ ਨੇ ਮੁੰਡਿਆਂ ਨੂੰ ਅੰਦਰ ਆਉਣੋਂ ਵਰਜ ਦਿੱਤਾ।

ਇਕ ਨੇ ਬਾਹਰ ਖੜ੍ਹੇ ਹੌਲਦਾਰ ਨੂੰ ਜਾ ਦੱਸਿਆ।

-"ਇਹਦੀ ਭੈਣ 'ਤੇ ਚੜ੍ਹਜਾਂ-ਹੁਣ ਇਹ ਨ੍ਹੀ ਲੋਟ ਆਉਣੇਂ-!" ਅੱਕਿਆ ਹੌਲਦਾਰ ਅੰਦਰ ਚਲਾ ਗਿਆ।

-"ਲਾਅਸ਼ਾਂ ਐਂ-ਪੋਸਟ ਮਾਰਟਮ ਵਾਸਤੇ ਆਈਐਂ-ਸਰਦਾਰ ਦਾ ਹੁਕਮ ਐਂ---!" ਹੌਲਦਾਰ ਨੇ ਸਰਦਾਰ ਦਾ ਰੁੱਕਾ ਕੰਪਾਊਡਰ ਦੇ ਹੱਥ ਥਮਾ ਦਿੱਤਾ। ਉਸ ਦੇ ਬੋਲਾਂ ਵਿਚ ਪੁਲਸੀਆ ਦਬਾਅ ਸੀ। ਇਕ ਕਾਮਰੇਡ ਤੋਂ ਛੋਤ ਲੁਹਾ ਕੇ ਉਹ ਕੰਪਾਊਡਰ ਦੇ ਖੰਭਾਂ ਥੱਲੇ ਨਹੀਂ ਆਉਣਾ ਚਾਹੁੰਦਾ ਸੀ।

-"ਪਰ ਡਾਕਟਰ ਸਾਹਬ ਤਾਂ ਐਥੇ ਹੈ ਨਹੀਂ।" ਕੰਪਾਊਡਰ ਨੇ ਫ਼ੁਰਮਾਇਆ। ਉਸ ਦਾ ਮਾਤਾ ਦੇ ਦਾਗਾਂ ਨਾਲ ਭਰਿਆ ਮੂੰਹ ਘੁੱਟਿਆ ਗਿਆ।

-"ਡਾਕਟਰ ਹੈ ਚਾਹੇ ਨਹੀਂ ਹੈ-ਤੂੰ ਲਾਅਸ਼ਾਂ ਅੰਦਰ ਕਰਵਾ ਯਾਰ।" ਹੌਲਦਾਰ ਦੀਆਂ ਤਿਉੜੀਆਂ ਦੇ ਵਲ ਹੋਰ ਕਸਾਅ ਖਾ ਗਏ। ਬਾਹਰ ਦੀ ਗਰਮੀ ਅਤੇ ਕਾਮਰੇਡ ਦੀਆਂ ਹੁੱਝਾਂ ਉਸ ਨੂੰ ਤਪਾਈ ਫਿਰਦੀਆਂ ਸਨ।

ਲਾਅਸ਼ਾਂ ਅੰਦਰ ਭੇਜ ਦਿੱਤੀਆਂ ਗਈਆਂ।

ਕੰਪਾਊਡਰ ਨੇ ਠਾਣੇਦਾਰ ਦਾ ਰੁੱਕਾ ਸਟੈਥੋਸਕੋਪ ਦੇ ਹੇਠ ਦੇ ਦਿੱਤਾ। ਜਿਵੇਂ ਉਹ ਉਸ ਦੇ ਕਿਸੇ ਕੰਮ ਦਾ ਹੀ ਨਹੀਂ ਸੀ। ਉਹ ਫਿਰ ਬੜੇ ਅਰਾਮ ਨਾਲ ਕੁਰਸੀ 'ਤੇ ਢੇਰੀ ਜਿਹਾ ਹੋ ਗਿਆ। ਚੱਲਦੇ ਪੱਖੇ ਦੀ ਹਵਾ ਜਾਂ ਘੜੀ ਦੀ "ਟਿੱਕ-ਟਿੱਕ" ਹੀ ਸੁਣਾਈ ਦੇ ਰਹੀ ਸੀ।

-"ਡਾਕਟਰ ਆਊ ਕਦੋਂ ਕੁ?" ਹੌਲਦਾਰ ਨੇ ਪੁੱਛਿਆ।

-"ਪਤਾ ਨਹੀਂ-।" ਉਸ ਨੇ ਸੰਖੇਪ ਉਤਰ ਦਿੱਤਾ।

-"ਫ਼ੋਨ ਕਰਕੇ ਦੇਖਗਾਂ।"

-"ਡੈੱਡ ਪਿਐ।"

ਹੌਲਦਾਰ ਫ਼ਾਮੋਸ਼ ਹੋ ਕੇ ਬੈਠ ਗਿਆ। ਉਡੀਕ ਕਰਨੀ ਹੀ ਉਸ ਨੇ ਬਿਹਤਰ ਸਮਝੀ। ਉਸ ਨੇ ਤਾਂ ਡਿਊਟੀ ਹੀ ਪੂਰੀ ਕਰਨੀ ਸੀ। ਠਾਣੇ ਹੋਈ, ਚਾਹੇ ਹਸਪਤਾਲ। ਲੰਡੇ ਨੇ ਤਾਂ ਪੱਠੇ ਹੀ ਖਾਣੇਂ ਸਨ, ਜਿੱਥੋਂ ਮਰਜ਼ੀ ਹੋਏ! ਠਾਣੇ ਨਾਲੋਂ ਹਸਪਤਾਲ ਵਿਚ ਉਹ ਆਪਣੀ ਡਿਊਟੀ ਬਿਹਤਰ ਸਮਝਦਾ ਸੀ। ਠਾਣੇ ਤਾਂ ਪਤਾ ਨਹੀਂ ਕਦੋਂ, ਕੀ ਹੁਕਮ ਹੋ ਜਾਣਾ ਸੀ? ਅਤੇ ਉਸ ਨੂੰ ਤਿਖੜ ਧੁੱਪ ਵਿਚ ਫਿਰ ਕਿਤੇ ਭੱਜਣਾ ਪੈਣਾ ਸੀ। ਗਰਮੀ ਵਿਚ ਉਸ ਦਾ ਸਰੀਰ ਅੱਕਲਕਾਨ ਹੋ ਜਾਂਦਾ ਸੀ। ਹੁਣ ਉਹ ਡਾਕਟਰ ਦੇ ਦਫ਼ਤਰ ਵਿਚ ਪੱਖੇ ਦੀ ਹਵਾ ਥੱਲੇ ਬੜੇ ਅਰਾਮ ਨਾਲ ਬੈਠਾ ਸੀ। ਇਸ ਲਈ ਉਹ ਸ਼ਾਂਤ ਹੋ ਕੇ ਬੈਠ ਗਿਆ। ਫਿਰ ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ। ਸਿਪਾਹੀ ਬੈਠਾ ਕਦੇ ਸੌਂਦਾ ਅਤੇ ਕਦੇ ਜਾਗਦਾ ਸੀ। ਗਿੱਲ ਹੋਰੀਂ ਬਾਹਰ ਵਰਾਂਡੇ ਵਿਚ ਹੀ ਖੜ੍ਹੇ ਸਨ।

ਦੋ ਘੰਟੇ ਬੀਤ ਗਏ। ਪਰ ਡਾਕਟਰ ਨਹੀਂ ਬਹੁੜਿਆ ਸੀ।

ਗਿੱਲ ਨੇ ਅੰਦਰ ਆਣ ਕੇ ਤੱਕਿਆ ਤਾਂ, ਹੌਲਦਾਰ, ਕੰਪਾਊਡਰ ਅਤੇ ਸਿਪਾਹੀ ਕੁਰਸੀਆਂ 'ਤੇ ਬੈਠੇ ਹੀ ਸੁੱਤੇ ਹੋਏ ਸਨ। ਉਸ ਦੀਆਂ ਚੜ੍ਹ ਮੱਚੀਆਂ ਸਨ। ਅੰਦਰੋਂ ਉਹ ਬਲ ਗਿਆ ਸੀ।

-"ਆਇਆ ਨ੍ਹੀ ਡਾਕਟਰ ਅਜੇ?" ਅੰਦਰੋਂ ਗੁੱਸੇ ਨਾਲ ਪੜੁੱਲ, ਪਰ ਉਹ ਧੀਮਰਤਾ ਨਾਲ ਬੋਲਿਆ।

-"ਹੈਂ! ਕੀ ਟੈਮ ਹੋ ਗਿਆ---?" ਹੌਲਦਾਰ ਅੱਭੜਵਾਹੇ ਜਿਹੇ ਉਠਿਆ। ਉਸ ਦੀਆਂ ਲਾਲ ਅੱਖਾਂ ਬੈਟਰੀ ਵਾਂਗ ਜਗੀਆਂ ਸਨ। ਅੱਧ-ਉਨੀਂਦਾ ਜਿਹਾ ਉਹ ਮਧੋਲੇ ਕਤੂਰੇ ਵਾਂਗ ਬੌਂਦਲਿਆ ਜਿਹਾ ਪਿਆ ਸੀ।

-"ਨਹੀਂ-।" ਸੰਖੇਪ ਕਹਿ ਕੇ ਕੰਪਾਊਡਰ ਨੇ ਅੱਖਾਂ ਬਿੱਲੀ ਵਾਂਗ ਫਿਰ ਮੀਚ ਲਈਆਂ।

ਹੌਲਦਾਰ ਪਾਣੀ ਪੀਣ ਚਲਾ ਗਿਆ।

ਸਿਪਾਹੀ ਨੇ ਖੜ੍ਹਾ ਹੋ ਕੇ ਪੇਟੀ ਕਸਣੀ ਸ਼ੁਰੂ ਕਰ ਦਿੱਤੀ।

-"ਮੈਨੂੰ ਸਮਝ ਨ੍ਹੀ ਆਉਂਦੀ ਕਿ ਐਨੇ ਚਿਰ ਦਾ ਗਿਆ ਕਿੱਥੇ ਐ---?" ਗਿੱਲ ਗੁੱਸੇ ਨਾਲੋਂ ਹੈਰਾਨ ਵੱਧ ਸੀ।

-"ਘਰੇ ਗਏ ਐ-ਬੀਵੀ ਠੀਕ ਨਹੀਂ---।" ਅੱਖਾਂ ਮੀਟੀ ਕੰਪਾਊਡਰ ਦੱਸ ਰਿਹਾ ਸੀ। ਕਬੂਤਰ ਵਾਂਗ ਉਸ ਨੇ ਖੰਭ ਘੁੱਟ ਲਏ ਸਨ।

-"ਬੀਵੀ ਨੂੰ ਕੀ ਹੋਇਐ?"

-''ਸ਼ਾਇਦ ਮਲੇਰੀਏ ਦੀ ਸ਼ਕਾਇਤ ਐ।''

-''ਟੈਲੀਫ਼ੋਨ ਕਰਕੇ ਦੇਖ ਤਾਂ।''

-''ਡੈੱਡ ਪਿਐ।''

-''ਇਹਨੂੰ ਭਣੋਈਏ ਨੂੰ ਚੱਕ ਕੇ ਵੀ ਦੇਖ ਲੈ-ਬੈਠੇ ਨੇ ਈ ਜਬਾਨ ਹਲਾਤੀ।'' ਗਿੱਲ ਬੱਦਲ ਵਾਂਗ ਗੱਜਿਆ। ਕੰਪਾਊਡਰ ਦੀਆਂ ਲੂੰਬੜ-ਚਾਲਾਂ ਨੇ ਉਸ ਨੂੰ ਦਧਨ ਕਰ ਰੱਖਿਆ ਸੀ।

-''-----।'' ਕੰਪਾਊਡਰ ਨੇ ਕਬੂਤਰ ਵਾਂਗ ਅੱਖਾਂ ਖੋਲ੍ਹ ਲਈਆਂ। ਗਿੱਲ ਦੀਆਂ ਬਿੱਲੀ ਦੀ ਪੂਛ ਵਰਗੀਆਂ ਮੁੱਛਾਂ ਜਿਵੇਂ ਉਸ ਨੂੰ 'ਤਾੜ' ਰਹੀਆਂ ਸਨ। ਭਿਆਨਕ ਅਵਾਜ਼ ਕੰਪਾਊਡਰ ਦੇ ਜਿਵੇਂ ਡਾਂਗ ਵਾਂਗ ਵੱਜੀ ਸੀ।

-''ਭੈਣ ਦੀ ਡਾਕਟਰੀ ਯਹਾਵੇ! ਐਥੇ ਚਾਰ ਲਾਅਸ਼ਾਂ ਪਈਆਂ ਸੜੀ ਜਾਂਦੀਐਂ-ਉਧਰ ਉਹ ਬੀਵੀ ਦੀ ਸੁੱਥਣ 'ਚ ਵੜਿਆ ਬੈਠੈ-ਕਰ ਫ਼ੋਨ ਉਹਨੂੰ ਭੈਣ ਦੇ ਯਾਰ ਨੂੰ---!''

ਬਰਾੜ, ਇੰਦਰ ਅਤੇ ਸ਼ਿੰਦਾ ਅਵਾਜ਼ ਸੁਣ ਕੇ ਅੰਦਰ ਆ ਗਏ।

-''ਹੈਂ ਬਈ! ਕਾਹਨੂੰ ਐਂਵੇਂ--!'' ਇੰਦਰ ਨੇ ਗਿੱਲ ਨੂੰ ਵਰਜਿਆ।

-''ਨਹੀਂ ਯਾਰ ਗੱਲ ਨ੍ਹੀ ਬਾਤ ਨ੍ਹੀ-ਸਾਨੂੰ ਆਹਾ ਖੁਰਕ ਖਾਧਾ ਜਿਆ ਕੰਪੋਡਰ ਈ ਫੁੱਦੂ ਬਣਾਈ ਜਾਂਦੈ-।''

-''ਕਰ ਫ਼ੋਨ ਉਹਨੂੰ---!'' ਬਰਾੜ ਨੇ ਹੁਕਮ ਕੀਤਾ।

ਸ਼ਿੰਦਾ ਚੁੱਪ ਚਾਪ ਖੜ੍ਹਾ ਸੀ। ਜਿਵੇਂ ਉਸ ਦੇ ਔਸਾਣ ਹੀ ਮਾਰੇ ਗਏ ਸਨ। ਉਹ ਪਾਗਲਾਂ ਵਾਂਗ ਖਾਲੀ ਖਾਲੀ ਜਿਹਾ ਝਾਕ ਰਿਹਾ ਸੀ।

ਪਰ ਕੰਪਾਊਡਰ ਭਮੱਤਰ ਗਿਆ ਸੀ। ਇਹਨਾਂ ਦਾ ਕੀ ਇਤਬਾਰ ਐ, ਚਾਰ ਥੱਪੜ ਹੀ ਕੱਢ ਮਾਰਨ? ਉਹ ਸੋਚ ਰਿਹਾ ਸੀ।

ਫ਼ੈਰ! ਕੰਪਾਊਡਰ ਨੇ ਟੈਲੀਫ਼ੋਨ ਚੁੱਕ ਲਿਆ, ਜੋ ਚੱਲ ਰਿਹਾ ਸੀ। ਡਰ ਨਾਲ ਉਹ ਹੋਰ ਵੀ ਛਹਿ ਗਿਆ। ਉਸ ਦੀ ਧੌਣ ਕਾਲਰਾਂ ਵਿਚ ਨੂੰ ਧਸਦੀ ਜਾ ਰਹੀ ਸੀ। ਨੰਬਰ ਘੁਮਾਉਂਦਾ ਉਹ ਟੈਲੀਫ਼ੋਨ ਦੇ ਰਿਸੀਵਰ ਨੂੰ ਘੁੱਟ ਕੇ ਫੜੀ ਬੈਠਾ ਸੀ, ਜਿਵੇਂ ਰਿਸੀਵਰ ਕੋਈ ਕਾਟੋ ਸੀ, ਜਿਸ ਨੇ ਫੱਟ ਕਿੱਕਰ 'ਤੇ ਜਾ ਚੜ੍ਹਨਾ ਸੀ!

-"ਚੱਲ ਪਿਆ--- ?" ਹੌਲਦਾਰ ਰੁਮਾਲ ਨਾਲ ਗਿੱਲੇ ਹੱਥ ਪੂੰਝਦਾ ਅੰਦਰ ਆਇਆ। ਸਿਪਾਹੀ ਫਿਰ ਲੋਟ ਹੋ ਕੇ ਬੈਠ ਗਿਆ ਸੀ।

-"-----।" ਕੰਪਾਊਡਰ ਨੇ 'ਹਾਂ' ਵਿਚ ਸਿਰ ਹਿਲਾਇਆ। ਪਰ ਬੋਲਿਆ ਕੁਝ ਵੀ ਨਹੀਂ।

-"ਚੱਲਣ ਨੂੰ ਇਹਨੂੰ ਗੋਲੀ ਵੱਜੀ ਵੀ ਸੀ?" ਗਿੱਲ ਦਾ ਦਿਲ ਕਰਦਾ ਸੀ ਕਿ ਚਰਮਖ ਵਰਗੇ ਕੰਪਾਊਡਰ ਦੀ ਸੰਘੀ ਨੱਪ ਦੇਵੇ।

-"-----।" ਫ਼ਮੋਸ਼ ਹੋਇਆ ਕੰਪਾਊਡਰ ਟੈਲੀਫ਼ੋਨ ਦੀ 'ਟੂੰ-ਟੂੰ' ਅਤੇ ਗਿੱਲ ਦੇ ਸਲੋਕ ਸੁਣ ਰਿਹਾ ਸੀ। ਟੈਲੀਫ਼ੋਨ ਦੀ 'ਟੂੰ-ਟੂੰ' ਉਸ ਦੇ ਦਿਮਾਗ ਨੂੰ ਸੱਪ ਵਾਂਗ ਚੱਟ ਰਹੀ ਸੀ।

ਅਖੀਰ ਕਿਸੇ ਨੇ ਟੈਲੀਫ਼ੋਨ ਚੁੱਕ ਲਿਆ। ਕੰਪਾਊਡਰ ਨੇ ਸ਼ੁਕਰ ਕੀਤਾ। ਬਿੱਲੀ ਦੇ ਭਾਗੀਂ ਮਸਾਂ ਹੀ ਛਿੱਕੂ ਟੁੱਟਿਆ ਸੀ।

ਕੰਪਾਊਡਰ ਨੇ ਸਾਰੀ ਇਤਲਾਹ ਦੇ ਦਿੱਤੀ।

ਟੈਲੀਫ਼ੋਨ ਰੱਖ ਦਿੱਤਾ ਗਿਆ।

-"ਹੁਣ ਕਿਮੇਂ ਮਿਲ ਗਿਆ ਤੇਰਾ ਪਿਉ? ਜਿੰਨਾਂ ਚਿਰ ਇਹਨਾਂ ਦੀ ਮਾਂ ਨਾ ਚੋਦੋ-ਕਾਹਨੂੰ ਬਾਪੂ ਆਖਦੇ ਐ? ਭੈਣ ਦਾ ਲੱਕੜ-ਸਾਲਾ ਚਿਰੜਘੁੱਗ ਜਿਆ!" ਗਿੱਲ ਗਾਲ੍ਹਾਂ ਦੀ ਸੂੜ ਬੰਨ੍ਹੀ ਫਿਰਦਾ ਸੀ। ਕਿੱਕਰ ਦਾ ਨਿੱਕਾ ਜਿਹਾ ਡੱਕਾ ਉਹ ਇੰਜ ਚਿੱਥ ਰਿਹਾ ਸੀ, ਜਿਵੇਂ ਘੁਲਾੜ੍ਹੀ ਗੰਨੇ ਪੀੜਦੀ ਹੈ!

-"ਕਾਹਨੂੰ ਐਮੇਂ-ਹੈਂ ਬਈ!" ਇੰਦਰ, ਗਿੱਲ ਨੂੰ ਧੱਕ ਕੇ ਬਾਹਰ ਲੈ ਗਿਆ। ਗਿੱਲ ਸਾਹਣ ਵਾਂਗ ਭੂਸਰਿਆ ਔਖੇ ਔਖੇ ਸਾਹ ਲੈ ਰਿਹਾ ਸੀ। ਉਸ ਦੀਆਂ ਅੱਖਾਂ ਪੁੱਠੀਆਂ ਅਤੇ ਸਾਹਣ ਵਾਂਗ ਪੈਰਾਂ ਹੇਠੋਂ ਮਿੱਟੀ ਕੱਢ ਰਿਹਾ ਸੀ।

-"ਐਮੇਂ ਕਾਹਨੂੰ ਲੋਟ ਆਉਂਦੇ ਐ ਯਾਰ-ਤੜਕੇ ਦੇ ਮੂੰਹ ਅੱਲੀਂ ਦੇਹਨੇ ਐਂ।" ਮੂੰਹ ਵਿਚੋਂ ਡੱਕਾ ਕੱਢ ਕੇ ਉਸ ਨੇ ਵਗਾਹ ਕੇ ਮਾਰਿਆ।

ਸ਼ਾਮ ਦੇ ਸੱਤ ਵੱਜ ਗਏ ਸਨ। ਪ੍ਰਛਾਵੇਂ ਧਰਤੀ ਤੋਂ ਉਠ ਕੰਧਾਂ ਦੇ ਘਨੇੜ੍ਹੀਂ ਚੜ੍ਹ ਬੈਠੇ ਸਨ। ਹਸਪਤਾਲ ਦੇ ਬਾਹਰੋਂ 'ਪੌਂ-ਪੌਂ' ਜਾਂ 'ਪੀਂ-ਪੀਂ' ਦੀਆਂ ਅਵਾਜ਼ਾਂ ਕੁਰਲਾ ਜਿਹੀਆਂ ਰਹੀਆਂ ਸਨ।

-"ਔਹ ਆ ਗਿਆ---!" ਬਰਾੜ ਨੇ ਸਕੂਟਰ 'ਤੇ ਆਉਂਦੇ ਡਾਕਟਰ ਨੂੰ ਪਹਿਚਾਣਦਿਆਂ ਕਿਹਾ।

-"ਹੈਂ ਬਈ! ਹੁਣ ਨਾ ਬੋਲੀਂ!" ਇੰਦਰ ਨੇ ਗਿੱਲ ਦੀ ਇਕ ਤਰ੍ਹਾਂ ਨਾਲ ਮਿੰਨਤ ਜਿਹੀ ਕੱਢੀ।

ਪਰ ਗਿੱਲ ਚੁੱਪ ਸੀ। ਗੁੱਸਾ ਉਸ ਅੰਦਰ ਪਾਰੇ ਵਾਂਗ ਥਰਕ ਰਿਹਾ ਸੀ।

ਡਾਕਟਰ ਨੇ ਸਕੂਟਰ ਸਿੱਧਾ ਵਰਾਂਡੇ ਵਿਚ ਲਿਆ ਖੜ੍ਹਾ ਕੀਤਾ ਅਤੇ ਤੇਜ਼ੀ ਨਾਲ ਅੰਦਰ ਚਲਾ ਗਿਆ। ਮਧਰੇ ਜਿਹੇ ਕੱਦ ਦਾ ਡਾਕਟਰ ਮੁੰਨੀ ਭੇਡ ਵਰਗਾ ਲੱਗਦਾ ਸੀ। ਉਸ ਦੇ ਗੰਜ ਦੇ ਚਾਰ ਕੁ ਵਾਲ ਕੰਡੇਰਨੇ ਵਾਂਗ ਉਪਰ ਨੂੰ ਖੜ੍ਹੇ ਸਨ ਅਤੇ ਪੈਰਾਂ ਦਾ ਵਾਧੂ ਜਿਹਾ ਮਾਸ ਜੁੱਤੀ ਤੋਂ ਬਾਹਰ ਲਟਕ ਰਿਹਾ ਸੀ।

-''ਆਈਏ-ਆਈਏ---!'' ਹੌਲਦਾਰ ਨੂੰ ਪਹਿਚਾਣ ਕੇ ਡਾਕਟਰ ਨੇ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਇਆ। ਪਰ ਸਿਪਾਹੀ ਨੂੰ ਉਸ ਨੇ ਗੌਲਿਆ ਵੀ ਨਹੀਂ ਸੀ।

-''ਬੜੀ ਦੇਰ ਕਰਤੀ---?'' ਹੌਲਦਾਰ ਨੇ ਖਹਿੜਾ ਜਿਹਾ ਛੁਡਾਉਣ ਲਈ ਪੁੱਛਿਆ। ਉਹ ਡਾਕਟਰ ਦੇ ਗਾਲੜੀ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਉਡੀਕ ਕਰ ਕੇ ਜਿਵੇਂ ਉਹ ਵੀ ਹੰਭ ਗਿਆ ਸੀ। ਇਕ ਉਸ ਦੀ ਡਿਊਟੀ ਖਤਮ ਹੋਣ ਵਾਲੀ ਸੀ।

-''ਕਾਹਦੀ ਗੱਲ ਕਰਦੇ ਓਂ ਬਾਦਸ਼ਾਹੋ!'' ਉਹ ਚਿੱਟਾ ਜਿਹਾ ਕੋਟ ਪਾਉਂਦਾ ਹੋਇਆ ਬੋਲਿਆ, ''ਦਿੱਲੀ ਆਲੀ ਸਾਲੀ ਆਈ ਵੀ ਐ-ਬੱਸ ਉਹਦੇ ਨਾਲ ਈ ਠਰਕ ਭੋਰਦੇ ਰਹੇ!'' ਡਾਕਟਰ 'ਫ਼ੀਂ-ਫ਼ੀਂ' ਕਰ ਕੇ ਹੱਸਿਆ। ਸਾਲੀ ਦੇ ਨਾਂ ਨੂੰ ਉਸ ਦੇ ਕੁਤਕੁਤੀਆਂ ਨਿਕਲੀਆਂ ਸਨ। ਜਿਸ ਕਰਕੇ ਉਸ ਦਾ ਹਾਸਾ ਮੱਲੋਮੱਲੀ ਨਿਕਲਦਾ ਸੀ।

-''----।'' ਹੌਲਦਾਰ ਚੁੱਪ ਸੀ।

-''ਲਾਅਸ਼ਾਂ ਕਿੱਥੇ ਐ?'' ਠਾਣੇਦਾਰ ਦਾ ਰੁੱਕਾ ਪੜ੍ਹਦਾ ਉਹ ਕੋਚਰ ਵਾਂਗ ਝਾਕ ਰਿਹਾ ਸੀ।

-''ਅੰਦਰ ਐ---!''

ਉਹ ਅੰਦਰ ਚਲੇ ਗਏ।

ਡਾਕਟਰ ਨੇ ਐਨਕਾਂ ਚਾੜ੍ਹ ਲਈਆਂ। ਮੋਟੀਆਂ ਜਿਹੀਆਂ ਐਨਕਾਂ ਲਾਈਆਂ ਹੋਣ ਕਰਕੇ ਉਹ ਖੂਹ 'ਤੇ ਜੋੜੇ ਬੋਤੇ ਵਰਗਾ ਲੱਗਦਾ ਸੀ। ਐਨਕਾਂ ਇਕ ਤਰ੍ਹਾਂ ਨਾਲ ਖੋਪੇ ਹੀ ਤਾਂ ਜਾਪ ਰਹੀਆਂ ਸਨ।

ਉਸ ਨੇ ਲਾਅਸ਼ਾਂ ਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ।

-''ਕਿਸੇ ਜ਼ਹਿਰੀਲੀ ਚੀਜ਼ ਨਾਲ ਮੌਤਾਂ ਹੋਈਆਂ ਲੱਗਦੀਐਂ?'' ਡਾਕਟਰ ਨੇ ਹੌਲਦਾਰ ਨੂੰ ਸੁਣਾਇਆ। ਉਸ ਦੀਆਂ ਚੁਸਤ ਅੱਖਾਂ ਫ਼ੱਟ ਸਮਝ ਗਈਆਂ ਸਨ।

-''ਕੁਇੱਕਫ਼ਾਸ ਨਾਲ ਹੋਈਐਂ ਜੀ।'' ਇੰਦਰ ਅੰਦਰ ਆ ਗਿਆ ਸੀ।

-''ਇਕ ਗੱਲ ਹੋਰ ਐ-ਥੋੜਾ ਜਿਆ ਸਮਾਨ ਲਿਆਉਣਾ ਪਵੇਗਾ।'' ਡਾਕਟਰ ਐਨਕਾਂ ਉਪਰੋਂ ਦੀ ਇੰਦਰ ਵੱਲ ਝਾਕਿਆ।

-"ਹੁਕਮ ਕਰੋ---!"

-"ਤੁਸੀਂ ਬਾਹਰ ਚੱਲੋ-ਮੈਂ ਚਿੱਟ ਭੇਜ ਦਿੰਨੈਂ-ਕਿਸੇ ਕੈਮਿਸਟ ਦੀ ਦੁਕਾਨ ਤੋਂ ਫੜ ਲਿਆਣਾ।" ਉਸ ਨੇ ਹੱਥ ਬਾਹਰ ਵੱਲ ਨੂੰ ਕੀਤਾ।

ਇੰਦਰ ਬਾਹਰ ਆ ਗਿਆ।

ਡਾਕਟਰ ਅਤੇ ਹੌਲਦਾਰ ਅੰਦਰ ਗੱਲਾਂ ਮਾਰਦੇ ਰਹੇ।

-"ਹੁਣ ਫੇਰ ਸਾਡੀ ਤਾਂ ਨਹੀਂ ਜ਼ਰੂਰਤ?" ਦਫ਼ਤਰ ਅੰਦਰ ਆ ਕੇ ਹੌਲਦਾਰ ਨੇ ਡਾਕਟਰ ਨੂੰ ਪੁੱਛਿਆ।

-"ਨਹੀਂ ਕੋਈ ਜ਼ਰੂਰਤ ਨਹੀਂ-ਰਿਪੋਰਟ ਕੱਲ੍ਹ ਠਾਣੇ ਅੱਪੜਦੀ ਕਰ ਦਿਆਂਗੇ---।" ਡਾਕਟਰ ਨੇ ਉਹਨਾਂ ਦੇ ਰੱਸੇ ਲਾਹ ਦਿੱਤੇ। ਹੌਲਦਾਰ ਅਤੇ ਸਿਪਾਹੀ ਹੱਥ ਮਿਲਾ ਕੇ 'ਦਗੜ-ਦਗੜ' ਕਰਦੇ ਬਾਹਰ ਆ ਗਏ।

ਬਰਾੜ ਹੁਰੀਂ ਚਾਰੇ ਜਾਣੇ ਉਹਨਾਂ ਨੂੰ ਜਾਂਦਿਆਂ ਤੱਕ ਰਹੇ ਸਨ।

ਹਸਪਤਾਲ ਦਾ ਮੁੱਖ ਦਰਵਾਜਾ ਟੱਪਦਿਆਂ ਹੀ ਹੌਲਦਾਰ ਨੇ ਮੂੰਹ ਵਿਚ ਪੈਂਦੀਆਂ ਮੁੱਛਾਂ ਨੂੰ ਉਂਗਲ ਅਤੇ ਅੰਗੂਠੇ

ਦੇ ਹੋੜੇ ਨਾਲ ਉਤਾਂਹ ਚੁੱਕਿਆ ਸੀ।

-"ਹੁਣ ਕੀ ਕਰਦੈ?" ਬਰਾੜ ਨੇ ਇੰਦਰ ਤੋਂ ਪੁੱਛਿਆ।

-"ਕਹਿੰਦਾ ਮਾੜਾ ਮੋਟਾ ਸਮਾਨ ਲੋੜੀਦੈ-ਕੈਮਿਸਟ ਦੀ ਦੁਕਾਨ ਤੋਂ ਲੈ ਕੇ ਆਓ।" ਇੰਦਰ ਨੇ ਸੁਤੇ ਸੁਭਾਅ ਹੀ ਦੱਸਿਆ ਸੀ।

-"ਸਮਾਨ ਤਾਂ ਪੋਸਟ ਮਾਰਟਮ ਵਾਸਤੇ ਸਾਰਾ ਸਰਕਾਰੀ ਹਸਪਤਾਲ ਦਾ ਈ ਹੁੰਦੈ।" ਬਰਾੜ ਨੂੰ ਗੱਲ ਜਚੀ ਨਹੀਂ ਸੀ।

-"ਵਿਚੇ ਖਾਅ-ਖ਼ੂਅ ਜਾਂਦੇ ਐ ਸਾਲੇ--।" ਗਿੱਲ ਨੇ ਚੁੱਪ ਤੋੜੀ।

-"ਇੱਥੇ ਤਾਂ ਅੰਨ੍ਹੀਂ ਨੂੰ ਬੋਲਾ ਘੜੀਸੀ ਫਿਰਦੈ।" ਸ਼ਿੰਦਾ ਕਾਫ਼ੀ ਲੰਮੇ ਸਮੇਂ ਬਾਅਦ ਬੋਲਿਆ ਸੀ।

-"ਹੈਂ ਬਈ! ਇੱਥੇ ਕੋਈ ਪੁੱਛਦੈ?" ਇੰਦਰ ਨੇ ਕਿਹਾ।

ਉਹ ਅਜੇ ਗੱਲਾਂ ਕਰ ਹੀ ਰਹੇ ਸਨ ਕਿ ਕਿਸੇ ਹੋਰ ਕੰਪਾਊਡਰ ਨੇ ਉਹਨਾਂ ਹੱਥ ਇਕ ਵੱਡੀ ਸਾਰੀ ਲਿਸਟ ਲਿਆ ਫੜਾਈ। ਸ਼ਾਇਦ ਪਹਿਲੇ ਕੰਪਾਊਡਰ ਦੀ ਡਿਊਟੀ ਬਦਲ ਗਈ ਸੀ। ਮਾੜਕੂ ਜਿਹੇ

ਸਰੀਰ ਵਾਲਾ ਕੰਪਾਊਡਰ ਕਾਫ਼ੀ ਚੁਸਤ ਨਜ਼ਰ ਆਉਂਦਾ ਸੀ। ਉਹ ਚਿੜੇ ਵਾਂਗ ਟਪੂਸੀਆਂ ਮਾਰਦਾ ਆਪਣੀ ਡਿਊਟੀ ਭੁਗਤਾ ਰਿਹਾ ਸੀ। ਰਾਤ ਦੀ ਡਿਊਟੀ ਵਾਲੀਆਂ ਨਰਸਾਂ ਵੀ ਆ ਗਈਆਂ ਸਨ। ਦੁਪਹਿਰੇ ਹਾੜ ਬੋਲਣ ਵਾਲਾ ਹਸਪਤਾਲ ਹੁਣ ਸਫ਼ੈਦ ਵਰਦੀਆਂ ਵਾਲੀਆਂ ਨੱਢੀਆਂ ਨਾਲ ਚਹਿਕਣ ਲੱਗ ਪਿਆ ਸੀ। ਵਰਾਂਡੇ ਦੇ ਇਕ ਪਾਸਿਓਂ ਮਰੀਜ਼ਾਂ ਦੀ 'ਹਾਏ-ਹਾਏ' ਅਤੇ ਹੂੰਗਾਂ ਸੁਣਾਈ ਦੇਣ ਲੱਗ ਪਈਆਂ ਸਨ। ਕੋਈ ਜ਼ਿਆਦਾ ਹੀ ਦੁਖੀ, ਦੁਹਾਈ ਪਾ ਰਿਹਾ ਸੀ। ਪਰ ਨਰਸਾਂ ਮਰੀਜ਼ਾਂ ਤੋਂ ਅਵੇਸਲੀਆਂ, ਦੰਦੀਆਂ ਜਿਹੀਆਂ ਕੱਢਦੀਆਂ ਫਿਰਦੀਆਂ ਸਨ। ਉਹ ਇਕ ਦੂਜੀ ਨਾਲ ਅੱਖਾਂ ਦੇ ਇਸ਼ਾਰੇ ਨਾਲ ਹੀ ਗੱਲ ਕਰਦੀਆਂ ਸਨ। ਨਜ਼ਰਾਂ ਨਾਲ ਲੱਡੂ ਭੋਰੇ ਜਾ ਰਹੇ ਸਨ।

ਇੰਦਰ ਨੇ ਵੱਡੀ ਸਾਰੀ ਲਿਸਟ 'ਤੇ ਸਰਸਰੀ ਨਜ਼ਰ ਮਾਰੀ।

ਇਕ ਹਜ਼ਾਰ ਰੁਪਏ ਦੇ ਕਰੀਬ ਸਮਾਨ ਲਿਖਿਆ ਪਿਆ ਸੀ।

ਸਾਰੇ ਹੈਰਾਨ ਜਿਹੇ ਹੋ ਗਏ।

-"ਇਹਦੇ ਕੱਢਲਾਂ ਮੈਂ ਆਨੇ ਕੁੱਤੇ ਡਾਕਟਰ ਦੇ-!" ਭੂਤਰਿਆ ਗਿੱਲ ਅੰਦਰ ਨੂੰ ਜਾਣ ਲੱਗਿਆ, ਪਰ ਬਰਾੜ ਨੇ ਰੋਕ ਲਿਆ। ਇੰਦਰ ਗਿੱਲ ਨੂੰ ਧੱਕ ਕੇ ਦਰਵਾਜੇ ਵੱਲ ਨੂੰ ਲੈ ਗਿਆ। ਉਹ ਉਸ ਨੂੰ ਇੰਜ ਬਾਹਰ ਧੱਕੀ ਜਾ ਰਿਹਾ ਸੀ, ਜਿਵੇਂ ਸੈਲਫ਼ ਖਰਾਬ ਹੋਈ ਕਾਰ ਨੂੰ ਧੱਕਾ ਲਾਈਦੈ।

-"ਬਰਾੜਾ ਜੀਪ ਲਿਆ---!" ਇੰਦਰ ਨੇ ਹੁਕਮੀਆ ਕਿਹਾ।

ਜੀਪ ਪਹੁੰਚ ਗਈ।

ਧੱਕੜ ਜੀਪ ਜਿਵੇਂ ਕਿਸੇ ਪਾਸੇ ਨੂੰ ਉਡਣ ਲਈ ਤਿਆਰ ਸੀ।

ਉਹਨਾਂ ਨੇ ਗਿੱਲ ਨੂੰ ਜੀਪ ਵਿਚ ਬਿਠਾਇਆ ਹੀ ਨਹੀਂ, ਸਗੋਂ ਗਰਨ੍ਹਿਆਂ ਦੀ ਪੂਲੀ ਵਾਂਗ ਲੱਦ ਜਿਹਾ ਲਿਆ। ਉਹ ਸੂਣ ਵਾਲੀ ਮੱਝ ਵਾਂਗ ਵੱਟ ਜਿਹਾ ਕਰ ਰਿਹਾ ਸੀ। ਜਿਵੇਂ ਉਸ ਅੰਦਰ ਕੜੱਲ ਉਠ ਰਹੇ ਸਨ।

ਦਿਨ ਛੁਪ ਚੁੱਕਾ ਸੀ। ਪ੍ਰਛਾਵੇਂ ਹਨ੍ਹੇਰੇ ਦਾ ਰੂਪ ਧਾਰਨ ਕਰ ਗਏ ਸਨ। ਬੱਤੀਆਂ ਜਗ ਪਈਆਂ ਸਨ। ਸ਼ਹਿਰ ਦੀ ਗਹਿਮਾਂ ਗਹਿਮੀਂ ਵਧ ਗਈ ਸੀ। ਬਜ਼ਾਰਾਂ ਵਿਚ ਰੌਣਕ ਹੋਰ ਵੀ ਵਧ ਗਈ। ਕੰਮ ਧੰਦੇ ਨਬੇੜ ਕੇ ਲੋਕ ਮਾੜੀ ਮੋਟੀ ਫ਼ਰੀਦਾ ਫ਼ਰੋਫ਼ਤੀ ਲਈ ਨਿਕਲ ਤੁਰੇ ਸਨ।

ਕਿਤੇ ਕਿਤੇ ਸੀ ਆਰ ਪੀ ਘੋੜਿਆਂ ਉਪਰ ਅਤੇ ਕਿਤੇ ਪੈਦਲ ਗਸ਼ਤ ਕਰ ਰਹੀ ਸੀ। ਘੁੱਟੇ ਮੂੰਹ ਵਾਲੇ ਕਰਮਚਾਰੀਆਂ ਦੇ ਚਿਹਰੇ ਕੁਰੱਖਤ ਸਨ। ਤਖਤੇ ਦੀ ਚੂਲ ਵਾਂਗ ਫਿਰਦੀਆਂ ਅੱਖਾਂ ਵਿਚ ਕੋਈ ਖ਼ਾਸ ਭੇਦ ਸੀ। ਉਹ ਹਰ ਅੰਮ੍ਰਿਤਧਾਰੀ ਨੂੰ ਬੜੀ ਗਹੁ ਨਾਲ ਘੋਖਦੇ ਸਨ। ਜਿਵੇਂ ਉਹਨਾਂ ਦੀ ਨਜ਼ਰ ਵਿਚ ਹਰ ਅੰਮ੍ਰਿਤਧਾਰੀ 'ਅੱਤਿਵਾਦੀ' ਸੀ!

ਵਾਟਰ ਵਰਕਸ ਲੰਘ ਕੇ ਉਹ ਨਾਨਕ ਨਗਰੀ, ਨੀਲਮ ਮੈਡੀਕਲ ਸਟੋਰ ਪਹੁੰਚ ਗਏ। ਨੀਲਮ ਮੈਡੀਕਲ ਸਟੋਰ ਦੇ ਮਾਲਕ ਲਾਲੀ ਨੂੰ ਇੰਦਰ ਜਾਣਦਾ ਸੀ। ਛੇ ਫ਼ੁੱਟ ਕੱਦ ਵਾਲਾ ਲਾਲੀ ਬੜਾ ਸੁਨੱਖਾ ਜੁਆਨ ਮੁੰਡਾ ਸੀ। ਉਸ ਦਾ ਸ਼ਰੀਫ਼ ਸੁਭਾਅ, ਹਮੇਸ਼ਾਂ ਹੱਸਣ ਖੇਡਣ ਦਾ ਸੀ। ਉਹ ਯਾਰਾਂ ਦਾ ਯਾਰ, ਦਿਲਦਾਰ ਅਤੇ ਦਿਲ ਦਰਿਆ ਬੰਦਾ ਸੀ।

ਉਹਨਾਂ ਜੀਪ ਨੀਲਮ ਮੈਡੀਕਲ ਸਟੋਰ ਦੇ ਅੱਗੇ ਖੜ੍ਹੀ ਕਰ ਦਿੱਤੀ। ਖੰਭੇ 'ਤੇ ਫਿੱਟ ਟਿਊਬ ਦਾ ਚਾਨਣ ਜੀਪ ਦੇ ਪਿੰਡੇ 'ਤੇ ਵਰ੍ਹ-ਵਰ੍ਹ ਕੇ ਜਿਵੇਂ ਤਿਲ੍ਹਕ ਰਿਹਾ ਸੀ।

-''ਹੈਂ ਬਈ! ਅਸੀਂ ਤਾਂ ਖੱਜਲ ਖੁਆਰ ਹੋਣਾ ਈ ਐ-ਤੁਸੀਂ ਬੱਸ ਫੜੋ ਤੇ ਪਿੰਡ ਜਾਓ।'' ਇੰਦਰ ਨੇ ਬਰਾੜ ਅਤੇ ਗਿੱਲ ਨੂੰ ਕਿਹਾ।

-''ਜਿੱਥੇ ਤੁਸੀਂ-ਉਥੇ ਈ ਅਸੀਂ।'' ਬਰਾੜ ਨੇ ਉਤਰ ਦਿੱਤਾ।

-''ਜੇ ਬੰਦਾ ਭੀੜ ਪੈਣ 'ਤੇ ਕੰਮ ਨਾ ਆਇਆ-ਫਿਰ ਫੂਕਣੈਂ?'' ਗਿੱਲ ਦਿਲੋਂ ਆਖ ਰਿਹਾ ਸੀ।

-''ਨਹੀਂ-ਮੇਰੀ ਮੰਨੋਂ-।''

-''ਅਸੀਂ ਥੋਨੂੰ ਅੱਡੇ ਤੋਂ ਬੱਸ ਚਾੜ੍ਹ ਆਉਨੇ ਐਂ।'' ਸ਼ਿੰਦੇ ਨੇ ਵਿਚਾਰ ਰੱਖਿਆ, ''ਕੱਲ੍ਹ ਨੂੰ ਕੰਜਰਾਂ ਦੇ ਮੱਥੇ ਵੀ ਲੱਗਣੈਂ!'' ਪੁਲਸ ਦੇ ਮੱਥੇ ਲੱਗਣਾ ਉਸ ਨੂੰ ਅੱਕ ਦਾ ਦੁੱਧ ਪੀਣ ਬਰਾਬਰ ਲੱਗ ਰਿਹਾ ਸੀ।

-''ਕਿਉਂ ਬਈ-- ?'' ਗਿੱਲ ਨੇ ਬਰਾੜ ਦੀ ਰਾਇ ਪੁੱਛੀ।

-''ਠੀਕ ਐ-ਜਿਵੇਂ ਕਹਿੰਦੇ ਐ-ਕਰ ਲੈਨੇ ਐਂ।'' ਬਰਾੜ ਨੇ ਨੀਂਵੀਂ ਜਿਹੀ ਪਾ ਕੇ ਕਿਹਾ ਅਤੇ ਫਿਰ ਉਸ ਨੇ ਮੌਲੇ ਦੇ ਸਿੰਗਾਂ ਵਰਗੀਆਂ ਮੁੱਛਾਂ ਉਪਰ ਉਗੀਸੀਆਂ। ਉਸ ਦੇ ਅੰਦਰ ਕਈ ਸੋਚਾਂ ਰਿੱਝ ਰਹੀਆਂ ਸਨ।

ਉਹਨਾਂ ਲਾਲੀ ਤੋਂ ਲੋੜੀਂਦਾ ਸਮਾਨ ਲਿਆ ਅਤੇ ਬਰਾੜ ਅਤੇ ਗਿੱਲ ਨੂੰ ਪਿੰਡ ਵਾਲੀ ਬੱਸ ਚਾੜ੍ਹ, ਜੀਪ ਤੋਰ ਲਈ।

-''ਸ਼ਿੰਦਿਆ ਇਕ ਗੱਲ ਆਖਾਂ-ਜੇ ਗੁੱਸਾ ਨਾ ਕਰੇਂ?'' ਇੰਦਰ ਜੀਪ ਚਲਾਉਂਦਾ ਹੋਇਆ ਬੋਲਿਆ।

-''ਆਪਾਂ ਗੁੱਸਾ ਕਾਹਨੂੰ ਕਰਨੈਂ?''

-''ਘੁੱਟ ਲਾ ਨਾ ਲਈਏ? ਸਰੀਰ ਜਿਹਾ ਟੁੱਟੀ ਜਾਂਦੈ।'' ਇੰਦਰ ਨੇ ਫ਼ਟਾਫ਼ਟ ਗੱਲ ਨਬੇੜ ਕੇ ਸ਼ਿੰਦੇ ਦੇ ਚਿਹਰੇ ਨੂੰ ਨਿਹਾਰਿਆ।

-''ਮੈਂ ਤਾਂ ਆਪ ਤੈਨੂੰ ਕਹਿਣ ਲੱਗਿਆ ਸੀ-ਪਰ ਚੁੱਪ ਈ ਕਰ ਗਿਆ।''

ਅਸਲ ਵਿਚ ਸਰੀਰ ਸ਼ਿੰਦੇ ਦਾ ਵੀ ਟੁੱਟ ਰਿਹਾ ਸੀ। ਪਰ ਉਹ ਸਿਰ ਉਪਰ ਪਿਆ ਵਕਤ ਦੇਖ ਕੇ ਚੁੱਪ ਸੀ ਕਿ ਨਾਲ ਦੇ ਕੀ ਸੋਚਣਗੇ? ਉਹ ਕਦੇ ਦਾ ਕੱਚੀਆਂ ਪੱਕੀਆਂ ਜਿਹੀਆਂ ਉਬਾਸੀਆਂ ਲੈ ਰਿਹਾ ਸੀ। ਅੱਖਾਂ 'ਚੋਂ ਪਾਣੀ ਵਰ੍ਹ ਰਿਹਾ ਸੀ।

ਉਹਨਾਂ ਠੇਕੇ ਤੋਂ ਬੋਤਲ ਲੈ ਲਈ ਅਤੇ ਅਹਾਤੇ ਵਿਚ ਵੜ ਗਏ।

-''ਸ਼ਿੰਦਿਆ ਜੋ ਹੋਣਾ ਸੀ, ਹੋ ਗਿਆ-ਦਿਲ ਨਾ ਛੱਡ-ਪ੍ਰਮਾਤਮਾ ਦੀ ਲੀਲਾ ਨਿਆਰੀ ਐ-।'' ਕਾਮਰੇਡ ਨੇ ਰੱਬ ਸੰਨ੍ਹ ਦੇ ਲਿਆ।

-''ਮੈਂ ਯਾਰ ਇੰਦਰਾ ਹੋਰ ਸੋਚਦਾ ਸੀ।'' ਸ਼ਿੰਦੇ ਨੇ ਗਿਲਾਸ ਭਰ ਕੇ ਅੰਦਰ ਸੁੱਟਿਆ। ਅੰਗਰੇਜ਼ੀ ਸ਼ਰਾਬ ਦਾ ਲੰਡਾ ਪੈੱਗ ਦੁੱਖ ਵਾਂਗ ਹੀ ਕਾਲਜੇ ਵਿਚ ਲੀਕ ਪਾਉਂਦਾ ਥੱਲੇ ਉਤਰਿਆ ਸੀ। ਸ਼ਰਾਬ ਦੀ ਗਰਮੀ ਨਾਲ ਉਸ ਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਫੁੱਟ ਪਈਆਂ ਸਨ।

-''ਕੀ- ?'' ਇੰਦਰ ਬੋਤਲ 'ਚ ਪੈੱਗ ਪਾਉਂਦਾ ਹੋਇਆ ਬੋਲਿਆ।

-''ਆਪਾਂ ਕੱਲ੍ਹ ਨੂੰ ਕਰਮੇਂ ਨੂੰ ਬੁਲਾਓ ਲੁਧਿਆਣੇ ਤੋਂ।'' ਉਹ ਉਬਲਿਆ ਆਂਡਾ ਚਿੱਥ ਰਿਹਾ ਸੀ। ਆਂਡਾ ਜਿਵੇਂ ਉਸ ਦੇ ਮੂੰਹ ਅੰਦਰ ਫੁੱਲ ਜਿਹਾ ਗਿਆ ਸੀ। ਉਸ ਨੇ ਮਸਾਂ ਹੀ ਜ਼ੋਰ ਦੇ ਕੇ ਉਗਾਲੀ ਅੰਦਰ ਲੰਘਾਈ ਸੀ। ਪਈ ਬਿਪਤਾ ਸਮੇਂ ਉਸ ਨੂੰ ਵੱਡਾ ਭਰਾ ਬਹੁਤ ਯਾਦ ਆ ਰਿਹਾ ਸੀ। 'ਕੱਲੀ ਹੋਵੇ ਨਾ ਵਣਾਂ ਦੇ ਵਿਚ ਲੱਕੜੀ - 'ਕੱਲਾ ਨਾ ਹੋਵੇ ਪੁੱਤ ਜੱਟ ਦਾ, ਵਾਲਾ ਸਿਆਣਿਆਂ ਦਾ ਕਿਹਾ ਤੱਥ ਉਸ ਨੂੰ ਬਿਲਕੁਲ ਸਹੀ-ਸਹੀ ਜਚ ਰਿਹਾ ਸੀ।

-''ਨਹੀਂ! ਹੈਂ ਬਈ! ਇਹਦੇ 'ਚ ਵੀ ਰਾਜ ਐ।'' ਸਾਬਤਾ ਆਂਡਾ ਮੂੰਹ ਅੰਦਰ ਸੁੱਟ ਕੇ ਇੰਦਰ ਬਲਦ ਵਾਂਗ ਉਗਾਲਾ ਜਿਹਾ ਕਰਨ ਲੱਗ ਪਿਆ। ਉਸ ਦੀ 'ਅਊਂ-ਅਊਂ' ਦੀ ਸ਼ਿੰਦੇ ਨੂੰ ਅੱਧੀ ਕੁ ਹੀ ਸਮਝ ਪਈ ਸੀ।

-''ਹੁਣ ਤਾਂ ਤੁਰੇ ਫਿਰਦੇ ਐਂ-ਜੇ ਉਹਨੂੰ ਪੁਲਸ ਨੇ ਚੱਕ ਲਿਆ-ਕਸੂਤੇ ਹੋਜਾਂਗੇ-ਇਤਲਾਹ ਪਤਿਉਰਿਆਂ ਨੇ ਉਸੇ 'ਤੇ ਈ ਦਿੱਤੀ ਐ।'' ਇੰਦਰ ਦੀ ਗੱਲ ਸ਼ਿੰਦੇ ਦੇ ਦਿਲ ਲੱਗੀ ਸੀ।

ਉਹ ਬੜੀ ਤੇਜ਼ੀ ਨਾਲ ਪੀ ਰਹੇ ਸਨ।

-''ਇੰਦਰਾ! ਬਾਈ ਦਾ ਘਰ ਉਜੜ ਗਿਆ!'' ਸ਼ਿੰਦੇ ਨੇ ਧਾਹ ਮਾਰੀ। ਅਹਾਤੇ ਵਿਚ ਪੀ ਰਹੇ ਲੋਕ ਇਕ ਦਮ ਇੱਧਰ ਨੂੰ ਝਾਕੇ ਸਨ। ਪਰ ਫਿਰ ਆਪਣੇ ਧੰਦੇ ਵਿਚ ਰੁੱਝ ਗਏ। ਜਿਵੇਂ ਉਹਨਾਂ ਲਈ ਇਹ ਕੋਈ ਫ਼ਾਸ ਗੱਲ ਨਹੀਂ ਸੀ। ਕਿਉਂਕਿ ਲੋਕ ਸ਼ਰਾਬ ਪੀ ਕੇ ਐਵੇਂ ਹੀ ਰੋਣ ਲੱਗ ਜਾਂਦੇ ਸਨ।

-''ਹੈਂ ਬਈ! ਕਮਲ ਨ੍ਹੀ ਮਾਰੀਦਾ ਹੁੰਦਾ-ਚੱਕ ਪੀ ਚੱਲੀਏ।'' ਜੜ੍ਹੀਂ ਲੱਗੀ ਬੋਤਲ 'ਚੋਂ ਇੰਦਰ ਨੇ ਆਖਰੀ ਪੈੱਗ

ਗਿਲਾਸਾਂ ਵਿਚ ਪਾ ਲਏ।

ਸ਼ਿੰਦਾ ਦੱਬਿਆ ਘੁੱਟਿਆ ਜਿਹਾ ਰੋਈ ਜਾ ਰਿਹਾ ਸੀ। ਜਿਵੇਂ ਦਾਰੂ ਨੇ ਉਸ ਦੇ ਹੰਝੂਆਂ ਦਾ ਹੜ੍ਹ ਖੋਲ੍ਹ ਦਿੱਤਾ ਸੀ।

-"ਚੱਕ ਫੇਰ ਲੇਟ ਹੋਈ ਜਾਨੇ ਐਂ!" ਇੰਦਰ ਨੇ ਗਿਲਾਸ ਉਸ ਦੇ ਹੱਥ ਫੜਾਇਆ।

-"ਬਾਈ ਨੂੰ ਕੀ ਅਚੈ--- ?" ਇਕ ਸ਼ਰਾਬੀ ਜਿਹੇ 'ਖੁੰਢ' ਨੇ ਆ ਕੇ ਪੁੱਛਿਆ। ਸ਼ਾਇਦ ਉਹ ਪਿਸ਼ਾਬ ਕਰਨ

ਬਾਹਰ ਨੂੰ ਜਾ ਰਿਹਾ ਸੀ।

-"ਕੁਛ ਨ੍ਹੀ-ਘਰ ਦੀ ਗੱਲ ਐ।" ਇੰਦਰ ਨੇ ਉਸ ਨੂੰ ਤੋੜਦਿਆਂ ਕਿਹਾ। ਉਸ ਦੀਆਂ ਅੱਖਾਂ ਵਿਚ ਨਸ਼ਾ ਡੋਲ ਰਿਹਾ ਸੀ।

-"ਮਰਦ ਨ੍ਹੀ ਰੋਂਦੇ ਹੁੰਦੇ-ਰੋਣਾ ਤਾਂ ਮਰਦਾਂ ਨੂੰ ਮਿਹਣੈਂ ਭੈੜ੍ਹਿਆ!" ਇਕ ਖੂੰਜੇ ਕੌਲੇ ਕੋਲੇ ਖੜ੍ਹਾ, ਹਿਲਦਾ ਜਿਹਾ ਉਹ ਆਪਣਾ ਮਾਮਲਾ ਭੁਗਤਾ ਰਿਹਾ ਸੀ।

ਉਹ ਬਾਹਰ ਆ ਗਏ।

-"ਦੇਖ ਭੈਣ ਦੇਣੇਂ ਨੇ ਟੂਬੈਲ ਈ ਚਲਾਤਾ।" ਇੰਦਰ ਦਾ ਪੈਰ ਸ਼ਰਾਬੀ ਦੇ ਪਿਸ਼ਾਬ ਵਿਚ ਪੈ ਗਿਆ ਸੀ। ਜੋ ਵਗਦਾ-ਵਗਦਾ ਸੜਕ ਤੱਕ ਆ ਗਿਆ ਸੀ। ਇੰਦਰ ਨੇ ਆਪਣੀ ਭਿੱਜੀ ਜੁੱਤੀ 'ਠੱਪ-ਠੱਪ' ਸੜਕ 'ਤੇ ਮਾਰੀ ਅਤੇ ਉਹ ਜੀਪ ਵਿਚ ਬੈਠ ਚੱਲ ਪਏ। ਸ਼ਿੰਦਾ ਰੋਂਦਾ-ਰੋਂਦਾ ਹੱਸ ਪਿਆ ਸੀ।

ਹਨ੍ਹੇਰਾ ਕਾਫ਼ੀ ਗੂਹੜ੍ਹਾ ਹੋ ਗਿਆ ਸੀ। ਸੜਕਾਂ ਤੋਂ ਭੀੜ੍ਹ ਘਟ ਗਈ ਸੀ। ਪਰ ਸੀ ਆਰ ਪੀ ਗਸ਼ਤ ਉਤਨੀ ਹੀ ਸੀ। ਇਕ ਮੋੜ 'ਤੇ ਉਹਨਾਂ ਨੂੰ ਗਸ਼ਤੀ ਪਾਰਟੀ ਨੇ ਹੱਥ ਦੇ ਕੇ ਰੋਕ ਲਿਆ।

ਜੀਪ ਸਾਊ ਬਲਦ ਵਾਂਗ ਖੜ੍ਹ ਗਈ ਸੀ।

-"ਕਹਾਂ ਸੇ ਆਏ ਹੋ?" ਸੀ ਆਰ ਪੀ ਦੇ ਜਵਾਨ ਨੇ ਗਹਿਰੀ ਨਜ਼ਰ ਨਾਲ ਜੀਪ ਅੰਦਰ ਝਾਕ ਕੇ ਪੁੱਛਿਆ।

-"ਯਹਾਂ ਸੇ ਹੀ।" ਇੰਦਰ ਨੇ ਜਵਾਬ ਦਿੱਤਾ।

-"ਯਹਾਂ ਕਹਾਂ ਸੇ?"

-"ਨੀਲਮ ਮੈਡੀਕਲ ਸਟੋਰ ਸੇ।"

–''ਕਿਸ ਲੀਏ ਗਏ ਥੇ ?''

–''ਹਮਾਰੀ ਭਾਬੀ ਕੀ ਮੌਤ ਹੋ ਗਈ–ਪੋਸਟ ਮਾਰਟਮ ਕਾ ਸਾਮਾਨ ਲੇ ਕੇ ਆਏ ਹੈਂ।'' ਪੰਜਾਬੀ–ਹਿੰਦੀ ਦੀ ਖਿਚੜੀ ਜਿਹੀ ਬਣਾ ਕੇ ਇੰਦਰ ਨੇ ਜਵਾਨ ਅੱਗੇ ਪੇਸ਼ ਕੀਤੀ।

–''ਕਹਾਂ ਜਾ ਰਹੇ ਹੋ ?'' ਉਸ ਦੇ ਬੁੱਲ੍ਹ ਹੀ ਹਿੱਲਦੇ ਦਿਸਦੇ ਸਨ। ਡਰਾਉਣੀਆਂ ਜਿਹੀਆਂ ਅੱਖਾਂ ਉਸ ਨੇ ਇੰਦਰ ਦੇ ਮੂੰਹ 'ਤੇ ਗੱਡ ਰੱਖੀਆਂ ਸਨ।

–''ਹਸਪਤਾਲ– ।''

–''ਅੱਛਾ ਜਾਈਏ !'' ਉਸ ਨੇ ਉਹਨਾਂ ਦਾ ਜੂੜ ਖੋਲ੍ਹ ਦਿੱਤਾ।

ਜੀਪ ਤੁਰ ਪਈ।

–''ਊਂ ਤਾਂ ਲੋਕ ਜਿਹੜੇ ਦੁਖੀ ਐ–ਦੁਖੀ ਐ–ਐਹਨਾਂ ਨੇ ਵਾਧੂ ਤੰਗ ਕਰ ਰੱਖਿਐ।'' ਸ਼ਿੰਦੇ ਨੇ ਆਪਣੇ ਅੰਦਰੋਂ ਸੜਦੀ ਭੜ੍ਹਾਸ ਕੱਢੀ।

–''ਜੇ ਪਤਾ ਲੱਗਜੇ ਬਈ ਪਤੰਦਰ ਫਲਾਨੇ ਥਾਂ ਬੈਠੇ ਐ–ਸਾਲੇ ਜਾਗਦੇ ਈ ਸੌਂ ਜਾਂਦੇ ਐ।''

–''ਸੌਂ ਕੀ ? ਅੰਦਰੇ ਈ ਮੋਕੋ ਮੋਕ ਹੋਈ ਜਾਣਗੇ ਬਈ ਕੋਈ ਰਾਕਟ ਲਾਂਚਰ ਨਾ ਆ ਡਿੱਗੇ ਚੌਂਕੀ 'ਤੇ–ਤੇ ਨਿਹੱਕਿਆਂ ਨੂੰ ਕੁੱਕੜਾਂ ਆਲੀਆਂ ਤਾੜਾਂ।''

–''ਲੈ ਇਕ ਹੋਰ ਗੱਲ ਤੈਨੂੰ ਸੁਣਾਵਾਂ–ਯਾਦ ਆ ਗਈ– ।'' ਮੋੜ ਕੱਟਦੇ ਇੰਦਰ ਨੇ ਬਰਾਬਰ ਬੈਠੇ ਸ਼ਿੰਦੇ ਦੇ ਪੱਟ 'ਤੇ ਹੱਥ ਮਾਰਿਆ, ''ਆਹ ਮਹੀਨਾ ਕੁ ਹੋ ਗਿਆ–ਸ਼ਾਹਪੁਰ ਦਾ ਅਮਲੀ ਠਾਣੇ ਜਾ ਵੜਿਆ–ਕਹਿੰਦਾ ਮੈਨੂੰ ਠਾਣੇਦਾਰ ਮਿਲਾਓ–ਅਖੇ ਜੀ ਬਾਹਲੀ ਵੱਡੀ ਗੱਲ ਐ–ਸਿਰਫ਼ ਠਾਣੇਦਾਰ ਨੂੰ ਦੱਸਣ ਆਲੀ ਐ–ਹੈਂ ਬਈ ! ਪੁਲਸ ਆਲਿਆਂ ਨੇ ਬਥੇਰ੍ਹਾ ਕਿਹਾ ਬਈ ਸਾਨੂੰ ਦੱਸ ਦੇ–ਠਾਣੇਦਾਰ ਤਾਂ ਘੰਟੇ ਨੂੰ ਆਊ–ਅਮਲੀ ਜੀ ਆਕੜ ਗਿਆ–ਕਹਿੰਦਾ ਮੈਂ ਘੰਟਾ ਉਡੀਕ ਲੈਨੈਂ–ਪੁਲਸ ਆਲਿਆਂ ਨੇ ਭਾਈ ਉਹਨੂੰ ਬੈਂਚ 'ਤੇ ਬਿਠਾਤਾ–ਅਮਲੀ ਦੀ ਵੀ ਹਿੰਡ ਭੈੜ੍ਹੀ–ਉਹ ਇੱਕੋ ਗੱਲ 'ਤੇ ਈ ਅੜਿਆ ਰਿਹਾ ਕਿ ਗੱਲ ਸਿਰਫ਼ ਠਾਣੇਦਾਰ ਨੂੰ ਈ ਦੱਸਣ ਆਲੀ ਐ–ਤੇ ਭਾਈ ਘੰਟੇ ਕੁ ਬਾਅਦ ਠਾਣੇਦਾਰ ਵੀ ਆ ਗਿਆ–ਜਦੋਂ ਮੁਣਸ਼ੀ ਨੇ ਠਾਣੇਦਾਰ ਨੂੰ ਦੱਸਿਆ ਤਾਂ ਅਮਲੀ ਨੂੰ ਦਫ਼ਤਰ ਸੱਦ ਲਿਆ–ਪੰਜ ਛੇ ਪੁਲਸ ਆਲੇ ਭਾਈ ਅਮਲੀ ਦੇ ਦੁਆਲੇ ਹੈਰਾਨ ਜਿਹੇ ਹੋਏ ਖੜ੍ਹੇ–ਬਈ ਪਤਾ ਨ੍ਹੀ ਕੀ ਸੱਪ ਕੱਢੂ ? ਤੇ ਜਦੋਂ ਠਾਣੇਦਾਰ ਨੇ ਪੁੱਛਿਆ, ਹਾਂ ਬਈ ਕੀ ਗੱਲ ਐ ? ਤਾਂ ਅਮਲੀ ਬਣਾ ਸੁਆਰ ਕੇ ਕਹਿੰਦਾ, ਜੀ ਫ਼ਲਾਨਾ ਸਿੰਘ ਫ਼ਾੜਕੂ ਮੈਂ ਟੈਂਪੂ 'ਚ ਬੈਠਾ ਸਾਡੇ ਪਿੰਡ ਵੱਲ ਜਾਂਦਾ ਦੇਖਿਐ–ਤੇ ਉਹਦੇ ਸਿਰ ਦਾ ਇਨਾਮ ਪੰਜਾਹ ਹਜਾਰ ਰੁਪਏ ਐ–ਕਹਿੰਦਾ ਮੈਨੂੰ ਪੰਜਾਹ ਹਜਾਰ ਦਿਓ ਤੇ ਖਾੜਕੂ ਫੜੋ–ਚਾਰ ਦਿਨ ਫ਼ੀਮ ਦਾ ਕੰਮ ਤਾਂ ਸੋਹਣਾ ਚਲਾਈਏ–ਅਮਲੀ ਨੇ ਤਾਂ ਬੜੇ ਮਾਣ ਨਾਲ ਕਿਹਾ–ਤੇ ਭਾਈ ਪੁਲਸ

ਆਲੇ ਤਾਂ ਉਸ ਨੂੰ ਕੁੱਟਣ ਲੱਗਪੇ-ਅਮਲੀ ਦਾ ਕੁੱਟ-ਕੁੱਟ ਕੇ ਬਣਾਤਾ ਪੁਲਸ ਆਲਿਆਂ ਨੇ ਮੋਰ-ਤੇ ਭਾਈ ਅਮਲੀ ਤਾਂ ਲੱਗ ਪਿਆ ਲੇਰਾਂ ਮਾਰਨ-ਨਾਲੇ ਉਹ ਪੁੱਛੀ ਜਾਵੇ ਬਈ ਮੈਨੂੰ ਤਾਂ ਇਨਾਮ ਦੇਣਾ ਸੀ-ਤੁਸੀਂ ਕੁੱਟਣ ਕਿਉਂ ਲੱਗਪੇ? ਤੇ ਮੁਣਸ਼ੀ ਕਹਿੰਦਾ, ਮੇਰਿਆ ਸਾਲਿਆ! ਅਸੀਂ ਤਾਂ ਤੇਰੇ ਪਿਉ ਨੂੰ ਮਸਾਂ ਮਿੰਨਤਾਂ ਕਰ ਕੇ ਟੈਂਪੂ 'ਚ ਬਿਠਾ ਕੇ, ਦਫ਼ਾ ਕਰ ਕੇ ਆਏ ਐਂ ਬਈ ਸਾਡੇ ਇਲਾਕੇ 'ਚ ਕੋਈ ਵਾਰਦਾਤ ਨਾ ਕਰਦੇ-ਤੇ ਤੂੰ ਉਹਦੀਆਂ ਫ਼ਬਰਾਂ ਲੈ ਲੈ ਆਉਨੈਂ ਤੇ ਭਾਲਦੈਂ ਸੌਂਖੇ-ਮੁਣਸ਼ੀ ਨੇ ਭਾਈ ਫੇਰ ਭੰਨਿਆਂ-ਫੇਰ ਭਾਈ ਮਸਾਂ ਈ ਵੀਹ ਪੰਜਾਹ ਦੇ ਕੇ ਛੁੱਟਿਆ-ਜਿਹੜੇ ਉਹਦੀ ਜੇਬ 'ਚ ਸੀਗੇ-ਮਿੰਨਤਾਂ ਵਾਧੂ ਦੀਆਂ ਕੀਤੀਆਂ ਤੇ ਕੁੱਟ ਨਫ਼ੇ 'ਚ ਖਾਧੀ-ਆਹ ਗੱਲਾਂ ਤੇ ਆਹ ਬਾਤਾਂ ਇਹਨਾਂ ਦੀਆਂ ਤਾਂ-।"

-"ਕਰਦੇ ਤਾਂ ਇਉਂ ਈ ਐ।" ਸ਼ਿੰਦੇ ਨੂੰ ਗ਼ਮ 'ਚ ਵੀ ਹਾਸਾ ਆ ਰਿਹਾ ਸੀ। ਪਰ ਉਹ ਚੁੱਪ ਸੀ। ਜੀਪ ਵਿਚ ਬੈਠਾ ਉਹ ਸਿੱਧਾ ਹੀ ਝਾਕ ਰਿਹਾ ਸੀ।

ਗੱਲਾਂ ਬਾਤਾਂ ਕਰਦੇ ਉਹ ਹਸਪਤਾਲ ਪਹੁੰਚ ਗਏ।

ਲਿਆਂਦਾ ਸਮਾਨ ਉਹਨਾਂ ਨੇ ਕੰਪਾਊਡਰ ਨੂੰ ਜਾ ਫੜਾਇਆ।

-"ਡਾਕਟਰ ਸਾਹਿਬ ਤਾਂ ਜੀ ਚਲੇ ਗਏ!" ਸਮਾਨ ਫੜਦਾ ਕੰਪਾਊਡਰ ਬਿੰਡੇ ਵਾਂਗ ਟਿਆਂਕਿਆ। ਉਸ ਦੀ ਤਿੱਖੀ ਜਿਹੀ ਅਵਾਜ਼ ਕਿਸੇ ਅੱਲੜ੍ਹ ਖੁਸਰੇ ਵਰਗੀ ਸੀ। ਉਸ ਦੀਆਂ ਖਚਰੀਆਂ ਅੱਖਾਂ ਵਿਚ ਸ਼ਰਾਰਤ ਝਲਕਦੀ ਸੀ।

-"ਕਦੋਂ?" ਦੋਨਾਂ ਦੇ ਹਰਾਸ ਮਾਰੇ ਗਏ।

-"ਉਹਨਾਂ ਨੂੰ ਤਾਂ ਘੰਟੇ ਤੋਂ ਵੀ ਉਪਰ ਹੋ ਗਿਆ!"

ਉਹ ਨਿਰੁੱਤਰ ਸਨ।

-"ਘਰੇ ਸਾਲੀ ਆਈ ਵੀ ਐ ਮਾਲਕੋ-ਕੋਈ ਮਾੜੀ ਮੋਟੀ ਗੱਲ ਨ੍ਹੀ! ਸਾਲੀ ਦੇ ਨਾਂ ਨੂੰ ਤਾਂ ਬਾਂਦਰ ਵੀ ਕੱਛਾਂ ਮਾਰਨ ਲੱਗ ਪੈਂਦੈ-ਉਹ ਤਾਂ ਫੇਰ ਵੀ ਬੰਦੈ।" ਕੰਪਾਊਡਰ ਮੇਜ਼ 'ਤੇ ਸਮਾਨ ਚਿਣਦਾ ਕਹਿ ਰਿਹਾ ਸੀ। ਉਹਨਾਂ ਨੂੰ ਇਉਂ ਜਾਪਿਆ ਜਿਵੇਂ ਕੰਪਾਊਡਰ ਸਮਾਨ ਨਹੀਂ, ਕਿਸੇ ਮੜ੍ਹੀ ਦੀਆਂ ਇੱਟਾਂ ਚਿਣ ਰਿਹਾ ਸੀ।

-"ਆਊ ਕਿੰਨ੍ਹੇ ਕੁ ਵਜੇ?" ਇੰਦਰ ਜਿਵੇਂ ਬੂਥ ਪਰਨੇ ਅਸਮਾਨੋਂ ਧਰਤੀ 'ਤੇ ਆ ਡਿੱਗਿਆ ਸੀ।

-"ਹੁਣ ਤਾਂ ਸਵੇਰੇ ਅੱਠ ਵਜੇ ਈ ਦਰਸ਼ਣ ਦੇਣਗੇ।"

ਉਹ ਫੂਕ ਨਿਕਲੇ ਟਾਇਰ ਵਾਂਗ ਬੈਂਚ 'ਤੇ ਬੈਠ ਗਏ। ਉਹਨਾਂ ਅੰਦਰ ਜਿਵੇਂ ਕੁਝ ਧੁਖ ਰਿਹਾ ਸੀ।

-''ਇੱਥੇ ਬੈਠਣ ਦੀ ਇਜਾਜ਼ਤ ਨਹੀਂ-ਬਾਹਰ ਬੈਠੀਏ---!'' ਇਕ ਠਿੱਬੜ ਜਿਹੀ ਨਰਸ ਅੰਦਰ ਆਈ ਅਤੇ ਕਹਿ ਕੇ ਤੇਜ਼ੀ ਨਾਲ ਬਾਹਰ ਨਿਕਲ ਗਈ।

ਇੰਦਰ ਅਤੇ ਸ਼ਿੰਦਾ ਹੈਰਾਨ ਸਨ। ਉਹਨਾਂ ਨਾਲ ਇਹ ਕੀ ਵਾਪਰ ਰਿਹਾ ਸੀ? ਸ਼ਾਇਦ ਉਹਨਾਂ ਦੀ ਸਮਝ ਤੋਂ ਬਾਹਰ ਸੀ। ਫ਼ੈਰ! ਕਿਸੇ ਮਗਜ਼ਮਾਰੀ ਤੋਂ ਪਹਿਲਾਂ ਉਹ ਬਾਹਰ ਨਿਕਲ ਕੇ ਵਰਾਂਡੇ ਵਿਚ ਖੜ੍ਹ ਗਏ।

-''ਕਿਹੜਾ ਪਿੰਡ ਐ ਮਾਲਕੋ?'' ਕੰਪਾਊਡਰ ਉਹਨਾਂ ਕੋਲ ਬਾਹਰ ਆ ਗਿਆ।

-''ਪੰਜਗਰਾਂਈਂ।''

-''ਲੈ-ਫੇਰ ਤਾਂ ਆਪਾਂ ਗੁਆਂਢੀ ਨਿਕਲੇ!'' ਉਹ ਤਾੜੀ ਮਾਰ ਕੇ ਹੱਸਿਆ ਸੀ। ਉਸ ਦੀਆਂ ਖਚਰੀਆਂ ਅੱਖਾਂ ਇਕ ਦਮ ਮਿਚ ਗਈਆਂ ਸਨ।

-''ਹੈਂ ਬਈ! ਇਹ ਕੀ ਕਰੀ ਜਾਂਦੇ ਐ? ਸਾਲੀ ਸਮਝ ਨਹੀਂ ਆਉਂਦੀ!'' ਇੰਦਰ ਬੇਹੱਦ ਮਾਯੂਸੀ ਵਿਚ ਸਿਰ ਫੇਰਿਆ।

-''ਮਾਲਕੋ ਤੁਸੀਂ ਐਂ ਮੇਰੇ ਗੁਆਂਢੀ-ਥੋਨੂੰ ਮੈਂ ਇਕ ਰੈਅ ਦੇਵਾਂ?'' ਕੋਡਾ ਜਿਹਾ ਹੋ ਕੇ ਕੰਪਾਊਡਰ ਨੇ ਉਹਨਾਂ ਦੇ ਚਿਹਰੇ ਦੀ ਜਾਂਚ ਕੀਤੀ। ਤਿਰਮਚੀ ਵਰਗੀਆਂ ਅੱਖਾਂ ਉਸ ਨੇ ਸਾਰੀਆਂ ਹੀ ਖੋਲ੍ਹ ਲਈਆਂ ਸਨ।

-''ਦੱਸ- ?'' ਇੰਦਰ ਨੇ ਬਾਂਹਾਂ ਦੇ ਕੁੰਢ ਪਿੱਛੇ ਅੜਾ ਲਏ।

-''ਤੁਸੀਂ ਵੀ ਪੇਂਡੂ ਐਂ ਤੇ ਮੈਂ ਵੀ ਪੇਂਡੂ-ਸੌ ਹੱਥ ਰੱਸਾ ਕਹਿੰਦੇ, ਸਿਰੇ 'ਤੇ ਗੰਢ! ਪੈਸੇ ਬਿਨਾ ਤਾਂ ਡਾਕਟਰ ਰੱਬ ਨੂੰ ਮੱਥਾ ਨ੍ਹੀ ਟੇਕਦਾ-ਇਥੇ ਤਾਂ ਮਾਲਕੋ ਕੁੱਤੀ ਚੋਰਾਂ ਨਾਲ ਰਲੀ ਹੋਈ ਐ-ਹੱਡ ਦਿਓ ਮੂੰਹ 'ਚ ਤੇ ਪੋਸਟ ਮਾਰਟਮ ਲਓ ਮਿੰਟਾਂ ਵਿਚ ਹੋਇਆ-ਇਥੇ ਤਾਂ ਸਾਰੀਆਂ ਇੱਕੋ ਵਾੜੇ ਦੀਆਂ ਭੇਡਾਂ 'ਕੱਠੀਆਂ ਹੋਈਆਂ ਵੀਐਂ-ਸਾਰਾ ਸਟਾਫ਼ ਈ ਉਸੇ ਦੀ ਪੈੜ 'ਚ ਪੈਰ ਰੱਖਦੈ-ਆਹ ਜਿਹੜੀ ਧੱਤਲ ਜਿਹੀ ਨਰਸ ਹੁਣੇ ਅੰਦਰ ਆਈ ਸੀ-ਇਹ ਵੀ ਟੰਗਾਂ ਓਸੇ ਤੋਂ ਈ ਚੁਕਵਾਉਂਦੀ ਐ-ਹਾਥੀ ਦੀ ਪੈੜ 'ਚ ਮਾਲਕੋ ਹਰ ਦੀ ਪੈੜ ਹੁੰਦੀ ਐ-ਮੈਥੋਂ ਕਿਉਂ ਬਾਹਲਾ ਅਖਵਾਉਂਦੇ ਓ-ਪਰ ਮੇਰਾ ਨਾਂ ਨਾ ਲਇਓ-ਦੇਖਿਓ ਰੱਬ ਦੇ ਵਾਸਤੇ ਮੇਰੀ ਟਿੰਡ ਫ਼ੌਹੜ੍ਹੀ 'ਕੱਠੀ ਹੁੰਦੀ ਫਿਰੇ-।'' ਕੰਪਾਊਡਰ ਜਿਵੇਂ ਅੰਨ੍ਹੇ ਨੂੰ ਰਾਹ ਦੱਸ ਰਿਹਾ ਸੀ।

ਗੱਲ ਦੋਨਾਂ ਦੇ ਜ਼ਿਹਨ ਵਿਚ ਘਰ ਕਰ ਗਈ ਸੀ।

-''ਇੱਥੇ ਕਿਸੇ ਨੇ ਪੋਸਟ ਮਾਰਟਮ ਨਹੀਂ ਕਰਨਾ-ਜਿੰਨਾਂ ਚਿਰ 'ਥੇਲੀ ਗਰਮ ਨ੍ਹੀ ਹੁੰਦੀ-ਲਾਅਸ਼ਾਂ ਚਾਹੇ ਪਈਆਂ ਸੜ ਜਾਣ।'' ਵੈਸੇ ਇਹ ਕੰਪਾਊਡਰ ਮਾੜਾ ਨਹੀਂ ਸੀ। ਰੱਬ ਤੋਂ ਡਰਨ ਵਾਲਾ ਬੰਦਾ ਸੀ। ਉਹ ਉਹਨਾਂ ਨੂੰ ਕੌੜਾ ਸੱਚ ਦੱਸ ਰਿਹਾ ਸੀ।

-''ਫਸਿਆਂ ਤਾਂ ਮਾਰ ਖਾਣੀ ਪਊ।'' ਕਾਮਰੇਡ ਇੰਦਰ ਜਿਵੇਂ ਪਰ੍ਹੇ ਵਿਚ ਹਾਰ ਗਿਆ ਸੀ। ਰਿਸ਼ਵਤ, ਲੈਣ-ਦੇਣ ਦੇ ਫ਼ਿਲਾਫ਼ ਲੜਦਾ ਆ ਰਿਹਾ ਜਿਵੇਂ ਉਹ ਸਮੁੰਦਰ ਵਿਚ ਡਿੱਗ ਪਿਆ ਸੀ। ਮਜ਼ਬੂਰੀ ਦਾ ਨਾਂ 'ਮਾਸੀ' ਸੀ! ਇਤਨੀ ਜਲਦੀ ਉਹ ਕੋਈ ਹਰਕਤ ਵਿਚ ਵੀ ਨਹੀਂ ਆ ਸਕਦੇ ਸਨ। ਮੌਤਾਂ ਹੋਈਆਂ ਨੂੰ ਸੋਲਾਂ ਘੰਟੇ ਤੋਂ ਉਪਰ ਸਮਾਂ ਗੁਜ਼ਰ ਚੁੱਕਿਆ ਸੀ। ਇੰਦਰ ਫ਼ੱਟੜ ਪੰਛੀ ਵਾਂਗ ਤੜਪ ਉਠਿਆ ਸੀ। ਸ਼ਿੰਦਾ ਫ਼ਾਮੋਸ਼ ਸੁਣ ਰਿਹਾ ਸੀ।

-''ਹੁਣ ਜਮਾਂ ਈ ਨਹੀਂ ਆਉਂਦਾ?'' ਇੰਦਰ ਨੇ ਪੁੱਛਿਆ।

-''ਰਾਮ ਰਾਮ ਕਰੋ ਮਾਲਕੋ! ਅੱਜ ਤਾਂ ਭਾਵੇਂ ਧਰਮਰਾਜ ਆਜੇ-ਤਾਂ ਨ੍ਹੀ ਆਉਂਦਾ-ਸਾਲੀ ਦੇ ਸਾਹਮਣੇ ਬਾਘੀਆਂ ਪਾਉਂਦਾ ਹੋਊ-ਅੱਬਲ ਤਾਂ ਜੇ ਲੋਟ ਲੱਗ ਗਿਆ ਤਾਂ ਸਾਲਾ ਬਾਂਗੂ ਉਹਨੂੰ।'' ਕੰਪਾਊਡਰ ਗੱਲ 'ਚੋਂ ਸੁਆਦ ਲੈ ਗਿਆ।

-''ਹੈ ਬਈ! ਉਹਦੇ ਘਰਆਲੀ ਨੀ ਕੁਛ ਕਹਿੰਦੀ ਉਹਨੂੰ?''

-''ਮਾਲਕੋ! ਘਰਆਲੀ ਕਿਹੜਾ ਸਤਬੰਤੀ ਐ? ਸਾਲੀ ਚਗਲ ਉਹ ਐ! ਇਕ ਆਰੀ ਘਰ ਦੇ ਨੌਕਰ ਨਾਲ ਈ ਫੜੀ ਗਈ-ਬੀਹ ਸਿਆਪੇ ਸਾਲੇ! ਤੇ ਮਾਲਕੋ ਮਾਲਕ ਨੇ ਨੌਕਰ ਨੂੰ ਘਰੋਂ ਕੱਢ-ਤੀਮੀ ਕੁੱਟ!''

-''ਤੇ ਇਹਦੇ ਘਰਆਲੀ ਨੂੰ ਨਰਸਾਂ ਬਾਰੇ ਨੀ ਪਤਾ?''

-''ਸਭ ਪਤੈ ਮਾਲਕੋ! ਭੁੱਲੀ ਉਹ ਕੁਛ ਨ੍ਹੀ-ਇਕ ਆਰੀ ਕੰਜਰ ਦੇ ਨੇ ਆਹ ਧੱਤਲ ਜੀ ਨੂੰ ਢਿੱਡ ਕਰਤਾ-ਜਦੋਂ ਪਤਾ ਲੱਗਿਆ-ਡਾਕਟਰ ਨੂੰ ਜਲਦੀ ਬੁਲਾਇਆ ਗਿਆ ਬਈ ਸੀਰੀਅਸ ਕੇਸ ਐ-ਜਲਦੀ ਆਓ! ਫੇਰ ਭਾਈ ਡਾਕਟਰ ਆਇਆ-ਸਾਰੀ ਰਾਤ ਖੌਝਦੇ ਰਹੇ-ਫੇਰ ਜਾ ਕੇ ਜੁਆਕ ਕੱਢਿਆ-ਸਾਲੀ ਦੇ ਦੋ ਤਿੰਨ ਟੀਕੇ ਤਾਂ ਉਹ ਲਾਏ ਜਿਹੜੇ ਮੱਝਾਂ ਦੇ ਦੁੱਧ ਉਤਾਰਨ ਲਈ ਲਾਈਦੇ ਐ-ਮਾੜੀ ਮੋਟੀ ਦੁਆਈ ਤਾਂ ਇਹਦੇ 'ਤੇ ਊਂ ਈਂ ਅਸਰ ਨ੍ਹੀ ਕਰਦੀ-ਜੇ ਇਹਨੂੰ ਕੁੜੀ ਚੋਦ ਦੀ ਨੂੰ ਮਲੇਰੀਆ ਹੋਜੇ-'ਕੱਠੀਆਂ ਦਸ ਗੋਲੀਆਂ ਕੁਨੀਨ ਦੀਆਂ ਅਸਰ ਕਰਦੀਐਂ-ਅੱਬਲ ਤਾਂ ਫ਼ਾਈਵ ਸੀ ਸੀ ਦਾ ਟੀਕਾ ਲਾਉਣਾ ਪੈਂਦੈ।''

-''ਤੇ ਸਾਲੀ- ?'' ਇੰਦਰ ਬੋਲਣ ਲੱਗਿਆ ਹੀ ਸੀ ਕਿ ਕੰਪਾਊਡਰ ਨੇ ਗੱਲ ਫਿਰ ਖੋਹ ਲਈ।

-''ਸਾਲੀ ਤਾਂ ਮਾਲਕੋ ਅੱਗ ਐ ਅੱਗ! ਘਰਆਲਾ ਬਿੱਜੂ ਜਿਆ ਬਿਹਾਰ 'ਚ ਰਹਿੰਦੈ-ਠੇਕੇਦਾਰੀ ਕਰਦੈ-ਸਾਲ ਛੇ ਮਹੀਨਿਆਂ ਬਾਅਦ ਈ ਆਉਂਦੈ-ਤੇ ਇਹ ਸਾਲੀ ਪੱਠ ਜੀ ਐਥੇ ਈ ਗੇੜਾ ਰੱਖਦੀ ਐ-ਠੋਕੂ ਜਿਉਂ ਐਥੋਂ ਲੱਗਦੈ! ਸੱਸ ਨੂੰ ਬਹਾਨਾ ਮਾਰ ਕੇ ਐਥੇ ਆ ਜਾਂਦੀ ਐ-ਅਖੇ ਮੈਂ ਜੀਜਾ ਜੀ ਤੋਂ ਦੁਆਈ ਲੈਣ ਚੱਲੀ ਐਂ-ਜਿਵੇਂ ਦਿੱਲੀ ਦੇ ਸਾਰੇ ਡਾਕਟਰ ਮਰਗੇ ਹੁੰਦੇ ਐ-ਐਥੇ ਦਫ਼ਤਰ 'ਚ ਕਦੇ ਕਦੇ ਆ ਜਾਂਦੀ ਐ-ਕਹੂ ਮੈਨੂੰ ਤਾਂ 'ਰਾਮ ਈ ਜੀਜਾ ਜੀ ਤੋਂ ਆਉਂਦੈ! ਸਭ ਨੂੰ ਈ ਪਤੈ ਬਈ ਜੀਜਾ ਜੀ ਕੀ ਇਹਨੂੰ ਬਨਕਸ਼ਾਂ ਉਬਾਲ ਕੇ ਪਿਆਉਂਦੈ-ਜਦੋਂ ਸਾਲੀ ਆ ਜਾਂਦੀ ਐ ਤਾਂ ਆਹ ਧੱਤਲ ਜੀ ਮੱਚੀ ਰਹਿੰਦੀ ਐ-ਕਰੀਏ ਤਾਂ ਦੱਸੋ ਕੀ ਕਰੀਏ?'' ਦੋਵਾਂ ਪਾਸਿਆਂ ਦੀ ਮਾਰ ਖਾ ਖਾ ਕੇ ਕੰਪਾਊਡਰ ਜਿਵੇਂ ਸੂਤਿਆ ਪਿਆ ਸੀ।

-''ਹੁਣ ਸਾਨੂੰ ਕਿਹੜੇ ਖੂਹ 'ਚ ਸਿੱਟੇਂਗਾ?'' ਇੰਦਰ ਨੇ ਆਖਰੀ ਸੁਆਲ ਪੁੱਛਿਆ। ਘਣ ਵਰਗੀ ਰਾਤ ਉਹਨਾਂ

ਅੱਗੇ ਅਜੇ ਬਾਕੀ ਸੀ।

-''ਆਹ ਨਾਲ ਪਰ੍ਹੇ ਜਾ ਕੇ ਢਾਬਾ ਐ-ਤੁਸੀਂ ਰੋਟੀ ਖਾ ਆਓ ਤੇ ਜੀਪ 'ਚ ਈ ਪੈ ਜਾਇਓ-ਕੰਬਲਾਂ ਦਾ ਪ੍ਰਬੰਧ ਥੋਨੂੰ ਮੈਂ ਕਰਦੂੰਗਾ।'' ਉਸ ਨੇ ਆਖਿਆ।

-''ਰਾਜੂ---!'' ਅੰਦਰੋਂ ਉਸ ਨਰਸ ਦੀ ਅਵਾਜ਼ ਆਈ।

-''ਆਇਆ ਮਾਲਕੋ---!'' ਉਸ ਨੇ ਉਚੀ ਸਾਰੀ ਕਿਹਾ।

-''ਇਹੀ ਨ੍ਹੀ ਲੋਟ ਆਉਂਦੀ-ਭੈਣ ਦਾ ਮਣਕਾ ਈ ਯ੍ਹਾਵੀ!'' ਇੰਦਰ ਹੁਰਾਂ ਕੋਲ ਖੜ੍ਹਾ ਉਹ ਗਾਲ੍ਹ ਕੱਢ ਕੇ ਅੰਦਰ ਚਲਾ ਗਿਆ।

ਇੰਦਰ ਹੁਰੀਂ ਢਾਬੇ ਨੂੰ ਤੁਰ ਪਏ।

ਹਸਪਤਾਲ ਦਾ ਵੱਡਾ ਦਰਵਾਜਾ ਬੰਦ ਹੋ ਚੁੱਕਾ ਸੀ। ਸਿਰਫ਼ ਨਾਲ ਦੀ ਦਰਵਾਜੀ ਜਿਹੀ ਹੀ ਖੁੱਲ੍ਹੀ ਸੀ। ਜਿੱਥੇ ਚੌਕੀਦਾਰ ਬੈਠਾ ਸੀ। ਉਹ ਚੌਕੀਦਾਰ ਨੂੰ ਵਾਪਿਸ ਆਉਣ ਬਾਰੇ ਜਾਣੂੰ ਕਰਵਾ ਕੇ ਬਾਹਰ ਨਿਕਲ ਗਏ।

ਰਾਤ ਦੇ ਗਿਆਰ੍ਹਾਂ ਵੱਜ ਚੁੱਕੇ ਸਨ। ਜਹਾਨ ਟਿਕ ਗਿਆ ਸੀ। ਦੁਨੀਆਂ ਸੁਪਨਿਆਂ 'ਚ ਗੁਆਚੀ ਹੋਈ ਸੀ। ਸੜਕ 'ਤੇ ਕੋਈ ਟਾਵਾਂ ਟਾਵਾਂ ਰਿਕਸ਼ਾ ਲੰਘਦਾ ਸੀ। ਗਰਮੀ ਕੁਝ ਘਟ ਗਈ ਸੀ। ਪਰ ਮੱਛਰ ਆਪਣੀਆਂ ਫ਼ਲਾਈਟਾਂ ਲੈ ਚੁੱਕਾ ਸੀ। ਅਸਮਾਨ ਵਿਚ ਤਾਰੇ ਖਿੱਲਾਂ ਵਾਂਗ ਖਿੜੇ ਪਏ ਸਨ। ਕਾਲੇ ਅਸਮਾਨ ਦੀ ਬੁੱਕਲ ਵਿਚ ਵੜੇ, ਕਿਸੇ ਬੱਚੇ ਵਾਂਗ ਹੱਸ ਰਹੇ ਸਨ। ਟਿਊਬਾਂ ਦਾ ਦੁਧੀਆ ਚਾਨਣ ਸੜਕਾਂ ਦੀ ਪਿੱਠ ਧੋ ਰਿਹਾ ਸੀ।

ਜਦ ਉਹ ਢਾਬੇ 'ਤੇ ਪਹੁੰਚੇ ਤਾਂ ਢਾਬਾ ਬੰਦ ਹੋ ਚੁੱਕਾ ਸੀ। ਢਾਬੇ ਦਾ ਸ਼ਟਰ ਉਹਨਾਂ ਨੂੰ ਚਿਤੌੜਗੜ੍ਹ ਦੇ ਕਿਲ੍ਹੇ ਵਾਂਗ ਅੰਗੂਠੇ ਦਿਖਾ ਰਿਹਾ ਸੀ। ਠੰਢਾ ਹੋਇਆ ਤੰਦੂਰ ਉਹਨਾਂ ਨੂੰ ਜਿਵੇਂ ਮਛਕਰੀਆਂ ਕਰਦਾ ਲੱਗਦਾ ਸੀ।

ਉਹ ਨਿਰਾਸ਼ ਜਿਹੇ ਹੋ ਗਏ।

-''ਜਦੋਂ ਕਹਿੰਦੇ ਐ ਬੰਦੇ 'ਤੇ ਬਖਤ ਪੈਂਦੈ-ਉਦੋਂ ਸੁੱਬੀ ਵੀ ਸੱਪ ਬਣ ਜਾਂਦੀ ਐ।'' ਸ਼ਿੰਦੇ ਨੇ ਕਿਹਾ। ਭੁੱਖ ਨਾਲ ਉਸ ਦੀਆਂ ਕੋਕੜਾਂ ਹੋਈਆਂ ਪਈਆਂ ਸਨ। ਅੰਗਰੇਜ਼ੀ ਸ਼ਰਾਬ ਉਸ ਦੇ ਖਾਲੀ ਪੇਟ ਨੂੰ ਰੰਬੇ ਵਾਂਗ ਖੁਰਚ ਰਹੀ ਸੀ। ਇਕ ਉਹਨਾਂ ਨੇ ਪਿਛਲੀ ਰਾਤ ਦਾ ਖਾਣਾ ਖਾਧਾ ਹੋਇਆ ਸੀ।

-''ਢੇਰੀ ਨਾ ਢਾਹ ਯਾਰ-ਸਾਲੀ ਭੁੱਖ ਵੀ ਕੋਈ ਚੀਜ ਐ?'' ਹਵਾਲਾਤਾਂ ਵਿਚ ਰਾਤਾਂ ਕੱਟਦਾ ਆਇਆ ਇੰਦਰ ਪੱਕ ਚੁੱਕਾ ਸੀ। ਹਵਾਲਾਤ ਵਿਚ ਕਿਹੜਾ ਬੇਬੇ ਬੈਠੀ ਹੁੰਦੀ ਐ? ਬਈ ਜਿਸ ਨੇ ਕਹਿਣਾ ਹੁੰਦੈ, ''ਰੋਟੀ ਖਾ ਲੈ ਪੁੱਤ-ਪੱਕੀ ਪਈ ਐ।'' ਉਥੇ ਤਾਂ ਸਿਪਾਹੀਆਂ, ਸੰਤਰੀਆਂ ਦੀਆਂ ਗਾਲ੍ਹਾਂ ਅਤੇ ਠੁੱਡ ਹੀ ਖਾਣ ਨੂੰ ਮਿਲਦੇ ਹਨ।

ਉਹ ਨਿਰਾਸ਼ ਹੋਏ ਹਸਪਤਾਲ ਵਾਪਿਸ ਪਰਤ ਆਏ।

ਕੰਪਾਊਡਰ ਨੇ ਦੋ ਕੰਬਲ ਜੀਪ ਵਿਚ ਰੱਖੇ ਹੋਏ ਸਨ। ਉਹਨਾਂ ਨੇ ਕੰਬਲ ਸਿੱਧੇ ਕੀਤੇ ਅਤੇ ਜੀਪ ਦੀਆਂ ਸੀਟਾਂ 'ਤੇ ਹੀ ਗੁੱਛੀ ਜਿਹੀ ਹੋ ਕੇ ਪੈ ਗਏ। ਚਿੱਟੇ ਫੁੱਲਾਂ ਵਾਂਗ ਖਿੜੇ ਤਾਰਿਆਂ ਵੱਲ ਤੱਕਦਾ ਇੰਦਰ ਕੁਝ ਸੋਚ ਰਿਹਾ ਸੀ। ਕੀ ਬਣੇਗਾ ਦੇਸ਼ ਦਾ? ਦੇਸ਼ ਦਾ ਭਵਿੱਖ ਕੀ ਹੋਵੇਗਾ? ਹਰ ਥਾਂ 'ਤੇ ਵੱਢੀ, ਹਰ ਥਾਂ 'ਤੇ ਰਿਸ਼ਵਤਖੋਰੀ! ਸ਼ਾਇਦ, ਜੋ ਖਾੜਕੂ ਕਰ ਰਹੇ ਸਨ, ਠੀਕ ਹੀ ਕਰ ਰਹੇ ਸਨ! ਹਰ ਕੋਈ ਆਪਣੇ ਹੱਕ ਦੀ ਖਾਤਿਰ ਲੜਦਾ ਹੈ, ਜੂਝਦਾ ਹੈ। ਇਕ ਬੱਚਾ ਵੀ ਆਪਣਾ ਹੱਕ ਰੋ ਕੇ ਲੈ ਹੀ ਲੈਂਦਾ ਹੈ। ਫਿਰ ਬਹਾਦਰ ਸਿੱਖ ਕੌਮ ਦੇ ਹੱਕ ਸਰਕਾਰ ਕਿੰਨਾਂ ਕੁ ਚਿਰ ਨਾ ਦਿਊਗੀ? ਘਰ ਘਰ ਵਿਚ ਖਾੜਕੂ ਹਨ, ਕਿੰਨਿਆਂ ਕੁ ਨੂੰ ਮਾਰ ਦੇਵੇਗੀ ਗੌਰਮਿੰਟ? ਕੌਮਾਂ ਵੀ ਕਦੇ ਖਤਮ ਹੋਈਐਂ? ਉਠੀ ਲਹਿਰ ਵਿਚ ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ! ਪਰ ਲਹਿਰਾਂ ਕਦੇ ਦਬੀਐਂ?

ਇਕ ਪਾਸੇ ਚਾਰ ਲਾਸ਼ਾਂ ਪੋਸਟ ਮਾਰਟਮ ਖੁਣੋਂ ਖੱਜਲ ਖੁਆਰ ਹੋ ਰਹੀਆਂ ਸਨ ਅਤੇ ਇਕ ਪਾਸੇ ਡਾਕਟਰ ਆਪਣੀ ਸਾਲੀ ਨਾਲ ਰੰਗਰਲੀਆਂ ਮਨਾ ਰਿਹਾ ਸੀ! ਰਿਸ਼ਵਤ ਬਗੈਰ ਉਹ ਹੱਥ ਪੈਰ ਹਿਲਾਉਣਾ ਨਹੀਂ ਚਾਹੁੰਦਾ ਸੀ। ਪੋਸਟ ਮਾਰਟਮ ਲਈ ਵਾਰਸਾਂ ਤੋਂ ਸਮਾਨ ਮੰਗਵਾਇਆ, ਜੋ ਸਰਕਾਰੀ ਹਸਪਤਾਲ ਦਾ ਆਪਣਾ ਹੁੰਦਾ ਹੈ! ਕੋਈ ਕਿਸੇ ਨੂੰ ਪੁੱਛਣ ਵਾਲਾ ਨਹੀਂ ਸੀ, ਕੋਈ ਕਿਸੇ ਦੀ ਛਾਣ-ਬੀਣ ਕਰਨ ਵਾਲਾ ਨਹੀਂ ਸੀ। ਜਿਸ ਦਾ ਜਿਵੇਂ ਠੀਕ ਬੈਠਦਾ ਸੀ, ਉਹ ਉਵੇਂ ਹੀ ਦੱਬ ਤੁਰਦਾ ਸੀ। ਕੋਈ ਸਿਧਾਂਤਕ ਸਿਸਟਮ ਨਹੀਂ ਸੀ! ਇਖ਼ਲਾਕੀ ਜਜ਼ਬਾ ਨਹੀਂ ਸੀ! ਆਖਰ ਅੰਨ੍ਹੀ ਨੂੰ ਬੋਲਾ ਕਦੋਂ ਘੜ੍ਹੀਸਣਾ ਬੰਦ ਕਰੇਗਾ? ਕੌਮ ਨੂੰ ਫਿਰ ਕਿਸੇ ਸੰਤ ਸਿਪਾਹੀ ਦੀ ਲੋੜ ਸੀ। ਫਿਰ ਉਹ

ਮਹਾਰਾਜਾ ਰਣਜੀਤ ਸਿੰਘ ਦੇ ਫ਼ਾਲਸਾ ਰਾਜ ਬਾਰੇ ਸੋਚਣ ਲੱਗ ਪਿਆ। ਇਤਿਹਾਸ ਦੱਸਦਾ ਹੈ ਕਿ ਉਸ ਦੇ ਰਾਜ ਵਿਚ ਕਿੰਨੀ ਸ਼ਾਂਤੀ ਸੀ। ਦੋਸ਼ੀ ਨੂੰ ਸਜ਼ਾ ਅਤੇ ਮਜ਼ਲੂਮ ਨੂੰ ਇਨਸਾਫ਼ ਮਿਲਦਾ ਸੀ। ਸ਼ਾਇਦ ਫ਼ਾਲਸਾ ਰਾਜ ਫਿਰ ਆ ਜਾਵੇ ਅਤੇ ਉਤਨੀ ਹੀ ਸ਼ਾਂਤੀ ਅਤੇ ਇਨਸਾਫ਼ ਹੋ ਸਕਣ! ਅੰਦਰੋਂ ਉਹ ਫ਼ਾਲਸਾ ਰਾਜ ਬਾਰੇ ਸੋਚ ਰਿਹਾ ਸੀ, ਪਰ ਬਾਹਰੋਂ ਉਸ ਨੂੰ ਉਸ ਦੀ ਕਾਮਰੇਡੀ ਹੁੱਝਾਂ

ਮਾਰਦੀ ਸੀ।

ਫਿਰ ਉਹ ਸੋਚਦਾ ਸੋਚਦਾ ਪਤਾ ਨਹੀਂ ਕਦੋਂ ਸੌਂ ਗਿਆ।

ਨਸ਼ੇ ਦੇ ਢਾਹੇ ਸ਼ਿੰਦੇ ਦੇ ਵੀ ਘੁਰਾੜ੍ਹੇ ਸ਼ੁਰੂ ਹੋ ਚੁੱਕੇ ਸਨ।

------------- ਕਾਂਡ ਪੰਜਵਾਂ ------------------

ਸੁਬਾਹ ਹੋ ਚੁੱਕੀ ਸੀ।

ਚੜ੍ਹਦੀ ਵਾਲੇ ਪਾਸਿਓਂ ਸੂਰਜ ਦੀ ਲਾਲੀ ਨੇ ਸੰਸਾਰ ਨੂੰ 'ਸਲਾਮ' ਕਹੀ ਸੀ। ਤਾਰੇ ਫ਼ਿੱਕੇ ਪੈ ਚੁੱਕੇ ਸਨ। ਗੁਰਦੁਆਰੇ ਦੇ ਸਪੀਕਰ ਵਿਚੋਂ ਰਸਭਿੰਨੀ ਅਵਾਜ਼ ਆ ਰਹੀ ਸੀ:

-"ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ।।

ਹਰਿ ਕਿਰਪਾ ਕਰ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ।।"

ਉਠ ਕੇ ਇੰਦਰ ਨੇ ਸ਼ਿੰਦੇ ਨੂੰ ਜਗਾਇਆ।

ਸ਼ਿੰਦਾ ਉਠਿਆ।

ਇੰਦਰ ਮੂੰਹ ਧੋਣ ਚਲਾ ਗਿਆ।

-"ਲਓ ਮਾਲਕੋ-ਚਾਹ ਪੀਓ!" ਜਦੋਂ ਇੰਦਰ ਮੂੰਹ ਧੋ ਕੇ ਵਾਪਿਸ ਪਰਤਿਆ ਤਾਂ ਕੰਪਾਊਡਰ ਦੋ ਕੱਚ ਦੇ ਭੈੜ੍ਹੇ ਜਿਹੇ ਗਿਲਾਸਾਂ ਵਿਚ ਮੂਤ ਵਰਗੀ ਚਾਹ ਪਾਈ ਖੜ੍ਹਾ ਸੀ। ਇੰਦਰ ਨੂੰ ਕੰਪਾਊਡਰ ਵੱਲ ਤੱਕ ਕੇ ਪ੍ਰਤੀਤ ਹੋਇਆ ਕਿ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਸਨ। ਉਸ ਨੇ ਆਪਣਾ ਚੀਚੀ-ਹੀਣਾਂ, ਤਿੰਨ ਉਂਗਲਾਂ ਵਾਲਾ ਹੱਥ ਅਕੜਾ ਕੇ ਦੇਖਿਆ ਸੀ। ਉਸ ਦੇ ਦਿਲ ਵਿਚ ਆਇਆ ਕਿ ਬੰਦਿਆਂ ਵਿਚੋਂ ਅਜੇ ਮਾਨੁੱਖਤਾ ਮਰੀ ਨਹੀਂ ਸੀ। ਸਿਰਫ਼ ਜਿਉਂਦੀ ਜ਼ਮੀਰ ਵਾਲਿਆਂ ਵਿਚ ਹੀ ਹਮਦਰਦੀ ਕਾਇਮ ਸੀ। ਉਸ ਨੇ ਬੜੇ ਅਹਿਸਾਸ ਨਾਲ ਕੰਪਾਊਡਰ ਵੱਲ ਤੱਕਿਆ ਸੀ। ਜਿਸ ਦਾ ਉਨੀਂਦਰਾ ਮੂੰਹ ਅਜੇ ਵੀ ਮੁਸਕਰਾ ਰਿਹਾ ਸੀ। ਇੰਦਰ ਨੂੰ ਸਪੱਸ਼ਟ ਪਤਾ ਸੀ ਕਿ ਉਹ ਉਹਨਾਂ ਦਾ ਦਰਦ ਧੁਰ-ਦਿਲੋਂ ਸਮਝਦਾ ਸੀ।

ਉਸ ਨੇ ਚਾਹ ਫੜ ਕੇ ਜੀਪ 'ਤੇ ਰੱਖ ਲਈ।

-"ਕੀ ਨਾਂ ਐਂ ਦੋਸਤਾ ਤੇਰਾ?"

-"ਜੀ ਬੁੜ੍ਹੀ ਨੇ ਤਾਂ ਰਾਜਵੰਤ ਰੱਖਿਆ ਸੀ-ਪਰ ਆਖਣ ਵਾਲੇ ਰਾਜੂ ਕਹਿ ਕੇ ਈ ਫ਼ਾਹਾ ਵੱਢ ਦਿੰਦੇ ਐ।"

-"ਕਿਹੜਾ ਧਰਮ ਐਂ-ਹਿੰਦੂ ਹੁੰਨੈਂ ਕਿ ਸਿੱਖ?"

-"ਧਰਮ? ਧਰਮ ਆਪਣਾ ਹੈ ਮਾਲਕੋ ਇਨਸਾਨੀਅਤ!"

ਇੰਦਰ ਚਾਹ ਦੇ ਸੜ੍ਹਾਕੇ ਮਾਰਦਾ ਉਸ ਵੱਲ ਇੱਕ ਦਮ ਝਾਕਿਆ। ਕੰਪਾਊਡਰ ਦੇ ਸੱਚੇ-ਸੁੱਚੇ ਉਤਰ ਨੇ ਉਸ ਦੇ ਜਿਵੇ ਸਿਰ ਵਿਚ ਸੱਟ ਮਾਰੀ ਸੀ।

-"ਹੈਂ ਬਈ! ਫੇਰ ਤੂੰ ਇਹਨਾਂ ਬੇਈਮਾਨਾਂ ਵਿਚ ਕਿਵੇਂ ਕੱਟੀ ਜਾਨੈਂ?"

-"ਬੱਸ ਮਾਲਕੋ! ਘਰਾਂ ਦੇ ਵੀਹ ਝਮੇਲੇ ਹੁੰਦੇ ਐ-।" ਉਹ ਘੋਰ ਉਦਾਸ ਹੋ ਗਿਆ।

-"-----।"

-"ਮਾਲਕੋ ਨੌਕਰੀਆਂ ਕਿਹੜਾ ਕਿਤੇ ਧਰੀਆਂ ਪਈਐਂ? ਆਹ ਮਸਾਂ ਐਥੇ ਪੈਰ ਜੇ ਅੜਾਏ ਐ-ਬਾਪੂ ਸੀ, ਮੇਰਾ ਬਾਹਵਾ ਸਹਾਰਾ ਸੀ-ਉਹ ਪੁਲਸ ਤੋਂ ਕਿਤੇ ਭੁਲੇਖੇ 'ਚ ਮਾਰਿਆ ਗਿਆ-ਅਗਲੇ ਦਿਨ ਡੌਂਡੀ ਪਿੱਟਤੀ ਅਖੇ ਜੀ ਕਰਾਸ ਫ਼ਾਇਰਿੰਗ 'ਚ ਮਾਰਿਆ ਗਿਆ-ਇਕ ਜੁਆਨ ਭੈਣ ਐਂ ਘਰੇ ਤੇ ਇੱਕ ਬਜੁਰਗ ਮਾਤਾ ਐ-ਭੈਣ ਦੇ ਵਿਆਹ ਵਾਸਤੇ ਮਾੜੀ ਮੋਟੀ ਪੂੰਜੀ ਜੋੜੀ ਸੀ-ਉਹ ਇੱਕ ਰਾਤ ਕਾਲੇ ਕੱਛਿਆਂ ਆਲੇ ਲੁੱਟ ਕੇ ਲੈ ਗਏ-ਜਾਂਦੇ ਹੋਏ ਸਾਲਿਆਂ ਨੇ ਬੁੜ੍ਹੀ ਦੀ ਲੱਤ 'ਤੇ ਪਤਾ ਨ੍ਹੀ ਕੀ ਮਾਰਿਆ? ਮਾਈ ਦਾ ਗੋਡਾ ਉਤਰ ਗਿਆ-ਹੁਣ ਵਿਚਾਰੀ ਮੰਜੇ 'ਤੇ ਬੈਠੀ ਐ-ਬਥੇਰੀ ਦੁਆਈ ਬੂਟੀ ਕੀਤੀ-ਗੋਡਾ ਵੀ ਚੜ੍ਹਾਇਆ-ਪਰ ਕਾਹਨੂੰ ਮਾਲਕੋ ਬੁੱਢੇ ਹੱਡ ਜੁੜਦੇ ਐ? ਵਿਚਾਰੀ ਮੰਜੇ 'ਤੇ ਬੈਠੀ

ਈ ਚੁਕੀ ਜਾਂਦੀ ਐ-ਕੀ ਕਰੀਏ? ਬਹੁਤ ਤੰਗ ਐਂ ਜ਼ਿੰਦਗੀ ਤੋਂ-ਆਹ ਭੈਣ ਦੇ ਵਿਆਹ ਤੱਕ ਸਬਰ ਐ-ਫਿਰ ਆਪਾਂ ਤਾਂ ਸਾਧ ਹੋ ਜਾਣੈਂ।"

-"ਹੈਂ ਬਈ! ਤੂੰ ਨ੍ਹੀ ਸੀ ਘਰੇ-ਜਦੋਂ ਕਾਲੇ ਕੱਛਿਆਂ ਆਲੇ ਆਏ ਸੀ?"

-"ਕਿੱਥੇ ਮਾਲਕੋ! ਮੇਰੀ ਤਾਂ ਰਾਤ ਦੀ ਡਿਊਟੀ ਸੀ-ਨਾਲੇ ਮੈਂ ਕਿਹੜਾ ਮਾਲਕੋ ਦਾਰਾ ਭਲਵਾਨ ਸੀ ਬਈ ਇੱਕ ਅੱਧੇ ਨੂੰ ਫੜ ਕੇ ਸਿੱਟ ਲੈਂਦਾ-ਵਿਚੇ ਉਹ ਚਾਰ ਮੇਰੇ ਝਾੜ ਦਿੰਦੇ-ਅੱਬਲ ਤਾਂ ਇੱਕ ਅੱਧੀ ਹੱਡੀ ਪੱਸਲੀ ਗਾਇਬ ਹੁੰਦੀ।" ਉਹ ਪਈ ਲੁੱਟ ਤੋਂ ਕਾਫ਼ੀ ਮਾਯੂਸ ਸੀ। ਉਸ ਦੀਆਂ ਅੱਖਾਂ ਅੱਗ ਛੱਡ ਰਹੀਆਂ ਸਨ।

-"ਹੈਂ ਬਈ! ਜ਼ਿੰਦਗੀ ਸਾਧ ਬਣਨ ਲਈ ਨਹੀਂ-ਮਾਨਣ ਲਈ-ਬਸਰ ਕਰਨ ਲਈ ਹੁੰਦੀ ਐ।"

-"ਪਰ ਮਾਲਕੋ! ਸਮਝ ਨਹੀਂ ਆਉਂਦੀ-ਬਸਰ ਹੋਊ ਕਿਵੇਂ? ਕੱਲ੍ਹ ਨੂੰ ਭੈਣ ਆਬਦੇ ਘਰੇ ਤੁਰਗੀ-ਮਾਈ ਵੀ ਬਹੁਤਾ ਚਿਰ ਕਟਾਉਂਦੀ ਨਹੀਂ ਦੀਂਹਦੀ-ਫਿਰ ਤੁਸੀਂ ਆਪ ਈ ਸਿਆਣੇ ਐਂ ਬਈ ਇਕਲਾਪਾ ਤਾਂ ਬੰਦੇ ਨੂੰ ਘੁਣ ਮਾਂਗੂੰ ਖਾ ਜਾਂਦੈ।"

-"ਜ਼ਿੰਦਗੀ ਦਾ ਨਾਂ ਹੈ, ਜੱਦੋਜਹਿਦ! ਹਾਸੇ ਤੇ ਹਾਦਸਿਆਂ ਦਾ ਨਾਂ ਐਂ, ਜ਼ਿੰਦਗੀ!"

ਕੰਪਾਊਡਰ ਚੁੱਪ ਚਾਪ ਸੁਣ ਰਿਹਾ ਸੀ। ਉਸ ਨੂੰ ਇੰਦਰ ਦੀ ਗੱਲ ਵਾਕਿਆ ਹੀ ਵਜ਼ਨਦਾਰ ਲੱਗੀ ਸੀ। ਉਸ ਅੰਦਰ ਕੋਈ ਬਲ ਪ੍ਰਵੇਸ਼ ਹੋਇਆ ਸੀ। ਜਿਵੇਂ ਕਿਸੇ ਨਵੇਂ ਖ਼ੂਨ ਨੇ ਉਸ ਅੰਦਰ ਸੰਚਾਰ ਕੀਤਾ ਸੀ।

ਚਾਹ ਪੀ ਕੇ ਸ਼ਿੰਦੇ ਨੇ ਗਿਲਾਸ ਨਲਕੇ ਤੋਂ ਧੋ ਲਿਆਂਦੇ। ਗਿਲਾਸ ਇਕੱਠੇ ਕਰਦੇ ਕੰਪਾਊਡਰ ਨੂੰ ਇੰਦਰ ਨੇ ਇਕ ਵੀਹਾਂ ਦਾ ਨੋਟ ਦੇਣਾ ਚਾਹਿਆ। ਪਰ ਉਹ ਪਟੱਕ ਬੋਲਿਆ, "ਨਾ ਮਾਲਕੋ! ਮੇਰਾ ਈਮਾਨ ਪਰਖਣ ਦੀ ਕੋਸ਼ਿਸ਼ ਨਾ ਕਰੋ! ਇਹਨਾਂ ਬੇਈਮਾਨਾਂ ਵਿਚ ਰਹਿ ਕੇ ਫਿਰ ਵੀ ਮੇਰੀ ਜ਼ਮੀਰ ਅਜੇ ਅੱਗੇ ਦੀ ਤਰ੍ਹਾਂ ਜਿਉਂਦੀ ਜਾਗਦੀ ਐ-ਐਨਾ ਚਿਰ ਹੋ ਗਿਆ ਇੱਥੇ ਨੌਕਰੀ ਕਰਦੇ ਨੂੰ-ਕਦੇ ਕਿਸੇ ਤੋਂ ਇਕ ਪੈਸੇ ਦੇ ਵੀ ਰਵਾਦਾਰ ਨਹੀਂ ਹੋਏ-ਰੱਬ ਬਖ਼ਸ਼ੀ ਰੱਖੇ! ਮੈਂ ਤਾਂ ਦਸਾਂ ਨੌਹਾਂ ਦੀ ਕਿਰਤ ਕਰਨ ਆਲਾ ਇਨਸਾਨ ਐਂ।" ਤੇ ਉਹ ਗਿਲਾਸ ਲੈ ਕੇ ਚਲਾ ਗਿਆ।

ਇੰਦਰ ਜਾਂਦੇ ਕੰਪਾਊਡਰ ਵੱਲ ਤੱਕ ਕੇ ਸੋਚ ਰਿਹਾ ਸੀ ਕਿ ਵਾਕਿਆ ਹੀ ਸਾਡੇ ਲੋਕਾਂ ਦੇ ਦਿਲਾਂ ਵਿਚ ਅਜੇ ਰੱਬ ਵਸਦਾ ਸੀ। ਜ਼ਮੀਰ ਅਜੇ ਜਾਗਦੀ ਸੀ। ਈਮਾਨ ਅਜੇ ਮਰਿਆ ਨਹੀਂ ਸੀ। ਬੇਈਮਾਨ ਸਨ ਤਾਂ ਡਾਕਟਰ ਵਰਗੇ, ਜੋ ਲੋਕਾਂ ਦੀ ਮਜ਼ਬੂਰੀ ਦਾ ਫ਼ਾਇਦਾ ਉਠਾ ਕੇ ਦੋਨੀਂ ਹੱਥੀਂ ਲੁੱਟਦੇ ਸਨ। ਕਿਸੇ ਨੂੰ ਕਿਸੇ 'ਤੇ ਟੁੱਟੀ ਬਿਪਤਾ ਦੀ ਕੋਈ ਪ੍ਰਵਾਹ ਨਹੀਂ ਸੀ। ਹੁਣ ਤਾਂ ਵਾਕਿਆ ਹੀ ਕੌਮ ਨੂੰ ਕਿਸੇ ਕਲਗੀਧਰ ਪਾਤਿਸ਼ਾਹ, ਸਰਬੰਸ ਨੂੰ ਕੁਰਬਾਨ ਕਰ ਦੇਣ ਵਾਲੇ, ਆਪੇ ਗੁਰੂ ਅਤੇ ਆਪੇ ਚੇਲਾ ਅਖਵਾਉਣ ਵਾਲੇ, ਚਿੜੀਆਂ ਤੋਂ ਬਾਜ਼ ਤੁੜਵਾਉਣ ਵਾਲੇ, ਸੰਤ ਸਿਪਾਹੀ, ਯੋਧੇ ਦੀ ਲੋੜ ਸੀ। ਜੋ

ਬੇਈਮਾਨਾਂ ਦੀਆਂ ਖਲਪਾੜਾਂ ਕਰ ਸੁੱਟੇ ਅਤੇ ਬਾਕੀ ਰਹਿ ਜਾਣ ਪਾਕ-ਕੁੰਦਨ ਰੂਹਾਂ! ਜੋ ਇੱਕ ਦੂਜੇ ਦੇ ਦੁੱਖ-ਸੁੱਖ ਦੀਆਂ ਸਾਂਝੀ ਹੋਣ, ਇੱਕ ਦੂਜੇ ਨੂੰ ਪਿਆਰ ਜਤਾਉਣ ਅਤੇ ਹਮਦਰਦੀ ਪ੍ਰਗਟ ਕਰਨ। ਇੱਕ ਦੂਜੇ ਦੀ ਬਿਪਤਾ ਵਿਚ ਹੱਥ ਵਟਾਉਣ।

ਅੱਠ ਵੱਜ ਗਏ ਸਨ।

ਪਰ ਡਾਕਟਰ ਅਜੇ ਤੱਕ ਨਹੀਂ ਬਹੁੜਿਆ ਸੀ।

ਉਹ ਟੁੱਟੇ-ਟੁੱਟੇ ਇੱਕ ਦੂਜੇ ਵੱਲ ਝਾਕ ਰਹੇ ਸਨ।

ਅਖੀਰ ਨੌਂ ਕੁ ਵਜੇ ਡਾਕਟਰ ਨੇ ਦਰਸ਼ਣ ਦਿੱਤੇ।

ਇੰਦਰ ਤੇਜ਼ੀ ਨਾਲ ਅੰਦਰ ਚਲਾ ਗਿਆ।

-''ਡਾਕਟਰ ਸਾਹਬ-ਸਮਾਨ ਲੈ ਕੇ ਤਾਂ ਅਸੀਂ ਉਦੋਂ ਈ ਆ ਗਏ ਸੀ-ਪਰ ਤੁਸੀਂ-!''

-''ਫੇਰ ਮੈਂ ਕੀ ਕਰਾਂ? ਸਾਡੀ ਵੀ ਭੈਣਚੋ ਕੋਈ ਪ੍ਰਾਈਵੇਟ ਲਾਈਫ਼ ਐ! ਤੁਸੀਂ ਲੋਕ ਸਮਝਦੇ ਕਿਉਂ ਨਹੀਂ? ਮੈਂ ਕੋਹਲੂ ਦਾ ਬੈਲ ਤਾਂ ਹੈ ਨਹੀਂ ਬਈ ਦਿਨ ਰਾਤ ਤੁਰਿਆ ਫਿਰੂੰ!'' ਡਾਕਟਰ ਨੇ ਜਿਵੇਂ ਕੋਈ ਗੁੱਸਾ ਇੰਦਰ 'ਤੇ ਕੱਢਿਆ ਸੀ। ਉਸ ਨੇ ਮਗਰਮੱਛ ਵਾਂਗ ਮੂੰਹ ਖੋਲ੍ਹ ਕੇ ਲਫ਼ਜ਼ ਕਹੇ ਸਨ।

ਇੰਦਰ ਡਾਕਟਰ ਦੇ ਅੱਖੜ ਬੋਲ ਸੁਣ ਕੇ ਤ੍ਰਹਿ ਗਿਆ।

-''ਆਹ ਲਓ ਜਨਾਬ ਆਪਣੀ ਨਜ਼ਰ ਤੇ ਲਾਸ਼ਾਂ ਦੀ ਫ਼ੇਹ ਫ਼ਰਾਬੀ ਨਾ ਕਰੋ-ਮੇਰੀ ਰੁਕਿਸਟ ਐ!'' ਉਸ ਨੇ ਪੰਜ ਸੌ ਰੁਪਏ ਡਾਕਟਰ ਦੇ ਮੇਜ਼ ਉਪਰ ਰੱਖ ਦਿੱਤੇ। ਕੰਪਾਊਡਰ ਦੀਆਂ ਗੱਲਾਂ ਜਿਵੇਂ ਚੀਕਾਂ ਵਾਂਗ ਉਸ ਦੇ ਕੰਨਾਂ ਵਿਚ ਵੱਜ ਰਹੀਆਂ ਸਨ। ਉਸ ਦੀ ਕਾਮਰੇਡੀ ਜਿਵੇਂ ਭੁੱਬਾਂ ਮਾਰ ਰਹੀ ਸੀ।

-''ਦੋ ਸੌ ਨਰਸ ਦਾ ਤੇ ਪੰਜਾਹ ਚੌਕੀਦਾਰ ਦੇ-!'' ਡਾਕਟਰ ਨੋਟ ਗਿਣਦਾ ਹੋਇਆ ਬੋਲਿਆ।

-''ਚੌਕੀਦਾਰ ਦੇ---?'' ਇੰਦਰ ਨੇ ਹੈਰਾਨਗੀ ਵਿਚ ਮੂੰਹ ਅੱਡ ਲਿਆ। ਜਿਵੇਂ ਉਸ ਨੂੰ ਸਾਫ਼ ਸੁਣਾਈ ਨਹੀਂ ਦਿੱਤਾ ਸੀ। ਜਿਵੇਂ ਉਹ ਬੋਲਾ ਹੋ ਗਿਆ ਸੀ!

-''ਜੀ ਹਾਂ! ਪੋਸਟ ਮਾਰਟਮ ਦਾ ਸਾਰਾ ਗੰਦ ਪਿੱਲ ਉਸੇ ਨੇ ਈ ਸਾਫ਼ ਕਰਨੈਂ-ਆਖਰ ਨੂੰ ਉਹ ਵੀ ਤਾਂ ਇੱਕ ਇਨਸਾਨ ਐਂ!'' ਡਾਕਟਰ 'ਇਨਸਾਨੀਅਤ' ਦੀ ਜਿਵੇਂ ਕਾਫ਼ੀ 'ਕਦਰ' ਕਰਦਾ ਸੀ। ਇਨਸਾਨੀਅਤ 'ਤੇ ਉਹ ਮਰਿਆ ਪਿਆ ਸੀ।

ਢਾਈ ਸੌ ਰੁਪਏ ਉਸ ਨੇ ਕੱਢ ਕੇ ਡਾਕਟਰ ਨੂੰ ਫੜਾ ਦਿੱਤੇ। ਜੋ ਡਾਕਟਰ ਨੇ ਉਂਗਲਾਂ ਦਾ ਚਿਮਟਾ ਬਣਾ ਕੇ ਫੜ ਲਏ ਅਤੇ ਬੜੇ ਅਰਾਮ ਨਾਲ ਜੇਬ ਵਿਚ ਪਾ ਲਏ। ਜਿਵੇਂ ਇੰਦਰ ਨੇ ਉਸ ਨੂੰ ਰਿਸ਼ਵਤ ਨਹੀਂ, ਕੋਈ ਸ਼ਗਨ ਦਿੱਤਾ ਸੀ।

-"ਰਾਜੂ---!" ਡਾਕਟਰ ਨੇ ਅਵਾਜ਼ ਮਾਰੀ।

-"ਉਹਦੀ ਤਾਂ ਜੀ ਡਿਊਟੀ ਬਦਲ ਗਈ--!" ਕੱਲ੍ਹ ਵਾਲਾ ਕੰਪਾਊਡਰ ਪਰਦੇ ਪਿੱਛੋਂ ਅੰਦਰ ਝਾਕਦਾ ਹੋਇਆ ਬੋਲਿਆ।

-"ਫ਼ੇਰ! ਸੁਰੇਖਾ ਨੂੰ ਬੁਲਾਓ--!" ਉਸ ਨੇ ਹੁਕਮ ਕੀਤਾ।

-"ਅੱਛਾ ਜੀ!" ਉਹ ਮੁੜ ਗਿਆ।

ਪਰਦਾ ਚੁੱਕ ਕੇ ਇਕ ਨਰਸ ਅੰਦਰ ਆ ਗਈ।

-"ਤੁਸੀਂ ਮੈਨੂੰ ਬੁਲਾਇਆ, ਸਰ?" ਉਸ ਦੀਆਂ ਮੋਟੀਆਂ ਅੱਖਾਂ ਵਿਚ ਸੁਰਮਾ ਲੋਹੜੇ ਮਾਰਦਾ ਸੀ। ਉਸ ਦੇ ਕਾਲੇ ਲੰਬੇ ਵਾਲ ਉਸ ਦੀ ਪਿੱਠ 'ਤੇ ਸੱਪ ਵਾਂਗ ਮੇਹਲ ਰਹੇ ਸਨ। ਭਰਵੀਂ ਛਾਤੀ ਗਿੱਧਾ ਪਾਉਂਦੀ ਸੀ। ਚਿੱਟੀ ਵਰਦੀ ਵਿਚ ਉਸ ਦਾ ਗੋਰਾ ਰੰਗ ਦੁਹਾਈਆਂ ਦੇ ਰਿਹਾ ਸੀ ਅਤੇ ਛਮਕ ਵਰਗਾ ਪਤਲਾ ਸਰੀਰ "ਉਡਜੂੰ-ਉਡਜੂੰ" ਕਰਦਾ ਸੀ। ਉਹ ਕਿਸੇ ਨਖਰੇ, ਕਿਸੇ ਖ਼ਾਸ ਅੰਦਾਜ਼ ਨਾਲ ਡਾਕਟਰ ਦੇ ਘਨੇੜ੍ਹੇ ਚੜ੍ਹੀ ਖੜ੍ਹੀ ਸੀ! ਉਸ ਦੇ ਅਨੋਖੇ ਲਹਿਜੇ ਤੋਂ ਜਾਪਦਾ ਸੀ ਕਿ ਉਸ ਨੂੰ ਸੁਰਮਾ ਸਿਰਫ਼ ਪਾਉਣਾ ਹੀ ਨਹੀਂ, ਮਟਕਾਉਣਾ ਵੀ ਆਉਂਦਾ ਸੀ।

-"ਆਹ ਲਓ-ਸਰਦਾਰ ਜੀ ਖ਼ੁਸ਼ੀ ਨਾਅਵੇਂ ਦੇ ਰਹੇ ਐ।" ਡਾਕਟਰ ਨੇ ਉਸ ਨੂੰ ਦੋ ਸੌ-ਸੌ ਦੇ ਨੋਟ ਦਿੰਦਿਆਂ ਕਿਹਾ।

-"ਥੈਂਕਯੂ--!" ਉਸ ਨੇ ਝੁਕ ਕੇ ਇੰਦਰ ਨੂੰ ਕਿਹਾ। ਉਸ ਦੀਆਂ ਜਵਾਨ ਛਾਤੀਆਂ ਥਰਕੀਆਂ ਸਨ। ਝੁਕਦੀ ਨਰਸ ਉਸ ਨੂੰ ਸਤਰੰਗੀ ਪੀਂਘ ਵਰਗੀ ਲੱਗੀ ਸੀ।

-"ਆਹ ਪੰਜਾਹ ਟੀਟੂ ਨੂੰ ਦੇ ਦਿਓ-ਇਹ ਵੀ ਇਹਨਾਂ ਨੇ ਦਿੱਤੇ ਐ।"

ਇੰਦਰ ਅੰਦਰੋਂ ਕਰੋਧ ਨਾਲ ਸੜ ਉਠਿਆ ਸੀ ਕਿ ਉਸ ਦੇ ਕਿਹੜਾ ਮੁੰਡੇ ਦਾ ਮੰਗਣਾ ਹੋਇਆ ਸੀ, ਬਈ ਖ਼ੁਸ਼ੀ ਨਾਅਵੇਂ ਦੇ ਰਿਹਾ ਸੀ? ਬੱਸ ਮਜ਼ਬੂਰੀ ਸੀ, ਇੱਕ ਸੌਦਾ ਸੀ। ਉਹ ਹੌਲਦਾਰ ਵਾਂਗ ਡਾਕਟਰ ਨੂੰ ਵੀ ਪੁੱਛਣਾ ਚਾਹੁੰਦਾ ਸੀ ਕਿ ਗੌਰਮਿੰਟ ਤਨਖ਼ਾਹ ਤੁਹਾਨੂੰ ਕਿਸ ਕੰਮ ਲਈ ਦਿੰਦੀ ਹੈ? ਪਰ ਹੁਣ ਉਹ ਰੇੜ੍ਹੇ ਪਈ ਗੱਡੀ ਨੂੰ ਰੋਕਣਾ ਨਹੀਂ ਚਾਹੁੰਦਾ ਸੀ। ਉਹ ਅੱਖੀਂ ਦੇਖ ਕੇ ਮੱਖੀ ਚਿੱਥ ਰਿਹਾ ਸੀ। ਪਰ ਚੁੱਪ ਸੀ। ਜਿਵੇਂ ਉਸ ਨੇ ਅੱਖਾਂ ਮੀਟ ਰੱਖੀਆਂ ਸਨ ਅਤੇ ਕੰਨ ਮੁੰਦੇ ਹੋਏ ਸਨ।

ਪੋਸਟ ਮਾਰਟਮ ਹੋ ਗਿਆ।

ਇੱਕ ਵੱਜ ਗਿਆ ਸੀ।

ਪਾੜੀਆਂ-ਝੀੜੀਆਂ ਲਾਅਸ਼ਾਂ ਦੀ ਸ਼ਨਾਖ਼ਤ ਡਾਕਟਰ ਨੇ ਇੰਦਰ ਤੋਂ ਹੀ ਕਰਵਾਈ।

-''ਪੋਸਟ ਮਾਰਟਮ ਦੀ ਰਿਪੋਰਟ ਠਾਣੇ ਭੇਜ ਦਿੱਤੀ ਜਾਵੇਗੀ।'' ਉਹ ਤੌਲੀਏ ਨਾਲ ਹੱਥ ਸਾਫ਼ ਕਰਦਾ ਕਹਿ ਰਿਹਾ ਸੀ। ਫਿਰ ਉਹ ਦੋਨੋਂ ਹੱਥ ਮੇਜ਼ 'ਤੇ ਮਾਰ ਕੇ ਕੁਰਸੀ 'ਤੇ ਬੈਠਿਆ ਸੀ।

-''ਅਸੀਂ ਕਿਸੇ ਟਰੱਕ ਦਾ ਪ੍ਰਬੰਧ ਕਰ ਕੇ ਲਿਆਉਨੇ ਐਂ, ਡਾਕਟ-ਸਾਹਬ।''

-''ਡੂ ! ਐਜ਼ ਯੂ ਲਾਈਕ !'' ਡਾਕਟਰ ਬੋਲਿਆ। ਪੰਜ ਸੌ ਰੁਪਈਏ ਦੇ ਨਿਘਾਸ ਨਾਲ ਉਸ ਨੇ ਅੰਗਰੇਜ਼ੀ ਸ਼ੁਰੂ ਕਰ ਦਿੱਤੀ।

ਇੰਦਰ ਚਲਾ ਗਿਆ।

-''ਇੱਜ਼ ਐਵਰੀਥਿੰਗ ਓ ਕੇ, ਸੁਰੇਖਾ ?''

-''ਯੈਸ ! ਆਫ਼ ਕੋਰਸ, ਸਰ !'' ਉਸ ਦੀ ਮਿੱਠੀ ਅਵਾਜ਼ ਡਾਕਟਰ ਨੂੰ ਰਾਂਝੇ ਦੀ ਵੰਝਲੀ ਵਰਗੀ ਲੱਗਦੀ ਸੀ। ਉਹ ਸਟੂਲ ਖਿੱਚ ਕੇ ਡਾਕਟਰ ਨਾਲ ਅੜ ਕੇ ਜਿਹੇ ਬੈਠ ਗਈ। ਉਹ ਕਾਮਰੇਡ ਇੰਦਰ ਦੀ ਨਹੀਂ, ਇੰਦਰ ਦੇਵਤਾ ਦੀ ਪਰੀ ਲੱਗ ਰਹੀ ਸੀ।

-''ਹੁਣ ਤੁਸੀਂ ਬੁੱਢੇ ਨਜ਼ਰ ਆਉਣ ਲੱਗ ਪਏ ਓ, ਸਰ !'' ਉਹ ਅਚਾਨਕ ਬੋਲੀ। ਬੁੱਢੇ ਖੁੰਢ ਡਾਕਟਰ ਨੂੰ ਉਹ ਦਿਲੋਂ ਘ੍ਰਿਣਾ ਕਰਦੀ ਸੀ। ਪਰ ''ਸਰ-ਸਰ'' ਕਹੇ ਬਗੈਰ ਉਸ ਦੀ ਸੁਰਖੀ-ਬਿੰਦੀ ਨਹੀਂ ਤੁਰਦੀ ਸੀ।

-''ਮੈਂ ਬੁੱਢਾ ਨਹੀਂ ਏਨਸ਼ੈਂਟ ਆਂ !'' ਡਾਕਟਰ ਨੇ ਕਿਹਾ।

ਉਹ ਦੋਨੋਂ ਹੱਸ ਪਏ।

-''ਪਰ ਮਸ਼ੀਨ ਅਜੇ ਵੀ ਕਾਇਮ ਐਂ ਸੁਰੇਖਾ !'' ਡਾਕਟਰ ਹੱਸਦੇ ਦੇ, ਕਰੇੜੇ ਖਾਧੇ ਦੰਦ ਜਿਵੇਂ ਉਸ ਨੂੰ ਖਾਣ ਆਏ ਸਨ। ਡਾਕਟਰ ਨਹੀਂ, ਜਿਵੇਂ ਮੁਰਦੇ ਦੀ ਕੋਈ ਖੋਪੜੀ ਹੱਸੀ ਸੀ।

ਡਾਕਟਰ ਮੁਸ਼ਕੜੀਏਂ ਹੱਸਦਾ ਸਿਰ ਫੇਰ ਰਿਹਾ ਸੀ।

------------- ਕਾਂਡ ਛੇਵਾਂ --------------

ਤਿੱਖੜ ਦੁਪਿਹਰ ਕਾਂ ਅੱਖ ਨਿਕਲ ਰਹੀ ਸੀ। ਧਰਤੀ ਦੀ ਰੇਤ ਕਿਸੇ ਭੱਠੀ ਦੇ ਰੇਤੇ ਵਾਂਗ ਤਪ ਰਹੀ ਸੀ। ਸਿਖਰੋਂ ਸੂਰਜ ਅੱਗ ਵਰ੍ਹਾ ਰਿਹਾ ਸੀ।

ਤਿੰਨ ਵੱਜਣ ਵਾਲੇ ਸਨ।

ਟਰੱਕ ਚਾਰੇ ਲਾਅਸ਼ਾਂ ਲੈ ਕੇ ਪਹੁੰਚ ਗਿਆ। ਆਂਢੀਆਂ ਗੁਆਂਢੀਆਂ ਨੇ ਨਾਲ ਲੱਗ ਕੇ ਲਾਅਸ਼ਾਂ ਉਤਾਰੀਆਂ। ਕੰਮ ਕਰਨਾ ਤਾਂ ਜਿਵੇਂ ਸਾਰਾ ਪਿੰਡ ਹੀ ਭੁੱਲ ਗਿਆ ਸੀ। ਇਸ ਪਿੰਡ ਵਿਚ ਹੀ ਨਹੀਂ, ਸਗੋਂ ਗੁਆਂਢੀ ਪਿੰਡਾਂ ਵਿਚ ਵੀ ਇਹਨਾਂ ਚਾਰ ਮੌਤਾਂ ਦੀ ਚਰਚਾ ਸੀ। ਲੋਕ ਸੁਣਦੇ ਤਾਂ ''ਤਰਾਸ-ਤਰਾਸ'' ਕਰ ਉਠਦੇ। ਕੋਈ ਕੁਝ ਬੋਲਦਾ ਕੋਈ ਕੁਝ! ਜਿਤਨੇ ਮੂੰਹ, ਉਤਨੀਆਂ ਗੱਲਾਂ ਹੋ ਰਹੀਆਂ ਸਨ। ਪਿੰਡ ਦੇ ਲੋਕ ਹੋਰ ਵੀ ਤ੍ਰਹਿ ਗਏ ਸਨ ਕਿ ਪਤਾ ਨਹੀਂ ਅੱਗੇ ਕੀ ਹੋਣ ਵਾਲਾ ਸੀ?

ਕੰਧ ਦੀ ਆੜ ਉਹਲੇ ਬੁੜ੍ਹੀਆਂ ਨੇ ਲਾਅਸ਼ਾਂ ਦਾ ਮਾੜਾ ਮੋਟਾ ਇਸ਼ਨਾਨ ਕਰਵਾਇਆ। ਡਾਕਟਰ ਨੇ ਲਾਅਸ਼ਾਂ ਦਾ ਅੱਧ ਵੀ ਨਹੀਂ ਛੱਡਿਆ ਸੀ। ਪੋਸਟ ਮਾਰਟਮ ਤੋਂ ਬਾਅਦ ਉਸ ਨੇ ਟਾਂਕੇ ਨਹੀਂ ''ਸੜੋਪੇ'' ਹੀ ਭਰੇ ਸਨ।

ਕਮਜ਼ੋਰ ਦਿਲ ਬੁੜ੍ਹੀਆਂ ਬੇਦਿਲ ਹੋ ਗਈਆਂ ਸਨ।

ਹਰ ਕੌਰ ਰੋ ਨਹੀਂ ਰਹੀ ਸੀ, ਸਗੋਂ ਪੱਥਰ ਬਣੀਆਂ ਅੱਖਾਂ ਨਾਲ ਝਾਕ ਰਹੀ ਸੀ।

-''ਬਾਖਰੂ-ਬਾਖਰੂ-ਦੇਖ ਨ੍ਹੀ ਬਿਚਾਰੀਆਂ ਦੇ ਮੂੰਹ-ਜਿਹੀਆਂ ਜੱਗ 'ਤੇ ਆਈਆਂ-ਜਿਹੀਆਂ ਨਾ ਆਈਆਂ।'' ਕਿਸੇ ਬੁੜ੍ਹੀ ਨੇ ਕੁੜੀਆਂ ਦੀਆਂ ਨੁਹਾਈਆਂ ਸੁਆਰੀਆਂ ਲਾਅਸ਼ਾਂ ਵੱਲ ਹੱਥ ਕਰਕੇ ਕਿਹਾ। ਉਹ ਅੰਦਰੋਂ ਫ਼ਿੱਸੀ ਜਿਹੀ ਪਈ ਸੀ।

-''ਲਿਖੀਆਂ ਕੌਣ ਮੋੜੇ ਅੰਮਾਂ ਜੀ!'' ਇੱਕ ਹੋਰ ਬੈਠੀ ਚੁੱਪ ਚਾਪ ਰੋਈ ਜਾ ਰਹੀ ਸੀ।

-''ਨੀ ਮਾਸੂਮ ਚਿਹਰੇ ਤਾਂ ਦੇਖ-ਫੁੱਲਾਂ ਮਾਂਗੂੰ ਮੁਰਝਾਗੇ!''

ਹਰ ਕੌਰ ਦੇ ਸਬਰ ਦਾ ਬੰਨ੍ਹ ਟੁੱਟ ਗਿਆ।

-''ਹਾਏ ਨੀ ਤੁਸੀਂ ਮੈਨੂੰ 'ਕੱਲੀ ਨੂੰ ਛੱਡ ਕੇ ਤੁਰਗੀਆਂ ਨੀ ਮੇਰੇ ਪੁੱਤ ਦੀਓ ਧੀਓ--!''

-''ਨੀ ਮੈਂ ਆਪਣੇ ਪੁੱਤ ਨੂੰ ਕਿਹੜਾ ਮੂੰਹ ਦਿਖਾਊਂ ਨੀ ਮੇਰੀਓ ਲਾਡਲੀਓ ਧੀਓ! ਨੀ ਤੁਸੀਂ ਮੈਨੂੰ ਜਿਉਂਦੀ ਨੂੰ ਮਾਰ ਕੇ ਸਿੱਟਗੀਆਂ ਨੀ ਧੀਓ! ਨੀ ਤੁਸੀਂ ਮੇਰੀ ਜੂਨ ਖਰਾਬ ਕਰਗੀਆਂ ਨੀ ਧੀਓ! ਨੀ

ਤੁਸੀਂ ਮੇਰਾ ਬੁੜ੍ਹਾਪਾ ਰੋਲਤਾ ਨੀ ਮੇਰੇ ਪੁੱਤ ਦੀਓ ਧੀਓ! ਹਾਏ ਮੈਂ ਥੋਨੂੰ ਹੱਥੀਂ ਛਾਵਾਂ ਕਰਾਂ ਨੀ ਮੇਰੀਓ ਪਿਆਰੀਓ ਧੀਓ--!" ਹਰ ਕੌਰ ਨੇ ਵੈਣ ਪਾਉਣੇ ਸ਼ੁਰੂ ਕਰ ਦਿੱਤੇ।

ਹਰ ਕੌਰ ਦੇ ਵੈਣ ਹਰ ਇੱਕ ਦਾ ਕਾਲਜਾ ਪਾੜਦੇ ਸਨ। ਕਿਸੇ ਦੀਆਂ ਅੱਖਾਂ ਦਾ ਨੀਰ ਰੋਕਿਆਂ ਵੀ ਨਹੀਂ ਰੁਕਦਾ ਸੀ। ਪੱਥਰ ਦਿਲ ਵੀ ਮੋਮ ਹੋ ਗਏ ਸਨ। ਲੋਹੇ ਵਰਗੇ ਜਿਗਰੇ ਪਿਘਲ ਗਏ ਸਨ।

-"ਬੱਸ ਵੀ ਕਰੀਦਾ ਹੁੰਦੈ, ਹਰਕੁਰੇ-!" ਕਿਸੇ ਬੁੜ੍ਹੀ ਨੇ ਰੋਕਿਆ।

-"ਉਹਨਾਂ ਨਾਲ ਆਪਣਾ ਐਨਾ ਕੁ ਈ ਸੀ।" ਕੋਈ ਹੋਰ ਸਿਆਣੀ ਜਿਹੀ ਬੋਲੀ।

-"ਹਾਏ ਵੇ ਡਾਢਿਆ ਰੱਬਾ-ਮੈਨੂੰ ਵੀ ਕਿਉਂ ਨ੍ਹੀ ਚੱਕ ਲਿਆ?" ਉਸ ਦੇ ਵੈਣ ਹਾਉਕਿਆਂ ਵਿਚ ਬਦਲ ਗਏ ਸਨ। ਹੰਝੂ ਧਰਾਲੀਂ ਵਗ ਰਹੇ ਸਨ। ਦਿਲ ਜਿਵੇਂ ਨਿਕਲ ਕੇ ਬਾਹਰ ਨੂੰ ਆਉਂਦਾ ਸੀ। ਰੋਂਦੀ-ਰੋਂਦੀ ਦੀਆਂ, ਉਸ ਦੀਆਂ ਪੁੜਪੜੀਆਂ ਬੁਰੀ ਤਰ੍ਹਾਂ ਨਾਲ ਵੱਜਣ ਲੱਗ ਪਈਆਂ ਸਨ। ਪਰ ਉਸ ਨੂੰ ਕੋਈ ਸੁਰਤ ਨਹੀਂ ਸੀ। ਉਹ ਬੌਂਦਲੀ ਪਈ ਸੀ।

ਇੰਦਰ ਹੁਰਾਂ ਨੇ ਸ਼ਮਸ਼ਾਨ ਘਾਟ ਵਿਖੇ ਲੱਕੜਾਂ ਅਤੇ ਪਾਥੀਆਂ ਦਾ ਪ੍ਰਬੰਧ ਕਰ ਲਿਆ ਸੀ। ਉਹ ਸਸਕਾਰ ਦੀ ਤਿਆਰੀ ਕਰ ਕੇ ਘਰ ਆ ਗਏ। ਸੋਲ੍ਹਾਂ ਜਾਣਿਆਂ ਨੇ ਚਾਰ ਲਾਅਸ਼ਾਂ ਆਪਣੇ ਕੰਧੀਂ ਚੁੱਕ ਲਈਆਂ। ਪਿੰਡ ਦਾ ਦਿਲ ਹਿੱਲਿਆ ਸੀ। ਲਾਅਸ਼ਾਂ ਮਗਰ ਕੀਰਨੇ ਪੈਂਦੇ ਆ ਰਹੇ ਸਨ। ਹਰ ਕੌਰ ਨੂੰ ਸਹਾਰਾ ਦੇ ਕੇ ਬੁੜ੍ਹੀਆਂ ਨਾਲ ਲਈ ਆ ਰਹੀਆਂ ਸਨ। ਉਹ ਨਿਰਬਲ, ਤੁਰਨ ਜੋਗੀ ਨਹੀਂ ਰਹੀ ਸੀ। ਉਹ ਤੁਰਦੀ ਇਕ ਲਾਅਸ਼ ਹੀ ਦਿਖਾਈ ਦੇ ਰਹੀ ਸੀ।

ਚਾਰੇ ਲਾਅਸ਼ਾਂ ਉਤਾਰ ਕੇ ਸਿਵਿਆਂ 'ਤੇ ਰੱਖ ਦਿੱਤੀਆਂ ਗਈਆਂ।

ਅੰਤਿਮ ਦਰਸ਼ਣ ਕਰਵਾਏ ਗਏ।

ਲਾਅਸ਼ਾਂ ਉਪਰ ਹੋਰ ਲੱਕੜਾਂ ਚਿਣ ਕੇ, ਦੋ ਨੂੰ ਇੰਦਰ ਨੇ ਅਤੇ ਦੋ ਨੂੰ ਸ਼ਿੰਦੇ ਨੇ ਦਾਗ ਦਿੱਤਾ। ਬੇਸਬਰੀ ਅੱਗ ਇੱਕ ਦਮ ਭਾਂਬੜ ਬਣ ਗਈ। ਲਾਟਾਂ ਅਸਮਾਨ ਨੂੰ ਛੂਹਣ ਲੱਗ ਪਈਆਂ। ਹਰ ਮੂੰਹੋਂ "ਵਾਹਿਗੁਰੂ" ਨਿਕਲਿਆ ਸੀ।

ਹਰ ਕੌਰ ਅੱਗ ਵਿਚ ਛਾਲ ਮਾਰਨ ਲਈ ਅਹੁਲੀ। ਪਰ ਬੁੜ੍ਹੀਆਂ ਨੇ ਫੜ ਲਈ। ਜਿਵੇਂ ਬੁੜ੍ਹੀਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਹਰ ਕੌਰ ਅਜਿਹੀ ਹਰਕਤ ਕਰੇਗੀ। ਬੇਵੱਸ ਜਿਹੀ ਹੋਈ ਉਹ ਬੁਰੀ ਤਰ੍ਹਾਂ ਆਪਣੀ ਛਾਤੀ ਪਿੱਟ ਰਹੀ ਸੀ। ਉਸ ਦੇ ਕੇਸ ਖੁੱਲ੍ਹ ਕੇ ਗਲ ਵਿਚ ਪੈ ਗਏ ਸਨ। ਮੁੜ੍ਹਕੋ-ਮੁੜ੍ਹਕੀ ਹੋਈ ਹਰ ਕੌਰ ਦਾ ਬੜਾ ਹੀ ਬੁਰਾ ਹਾਲ ਸੀ। ਉਸ ਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਇਸ ਟਾਈਮ ਉਸ ਨੂੰ ਜੇ ਰੱਬ ਵੀ ਮਿਲ ਪੈਂਦਾ ਤਾਂ ਉਹ ਦੁਖੀ ਹੋਈ ਉਸ ਨੂੰ ਵੀ ਭਰਾੜ੍ਹ ਕਰ ਸੁੱਟਦੀ!

ਅਖੀਰ ਹਰ ਇੱਕ ਨੇ ਆਖਰੀ ਡੱਕੇ ਸੁੱਟ ਦਿੱਤੇ।

ਗੁਰਦੁਆਰੇ ਦੀ ਖੂਹੀ 'ਤੇ ਆ ਕੇ ਹੱਥ ਪੈਰ ਸੁੱਚੇ ਕੀਤੇ। ਗੁਰਦੁਆਰੇ ਅੰਦਰ ਜਾ ਕੇ ਮਰਨ ਵਾਲਿਆਂ ਦੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕੀਤੀ। ਅਕਾਲ ਪੁਰਖ ਨੂੰ ਵਿਛੜੀਆਂ ਰੂਹਾਂ ਲਈ ਆਪਣੇ ਚਰਨਾਂ ਵਿਚ ਜਗ੍ਹਾ ਦੇਣ ਲਈ ਬੇਨਤੀਆਂ ਹੋਈਆਂ ਸਨ।

ਹਰ ਕੌਰ ਨੂੰ ਬੁੜ੍ਹੀਆਂ ਇਕ ਤਰ੍ਹਾਂ ਨਾਲ ਸਾਂਭੀ ਘਰ ਨੂੰ ਲਈ ਜਾ ਰਹੀਆਂ ਸਨ। ਉਸ ਵਿਚ ਸਾਹ ਸਤ ਨਹੀਂ ਰਿਹਾ ਸੀ। ਉਹ ਕਬਰ ਵਿਚੋਂ ਕੱਢੇ ਮੁਰਦੇ ਵਾਂਗ ਜਾਪਦੀ ਸੀ। ਸਰੀਰ ਉਸ ਦਾ ਸੁੱਕ ਕੇ ਤਾਂਬੜ ਬਣ ਗਿਆ ਸੀ। ਹੌਲੀ ਹੌਲੀ ਆਸਰਾ ਦੇ ਕੇ ਬੁੜ੍ਹੀਆਂ ਨੇ ਉਸ ਨੂੰ ਘਰ ਲੈ ਆਂਦਾ। ਘਰ ਸੁੰਨਾਂ ਸੁੰਨਾਂ ਜਾਪਦਾ ਸੀ। ਘਰ ਇੱਕ ਤਰ੍ਹਾਂ ਨਾਲ ਹਰ ਕੌਰ ਨੂੰ ਜਿਵੇਂ ਖਾਣ ਨੂੰ ਆ ਰਿਹਾ ਸੀ। ਉਸ ਨੇ ਡੂੰਘੇ, ਵੈਰਾਗੀ ਵੈਣ ਸ਼ੁਰੂ ਕਰ ਦਿੱਤੇ।

----------- ਕਾਂਡ ਸੱਤਵਾਂ --------

ਸ਼ਾਮ ਢਲ ਚੁੱਕੀ ਸੀ।

ਪਰਛਾਵੇਂ ਅਖੀਰ ਕੰਧਾਂ ਦੇ ਘਨ੍ਹੇੜਿਆਂ ਤੋਂ ਉੱਡ ਗਏ ਸਨ। ਤਾਰਿਆਂ ਦੀ ਬਹਾਰ ਖਿੜਨੀ ਸ਼ੁਰੂ ਹੋ ਗਈ। ਅਸਮਾਨ ਦੀ ਗੋਦੀ ਤਾਰਿਆਂ ਨਾਲ ਭਰੀ ਭਰੀ ਜਾਪਦੀ ਸੀ। ਇੱਕ ਪਾਸੇ ਕੱਟੇ ਨਹੁੰ ਵਰਗਾ ਚੰਦ ਆਪਣੀ ਹੋਂਦ ਦਰਸਾ ਰਿਹਾ ਸੀ। ਦਿਨ ਦੇ ਤਪਾੜ ਤੋਂ ਲੋਕਾਂ ਨੂੰ ਮਸਾਂ ਹੀ ਸਾਹ ਆਇਆ ਸੀ।

ਬੁੱਕਣ ਸਿੰਘ ਨ੍ਹੇਰੀ ਬੜੀ ਤੇਜ਼ੀ ਨਾਲ ਪੀ ਰਿਹਾ ਸੀ।

ਸੰਤਰ੍ਹੀ ਬੋਤਲ ਉਸ ਅੱਗੇ ਬਰੂਦ ਬਣਦੀ ਜਾ ਰਹੀ ਸੀ। ਪਰ ਉਹ ਫ਼ਾਮੋਸ਼ ਸੀ। ਨਸ਼ਾ ਜਿਵੇਂ ਉਸ ਨੂੰ ਚੜ੍ਹਿਆ ਹੀ ਨਹੀਂ ਸੀ। ਉਸ ਦੀਆਂ ਰੱਤੀਆਂ ਅੱਖਾਂ ਵਿਚ ਕੋਈ ਭੇਦ ਸੀ। ਸੂਣ ਵਾਲੀ ਮੱਝ ਵਾਂਗ ਵੱਟ ਜਿਹਾ ਕਰਦਾ ਉਹ ਕਿਸੇ ਗਹਿਰੀਆਂ ਸਕੀਮਾਂ ਵਿਚ ਡੁੱਬਿਆ ਹੋਇਆ ਸੀ। ਗਹਿਰੀਆਂ ਸੋਚਾਂ ਅਤੇ ਨਸ਼ੇ ਨੇ ਉਸ ਨੂੰ ਗੇੜੀਂ ਪਾਇਆ ਹੋਇਆ ਸੀ।

ਅਖੀਰ ਸੋਚਾਂ ਤੋਂ ਪੱਲਾ ਛੁਡਾਉਂਦੇ ਨ੍ਹੇਰੀ ਨੇ ਆਖਰੀ ਪੈੱਗ ਅੰਦਰ ਸੁੱਟਿਆ ਅਤੇ ਬੱਸ ਅੱਡੇ ਨੂੰ ਰਵਾਨਾ ਹੋ ਗਿਆ।

ਬੱਸ ਅੱਡੇ ਪਹੁੰਚ ਉਸ ਨੇ ਕੁਲਵਿੰਦਰ ਦੇ ਪੇਕਿਆਂ ਨੂੰ ਜਾਂਦੀ ਬੱਸ ਫੜ ਲਈ। ਉਸ ਦੇ ਦਿਮਾਗ ਵਿਚ ਸੋਚਾਂ ਨੇ ਘਮਸਾਨ ਦਾ ਯੁੱਧ ਛੇੜਿਆ ਹੋਇਆ ਸੀ। ਪੂਰੀ ਬੋਤਲ ਅੰਦਰ ਗਈ ਹੋਣ ਦੇ ਬਾਵਜੂਦ ਵੀ ਨਸ਼ੇ ਉਪਰ ਉਹ ਭਾਰੂ ਸੀ। ਸਕੀਮਾਂ ਤਾਂ ਉਸ ਨੇ ਬਹੁਤ ਘੜ੍ਹ ਕੇ ਪਾਸ ਕਰ ਰੱਖੀਆਂ ਸਨ, ਪਰ ਅਗਾਂਹ ਜਾ ਕੇ ਮਨਜੂਰ ਹੋਣਗੀਆਂ? ਦਾ ਸ਼ਾਇਦ ਉਸ ਨੂੰ ਪਤਾ ਨਹੀਂ ਸੀ!

-''ਇੱਕ ਝੂਠ 'ਤੇ ਪਰਦਾ ਪਾਉਣ ਆਸਤੇ ਸੌ ਝੂਠ ਹੋਰ ਬੋਲਣਾ ਪੈਂਦੈ।'' ਅਚਾਨਕ ਉਸ ਨੂੰ ਗੁਰਦੁਆਰੇ ਵਾਲੇ ਭਾਈ ਗੁਰਦਿਆਲ ਸਿੰਘ ਦੀ ਗੱਲ ਚੇਤੇ ਆਈ। ਉਹ ਕੰਬ ਉਠਿਆ।

-''ਬਦਲਾ ਲੈਣਾ ਵੀ ਮਰਦਾਂ ਦਾ ਕੰਮ ਐਂ--!'' ਉਸ ਨੇ ਆਪਣੇ ਆਪ ਨੂੰ ਧਰਵਾਸ ਦਿੱਤਾ। ਕਿਸੇ ਤੋਂ ਸੁਣਿਆਂ ਸੁਣਾਇਆ ਚੇਤੇ ਕੀਤਾ।

ਬੱਸੋਂ ਉੱਤਰ ਕੇ ਸਿੱਧਾ ਉਹ ਕੁਲਵਿੰਦਰ ਦੇ ਪੇਕਿਆਂ ਦੇ ਘਰੇ ਪਹੁੰਚ ਗਿਆ।

ਹਨ੍ਹੇਰਾ ਗੂੜ੍ਹਾ ਹੋ ਚੁੱਕਿਆ ਸੀ।

ਵਰਾਂਡੇ ਵਿਚ ਹੀ ਇੱਕ ਬਜੁਰਗ ਮੰਜੀ 'ਤੇ ਮੁਰਕੜੀ ਜਿਹੀ ਮਾਰੀ ਬੈਠਾ ਸੀ। ਡਿੰਮ੍ਹ ਲਾਈਟ ਵਿਚ ਬਜੁਰਗ ਨ੍ਹੇਰੀ ਨੂੰ ਰਿੱਛ ਵਰਗਾ ਜਾਪਿਆ। ਉਸ ਦੀ ਮੰਜੀ ਕੋਲ ਹੇਠਾਂ ਇੱਕ ਥਾਲੀ, ਗਿਲਾਸ ਅਤੇ ਕੌਲੀ ਪਈ ਸੀ। ਜਾਪਦਾ ਸੀ ਬਜੁਰਗ ਹੁਣੇ ਰੋਟੀ ਖਾ ਕੇ ਹਟਿਆ ਸੀ।

-''ਤਕੜੈਂ ਮਾਸੜਾ-- ?'' ਨ੍ਹੇਰੀ ਦਾ ਪੈਰ ਭਾਂਡਿਆਂ ਵਿਚ ਵੱਜਿਆ। ਭਾਂਡਿਆਂ ਨੇ ਕਾਂਵਾਂ ਰੌਲੀ ਜਿਹੀ ਮਚਾ ਦਿੱਤੀ।

-''ਆ ਬਈ ਬੁੱਕਣ ਸਿਆਂ--!'' ਬਜੁਰਗ ਨੇ ਹੱਥ ਦੀ ਛਾਂ ਮੱਥੇ 'ਤੇ ਪਾ ਕੇ ਨ੍ਹੇਰੀ ਨੂੰ ਪਛਾਣਿਆਂ। ਉਹ ਹੈਰਾਨ ਜ਼ਰੂਰ ਹੋ ਗਿਆ ਸੀ, ਕਿਉਂਕਿ ਨ੍ਹੇਰੀ ਕਰਮ ਸਿੰਘ ਦੇ ਵਿਆਹ ਤੋਂ ਬਾਅਦ ਕਦੇ ਨਹੀਂ ਆਇਆ ਸੀ। ਜਾਣ ਆਉਣ ਕਰਕੇ ਬਜੁਰਗ ਉਸ ਨੂੰ ਜਾਣਦਾ ਸੀ।

-''ਕਿਮੇਂ ਕੁਬੇਲੇ ਆਉਣੇ ਹੋਏ-- ?'' ਬਜੁਰਗ ਨੇ ਪੁੱਛਿਆ।

-''ਕਾਹਦੇ ਆਉਣੇ ਐਂ ਮਾਸੜਾ-ਆਪਣਾ ਤਾਂ ਦੁਸ਼ਮਣਾਂ ਨੇ ਘਰ ਉਜਾੜਤਾ--!'' ਦੱਸਦਾ ਨ੍ਹੇਰੀ ਭੁੱਬਾਂ ਮਾਰ ਕੇ ਰੋ ਪਿਆ। ਉਸ ਨੂੰ ਪਤਾ ਸੀ ਕਿ ਖੇਖਨ ਕਰੇ ਬਿਨਾ ਕੰਮ ਸਿਰੇ ਨਹੀਂ ਚੜ੍ਹਨਾ ਸੀ। ਉਹ ਮੱਝ ਹੱਥ ਨਾਲ 'ਨਵੇਂ-ਦੁੱਧ' ਕਰਵਾਉਣੀ ਹੀ ਬਿਹਤਰ ਸਮਝਦਾ ਸੀ, ਕਿਉਂਕਿ 'ਝੋਟੇ' ਦੇ ਨਿਸ਼ਾਨੇ 'ਤੇ ਇਤਬਾਰ ਕਰਨਾ ਉਹ ਆਪਣੇ ਆਪ ਨੂੰ ਬੇਵਕੂਫ਼ ਬਣਾਉਣਾ ਹੀ ਸਮਝਦਾ ਸੀ। ਰੋਏ ਬਗੈਰ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ! ਸੋਚਦਾ ਉਹ ਉਚੀ-ਉਚੀ ਰੋ ਰਿਹਾ ਸੀ।

ਉਚੀ-ਉਚੀ ਰੋਣਾ ਸੁਣਕੇ ਚੌਂਕੇ ਵਿਚੋਂ ਬੁੜ੍ਹੀਆਂ ਇਕੱਠੀਆਂ ਹੋ ਗਈਆਂ। ਆਂਢੀ-ਗੁਆਂਢੀ ਕੁਵੇਲੇ ਦਾ ਰੋਣਾ ਸੁਣ ਕੇ ਆ ਗਏ ਸਨ। ਸਾਰੇ ਹੈਰਾਨ ਹੋਏ ''ਬਿਟਰ-ਬਿਟਰ'' ਤੱਕ ਰਹੇ ਸਨ।

-''ਕੀ ਗੱਲ ਹੋ ਗਈ ਬੁੱਕਣ ਸਿਆਂ-ਬੋਲ ਕੇ ਤਾਂ ਦੱਸ-ਜੁਆਕਾਂ ਮਾਂਗੂੰ ਰੋਣ ਡਹਿ ਪਿਐਂ--?'' ਬਜੁਰਗ ਉਸ ਦੀ ਪਿੱਠ 'ਤੇ ਹੱਥ ਮਾਰ ਕੇ ਬੋਲਿਆ।

-''ਆਪਾਂ ਲੁੱਟੇ ਗਏ ਮਾਸੜਾ! ਬੱਸ, ਪੱਟੇ ਈ ਗਏ--!'' ਤੇ ਉਸ ਨੇ ਹੋਰ ਉਚੀ ਰੋਣਾ ਸ਼ੁਰੂ ਕਰ ਦਿੱਤਾ। ਦੋਹਾਂ ਹੱਥਾਂ ਨਾਲ ਮੂੰਹ ਢਕੀ ਉਹ ਫ਼ੂਬ ਪਾਖੰਡ ਕਰ ਰਿਹਾ ਸੀ। ਦਾਰੂ ਦੀ ਬੋਤਲ ਨੇ ਉਸ ਨੂੰ ਹੁਣ ਰੰਗ ਦਿਖਾਏ ਸਨ। ਜਿਸ ਕਰਕੇ ਸੰਤਰ੍ਹੀ ਬੋਤਲ ਨੂੰ ਉਹ ਥਾਪੀਆਂ ਦੇ ਰਿਹਾ ਸੀ। ਦਿਲੋਂ ਉਸ ਦਾ ਲਲਕਾਰੇ ਮਾਰਨ ਨੂੰ ਦਿਲ ਕਰਦਾ ਸੀ, ਪਰ ਬਾਹਰੋਂ ਉਹ ਕਮਲੀ ਤੀਮੀ ਵਾਂਗ ਡਾਡਾਂ ਮਾਰੀ ਜਾ ਰਿਹਾ ਸੀ।

-''ਪੁੱਤ! ਬੋਲ ਕੇ ਤਾਂ ਦੱਸ-ਕੀ ਹੋ ਗਿਆ---?'' ਕੁਲਵਿੰਦਰ ਦੀ ਮਾਂ ਨੇ ਉਸ ਦੀ ਪਿੱਠ ਥਾਪੜੀ। ਉਹ ਬੜੀ ਦਿਲ ਵਾਲੀ ਔਰਤ ਜਾਪਦੀ ਸੀ। ਢਿਲਕੇ ਸਰੀਰ ਵਾਲੀ ਚੰਦ ਕੌਰ ਲੋਹੇ ਦੇ ਜਿਗਰੇ ਵਾਲੀ ਔਰਤ ਸੀ। ਉਸ ਦੇ ਪੱਟੇ ਘਰ ਰਾਸ ਨਹੀਂ ਆਏ ਸਨ। ਚੱਟੇ ਦਰੱਖਤ ਖੁਰ ਗਏ ਸਨ, ਮੁੜ ਹਰੇ ਨਹੀਂ ਹੋਏ ਸਨ। ਉਹ ਦਿਲ ਦੀ ਕੌੜੀ ਅਤੇ ਅੱਖ ਦੀ ਬੇਈਮਾਨ ਸੀ।

-''ਮਾਸੀ! ਆਪਣੇ ਨਾਲ ਤਾਂ ਜੱਗੋਂ ਤੇਹਰਵੀਂ ਹੋਗੀ--!'' ਕਹਿੰਦਾ ਉਠ ਕੇ ਉਹ ਪਸ਼ੂਆਂ ਵੱਲ ਨੂੰ ਗਿਆ। ਉਸ ਨੇ ਨੱਕ ਸੁਣ੍ਹਕਿਆ। ਨੱਕ ਉਸ ਸ਼ਰਾਬੀ ਹੋਏ ਤੋਂ ਕੱਟੇ ਦੀ ਪਿੱਠ 'ਤੇ ਹੀ ਸੁਣ੍ਹਕਿਆ ਗਿਆ। ਪਾਈਆ ਪੱਕਾ ਸੀਂਢ ਕੱਟੇ ਦੀ ਪਿੱਠ 'ਤੇ ਲਿਸ਼ਕਣ ਲੱਗ ਪਿਆ। ਬੁੱਕਣ ਦਾ ਹਾਸਾ ਨਿਕਲਦਾ-ਨਿਕਲਦਾ ਮਸਾਂ ਹੀ ਰੁਕਿਆ।

ਉਸ ਨੇ ਪਰਨੇ ਨਾਲ ਨੱਕ ਸਾਫ਼ ਕੀਤਾ ਅਤੇ ਮੰਜੇ ਵੱਲ ਮੁੜਿਆ। ਬੈਠਣ ਲੱਗੇ ਦਾ ਪੈਰ ਫਿਰ ਭਾਂਡਿਆਂ ਵਿਚ ਵੱਜਿਆ। ਭਾਂਡੇ ਬਜੁਰਗ ਨੇ ਮੰਜੇ ਹੇਠ ਨੂੰ ਕਰ ਦਿੱਤੇ।

-''ਗੱਲ ਤਾਂ ਦੱਸ ਕੀ ਐ?'' ਕੁਲਵਿੰਦਰ ਦਾ ਭਰਾ ਜੰਟਾ ਬੋਲਿਆ। ਉਹ ਕਦੋਂ ਦਾ ਮੂੰਹ ਸੁੰਘਣ ਲਈ ਤਿਆਰ ਖੜ੍ਹਾ ਸੀ। ਨ੍ਹੇਰੀ ਵਾਂਗ ਜੰਟਾ ਵੀ ਪੂਰਾ ਫਿੱਟਣੀਆਂ ਦਾ ਫੇਟ ਸੀ। ਠਾਣੇ ਨੂੰ ਤਾਂ ਉਹ ਸਹੁਰਾ ਘਰ ਹੀ ਸਮਝਦਾ। ਪੁਲਸ ਦੀ ਕੁੱਟ ਅਤੇ ਗਾਲ੍ਹਾਂ ਉਸ ਨੂੰ ਦੇਸੀ ਘਿਉ ਵਾਂਗ ਲੱਗਦੀਆਂ ਸਨ। ਜਿਸ ਕਰਕੇ ਉਹ ਲਾਲ ਰੱਤਾ ਹੋ ਕੇ ਠਾਣੇ ਵਿਚੋਂ ਨਿਕਲਦਾ ਸੀ।

-''ਬਾਈ! ਕੰਜਰਾਂ ਨੇ ਕੁਲਵਿੰਦਰ ਮਾਰਤੀ--!'' ਤੇਜ਼ੀ ਨਾਲ ਦੱਸ ਕੇ ਉਸ ਨੇ ਸਾਰਿਆਂ ਦੀ ਭੂਤਨੀ ਭੁਲਾ ਦਿੱਤੀ।

-''ਹੈਂ---!'' ਸਭ ਦੇ ਜਿਵੇਂ ਸਾਹ ਸੂਤੇ ਗਏ। ਮਨਹੂਸ ਫ਼ਬਰ ਨੇ ਦਿਲ ਕੱਢ ਲਿਆ ਸੀ। ਉਹ ਠੱਗੇ ਜਿਹੇ ਕਿਸਾਨ ਵਾਂਗ ਠਠੰਬਰੇ ਜਿਹੇ ਝਾਕ ਰਹੇ ਸਨ। ਆਦਮੀ ਨਹੀਂ ਜਿਵੇਂ ਬੁੱਤ ਖੜ੍ਹੇ ਸਨ। ਬੰਦੇ ਨਹੀਂ ਜਿਵੇਂ ਮੜ੍ਹੀਆਂ ਸਨ।

-"ਕਿਮੇਂ--?" ਜੰਟੇ ਨੇ ਜਿਵੇਂ ਕਿਤੋਂ ਪਰਤ ਕੇ ਪੁੱਛਿਆ ਸੀ। ਉਸ ਦੀਆਂ ਗੱਡੇ ਦੀ ਸਧਵਾਈ ਵਰਗੀਆਂ ਲੱਤਾਂ ਵਿਚੋਂ ਇੱਕ ਝਰਨਾਹਟ ਫੁੱਟੀ ਸੀ, ਜੋ ਸਿੱਧੀ ਸਿਰ ਨੂੰ ਚੜ੍ਹ ਗਈ ਸੀ।

-"ਕਣਕ 'ਚ ਪਾਉਣ ਆਲੀ ਦੁਆਈ ਪਿਆਤੀ-ਕੀ ਨਾਂ ਐਂ ਸਾਲੀ ਦਾ-ਕੁੱਕਫਾਸ-!" ਉਹ ਪੁੜਪੜੀਆਂ ਫੜ ਕੇ, ਸਿਰ ਮਾਰਨ ਲੱਗ ਪਿਆ।

-"ਮੈਨੂੰ ਤਾਂ ਪਹਿਲਾਂ ਈ ਪਤਾ ਸੀ-ਬਈ ਘਾਣੀ ਕੋਈ ਸਿਰ 'ਤੇ ਟੁੱਟਣ ਆਲੀ ਐ।" ਬਜੁਰਗ ਨੇ ਅਥਾਹ ਪੀੜ ਵਿਚੋਂ ਗੁਜ਼ਰਦਿਆਂ ਕਿਹਾ।

ਜੰਟੇ ਦੀ ਛੋਟੀ ਭੈਣ ਨੇ ਰੋਣਾ ਸ਼ੁਰੂ ਕਰ ਦਿੱਤਾ।

ਆਂਢਣਾਂ ਗੁਆਂਢਣਾਂ ਨੇ ਦਿਲਾਸਾ ਦਿੱਤਾ।

ਘਰ ਵਿਚ ਚੀਕ ਚਿਹਾੜਾ ਸ਼ੁਰੂ ਹੋ ਚੁੱਕਾ ਸੀ।

ਬੰਦੇ ਵਰਾਂਡੇ ਵਿਚ ਇਕੱਠੇ ਹੋ ਗਏ ਸਨ।

ਜੰਟੇ ਨੇ ਨ੍ਹੇਰੀ ਕੋਲੋਂ ਕਹਾਣੀ ਵਿਸਥਾਰ ਸਹਿਤ ਸੁਣਨੀ ਚਾਹੀ, ਜੋ ਨ੍ਹੇਰੀ ਨੇ ਬੜਾ ਦਿਲ ਖੋਲ੍ਹ ਕੇ ਸੁਣਾਈ ਸੀ। ਇੱਕ ਦੀਆਂ ਦੋ ਅਤੇ ਨੌਂ ਦੀਆਂ ਗਿਆਰਾਂ ਬਣਾ ਧਰੀਆਂ ਸਨ। ਗੱਪਾਂ ਨੂੰ ਨ੍ਹੇਰੀ ਨੇ ਸੈਂਡਲ ਪੁਆ ਦਿੱਤੇ ਸਨ। ਜਿੰਨ੍ਹਾਂ ਨੇ ਮੋਰ ਵਾਂਗ ਪੈਲ੍ਹ ਪਾਈ ਸੀ। ਚਾਰ ਕਤਲ ਸਾਬਤ ਕਰ ਦਿੱਤੇ ਸਨ।

ਸਾਰੇ ਘਰ ਵਿਚ ਸੋਗ ਵਰ੍ਹ ਪਿਆ ਸੀ।

ਜੰਟੇ ਨੇ ਬੇਬੇ ਨੂੰ ਬੁਲਾਇਆ।

ਬੇਬੇ ਨੱਕ ਪੂੰਝਦੀ ਹਾਜ਼ਰ ਹੋ ਗਈ।

-"ਲਿਆ ਬੇਬੇ ਪੈਸੇ ਕੱਢ-ਪੈਸੇ ਬਿਨਾ ਕੁੱਤੇ ਜੱਟ ਸੁੱਕੀ ਦੇ ਪੱਤਣ ਨਿਕਲ ਜਾਣਗੇ--!" ਜੰਟੇ ਨੇ ਦੰਦ ਪੀਹੇ।

-"ਚਾਹੇ ਲੱਖ ਚੱਕ ਪੁੱਤ! ਪਰ ਜੱਟਾਂ ਦੇ ਗਲੀਂ ਰੱਸੇ ਪੁਆਦੇ-ਉਹ ਨਾ ਹੁਣ ਸੁੱਕੇ ਨਿਕਲ ਜਾਣ ਮੇਰੇ ਪਿਉ ਦੇ ਸਾਅਲੇ--!" ਚੰਦ ਕੌਰ ਨੇ ਗੱਲ ਨੂੰ ਵਾਢਾ ਪਾਇਆ। ਉਸ ਨੂੰ ਆਪਣੇ ਸ਼ੇਰ 'ਤੇ ਮਾਣ ਸੀ, ਜਿਹੜਾ ਨਿੱਤ ਸਰਕਾਰੇ ਦਰਬਾਰੇ ਹੀ ਰਹਿੰਦਾ ਸੀ। ਜੇ ਉਸ ਦਾ ਪੁੱਤ ਕਿਸੇ ਨਾਲ ਝਗੜ ਕੇ ਆਉਂਦਾ ਤਾਂ ਚੰਦ ਕੌਰ ਕਹਿੰਦੀ ਕਿ ਮੇਰਾ ਪੁੱਤ ਤਾਂ ਗੁਰਦੁਆਰਿਓਂ ਆਇਐ! ਉਹ ਕਿਸੇ ਨੂੰ ਥੜ੍ਹੇ ਥੂਹ ਨਹੀਂ ਲੱਗਣ ਦਿੰਦੀ ਸੀ।

-"ਬੇਬੇ ਤੂੰ ਬਹਿਮ ਨਾ ਕਰ-ਜੇ ਚਾਰ ਸਿਵੇ ਨਾ ਮੱਚੇ ਤਾਂ ਮੈਨੂੰ ਕੈਪਟਨ ਦਾ ਪੋਤਾ ਨਾ ਆਖੀਂ!" ਉਸ ਨੇ ਬੜ੍ਹਕ ਮਾਰੀ।

ਬੁੱਢੀ ਨੇ ਨੋਟਾਂ ਦਾ ਥੱਬਾ ਜੰਟੇ ਅੱਗੇ ਲਿਆ ਸੁੱਟਿਆ। ਉਸ ਨੇ ਨੋਟ ਇਉਂ ਸੁੱਟੇ ਜਿਵੇਂ ਪਸੂ ਨੂੰ ਪੱਠੇ ਪਾਈਦੇ ਐ! ਸਾਹਣ ਦੇ ਬਰਸੀਨ ਦੀ ਭਰੀ ਸੁੰਘਣ ਵਾਂਗ, ਨ੍ਹੇਰੀ ਨੇ ਨੋਟ ਇੱਕ ਤਰ੍ਹਾਂ ਨਾਲ ਸੁੰਘੇ ਸਨ। ਉਸ ਦਾ ਉਤਰਿਆ ਚਿਹਰਾ ਕਿਸੇ ਲਾਟੂ ਵਾਂਗ ਦਗਣ ਲੱਗ ਪਿਆ ਸੀ। ਟੁੱਟੀ ਭੇਲੀ ਵਿਚੋਂ ਉਸ ਦੇ ਹਿੱਸੇ ਕੁਛ ਨਾ ਕੁਛ ਆਉਣਾ ਲਾਜ਼ਮੀ ਸੀ। ਹਰਦੁਆਰ ਬਾਂਦਰ ਖਿੱਲਾਂ ਬਿਨਾ ਭੁੱਖੇ ਨਹੀਂ ਮਰਦੇ। ਹੁਣ ਲੱਗਿਐ ਕਾਰੂੰ ਆਲੇ ਫ਼ਜ਼ਾਨੇ ਨੂੰ ਹੱਥ। ਨਹੀਂ ਤਾਂ ਪਹਿਲਾਂ

ਨੰਗ ਭੁੱਖ ਨਾਲ ਈ ਘੁਲੀ ਗਏ। ਨ੍ਹੇਰੀ ਸਿਆਂ ਚਿੜੀਆਂ ਦਾ ਵੀ ਰੱਬ ਤੇ ਬਾਜਾਂ ਦਾ ਵੀ ਰੱਬ। ਵਾਹ ਉਏ ਰੱਬਾ! ਤੇਰੀਆਂ ਕੁੱਜੇ 'ਚ ਲੱਤਾਂ! ਹੁਣ ਭੇਜਿਐ ਹਰੀ ਅੰਗੂਰੀ ਆਲੇ ਖੇਤਾਂ 'ਚ ਨ੍ਹੇਰੀ ਸਿਉਂ ਨੂੰ, ਹੁਣ ਚਰੂੰ ਬੁਰਕ ਮਾਰ ਮਾਰ ਕੇ। ਬਾਰ੍ਹਾਂ ਵਰ੍ਹਿਆਂ ਮਗਰੋਂ ਤਾਂ ਕਹਿੰਦੇ ਰੂੜੀ ਦੀ ਵੀ ਸੁਣੀ ਜਾਂਦੀ ਐ। ਮੈਂ ਤਾਂ ਫੇਰ ਬੁੜ੍ਹਾ ਹੋ ਚੱਲਿਆ ਸੀ। ਜੜਤੇ ਕੋਕੇ, ਹੁਣ ਨਹੀਂ ਜਰਕਦੇ। ਸੁਣ ਲਈ ਕੰਜ ਬੱਕਰੀ ਦੀ ਅਰਦਾਸ! ਅੰਦਰੋਂ ਬਾਗੋ-ਬਾਗ ਹੋਇਆ ਨ੍ਹੇਰੀ ਸੋਚ ਰਿਹਾ ਸੀ।

ਪਿੰਡ ਵਿਚੋਂ ਜੰਟੇ ਨੇ ਆਪਣੇ ਯਾਰ-ਮਿੱਤਰ ਇਕੱਠੇ ਕਰ ਲਏ। ਜੰਟੇ ਵਾਂਗ ਉਹ ਵੀ ਚੜ੍ਹਦੇ ਚੰਦ ਹੀ ਸਨ। ਅਲੱਥ ਨਿਕਲੇ ਜੱਟਾਂ ਨੂੰ ਆਖਰ ਵੈਲਪੁਣਾ ਹੀ ਬੁੱਕਲ ਵਿਚ ਲੈਂਦਾ ਹੈ, ਚੰਗਿਆਈ ਤਾਂ ਉਹਨਾਂ ਤੋਂ ਕੋਹਾਂ ਦੂਰ ਰਹਿੰਦੀ ਹੈ! ਵਿਗੜਿਆ ਜੱਟ ਤੇ ਭੂਸਰਿਆ ਸਾਹਣ ਮਾੜਾ ਹੀ ਮਾੜਾ ਹੁੰਦਾ ਹੈ।

ਡਿੰਮ੍ਹ ਲਾਈਟ ਚਲੀ ਗਈ।

ਲੈਂਪ ਜਗਾ ਲਏ ਗਏ।

ਕੁੜੀਆਂ ਬੁੜ੍ਹੀਆਂ ਰੋ ਰਹੀਆਂ ਸਨ। ਪਰ ਚੰਦ ਕੌਰ ਫ਼ਾਮੋਸ਼ ਹੋਈ ਬੈਠੀ "ਗਟਰ-ਗਟਰ" ਉਹਨਾਂ ਵੱਲ ਝਾਕ ਰਹੀ ਸੀ। ਉਸ ਦੀਆਂ ਗੁਟਾਹਰ ਵਰਗੀਆਂ ਅੱਖਾਂ ਔਟਲੀਆਂ ਜਿਹੀਆਂ ਫਿਰਦੀਆਂ ਸਨ। ਸ਼ਾਇਦ ਉਸ ਅੰਦਰ ਕੋਈ ਲਾਵਾ ਸੁੰਧਕ ਰਿਹਾ ਸੀ, ਜਿਸ ਨੂੰ ਫ਼ਟਣ ਵਿਚ ਬਹੁਤੀ ਦੇਰ ਲੱਗਦੀ ਮਹਿਸੂਸ ਨਹੀਂ ਹੁੰਦੀ ਸੀ।

-"ਚੰਦ ਕੁਰੇ ਓਸ ਗੱਲ ਦੇ ਆਖਣ ਮਾਂਗੂੰ-ਆਹ ਬਿੱਜ ਦਾ ਕੀ ਪਤਾ ਸੀ?" ਇੱਕ ਸਿਆਣੀ ਜਿਹੀ ਬਜੁਰਗ ਬੁੜ੍ਹੀ, "ਹਾਏ ਵੇ ਰੱਬਾ--!" ਕਹਿੰਦੀ ਚੰਦ ਕੌਰ ਦੇ ਗੋਡੇ ਮੁੱਢ ਆ ਬੈਠੀ।

-"ਫੇਰ ਕੀ ਲੋਹੜਾ ਆ ਗਿਆ ਅੰਮਾਂ ਜੀ? ਸਾਡੀ ਮਾਰਨ ਆਲੀ ਤਾਂ ਉਹਨਾਂ ਨੇ ਮਾਰਤੀ-ਹੁਣ ਤੂੰ ਦੇਖੀਂ ਅਸੀਂ ਕੀ ਚੰਦ ਚੜ੍ਹਾਉਨੇ ਐਂ-ਜੇ ਜੱਟ ਨਾ ਨਰੜਾ ਕੇ ਮਰਵਾਏ ਤਾਂ ਮੈਨੂੰ ਚੰਦ ਕੁਰ ਜੱਟੀ ਕੌਣ ਆਖੂ--?" ਬੈਠੀ ਉਹ ਗੈਸ ਸਲੰਡਰ ਵਾਂਗ ਫ਼ਟੀ ਸੀ।

-"ਇਉਂ ਤਾਂ ਭਾਈ ਦਿਨ ਦਿਹਾੜ੍ਹੇ ਹਨ੍ਹੇਰ ਐ।" ਇੱਕ ਹੋਰ ਬਲਦੀ 'ਤੇ ਤੇਲ ਪਾਉਣ ਆ ਗਈ ਸੀ।

-"ਹਰਬੰਸ ਕੁਰੇ-ਮੈਨੂੰ ਵੀ ਮਾਂ ਨਹੀਂ-ਕੁੱਤੀ ਚੱਕੀ ਫਿਰਦੀ ਰਹੀ ਐ ਜੇ ਜੱਟਾਂ ਨੂੰ ਹੱਥ ਨਾ ਲੁਆਏ ਤਾਂ!"

-"ਬਾਘਰੂ-ਬਾਘਰੂ--!"

-"ਮੈਂ ਵੀ ਪਿਉ ਦੀ ਨ੍ਹੀ-ਕਿਸੇ ਚੂਹੜ੍ਹੇ ਦੀ ਹੋਊਂ ਜੇ ਜੱਟ ਨਾ ਫਾਹੇ ਲੁਆਏ--!" ਚੰਦ ਕੌਰ ਮੱਝ ਵਾਂਗ ਰੰਭਦੀ, ਛਾਤੀ 'ਤੇ "ਧੱਪ-ਧੱਪ" ਹੱਥ ਮਾਰ ਰਹੀ ਸੀ।

ਲਾਈਟ ਆ ਗਈ।

ਚਾਨਣ ਨਾਲ ਘਰ ਭਰ ਗਿਆ।

ਜੰਟੇ ਅਤੇ ਉਸ ਦੇ ਜੁੰਡੀ ਦੇ ਯਾਰਾਂ ਵਿਚ ਬੋਤਲ ਘੁਕ ਰਹੀ ਸੀ। ਅਚਾਰ ਵਾਲੀ ਕੌਲੀ ਗੇੜੀਂ ਪਈ ਹੋਈ ਸੀ। ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਸਨ। ਬੋਲਾਂ ਵਿਚ ਸ਼ਰਾਬ ਦੁਹਾਈਆਂ ਦੇ ਰਹੀ ਸੀ। ਕੋਈ ਕਰਮ ਸਿੰਘ ਦੇ ਗੋਲੀ ਮਾਰ ਰਿਹਾ ਸੀ। ਕੋਈ ਸ਼ਿੰਦੇ ਦੀ ਲੱਤ ਵੱਢ ਰਿਹਾ ਸੀ। ਕੋਈ ਪੁਲਸ-ਘੁੰਡੀਆਂ ਨੋਟ ਕਰਵਾ ਰਿਹਾ ਸੀ। ਨ੍ਹੇਰੀ ਬਾਹਰ ਨਾਲੀ ਕੋਲ ਬੈਠਾ ਉਛਲ ਰਿਹਾ ਸੀ। ਸੰਤਰਾ ਸ਼ਰਾਬ ਉਪਰੋਂ ਦੀ ਪੀਤੀ ਦੇਸੀ ਦਾਰੂ ਉਸ ਦੇ ਫ਼ਿੱਟ ਨਹੀਂ ਬੈਠੀ ਸੀ। ਜੰਗੀਰੇ ਨੇ ਉਸ ਨੂੰ ਕੁਰਲੀ ਕਰਨ ਲਈ ਪਾਣੀ ਦਿੱਤਾ।

ਅੱਧੀ ਰਾਤ ਹੋ ਚੁੱਕੀ ਸੀ।

ਬਜੁਰਗ ਉਹਨਾਂ ਦੀਆਂ ਗੱਲਾਂ ਕੰਨ ਦੇ ਕੇ ਸੁਣ ਰਿਹਾ ਸੀ।

ਉਹ ਕਿਸੇ ਪਾਸੇ ਤੁਰਨ ਲੱਗੇ, ਪਰ ਬਜੁਰਗ ਨੇ ਰੋਕ ਲਏ। ਘਰ ਵਿਚ ਇਕੱਲਾ ਬਜੁਰਗ ਹੀ ਸਿਆਣਾ ਜਾਪਦਾ ਸੀ, ਬਾਕੀ ਸਾਰੇ ਦੇ ਸਾਰੇ "ਹੱਟ ਕੁੱਤੀਏ---!" ਨਹੀਂ ਕਹਿਣ ਦਿੰਦੇ ਸਨ।

-"ਤੁਸੀਂ ਹੁਣ ਕੁਬੇਲੇ ਕਿੱਧਰ ਨੂੰ ਤੁਰ ਪਏ?"

-"ਠਾਣੇਂ ਚੱਲੇ ਆਂ ਬਾਪੂ--!" ਜੰਟੇ ਨੇ ਕਿਹਾ। ਉਹ ਬੈਠਕ ਦੇ ਦਰਵਾਜੇ ਵਿਚ ਅੜਿਆ ਜਿਹਾ ਖੜ੍ਹਾ ਸੀ। ਨਸ਼ੇ ਦਾ ਆਦੀ ਹੋਣ ਕਰਕੇ ਉਸ ਦਾ ਫ਼ਿੱਟਿਆ ਮੂੰਹ ਬੰਦੂਕ ਦੇ ਬੁੱਗ ਵਰਗਾ ਲੱਗਦਾ ਸੀ।

-"ਕੁਬੇਲੇ ਨ੍ਹੀ ਜਾਣਾ ਸ਼ੇਰੋ! ਨਾਕੇ ਆਲੇ ਅਲੀ ਅਲੀ ਕਰਕੇ ਪੈਂਦੇ ਐ-ਇੱਕ ਥੋਡੀ ਪੀਤੀ ਵੀ ਐ-ਜੋ ਹੋਣਾ ਸੀ ਹੋ ਗਿਆ-ਬਾਧੂ ਆਬਦਾ ਕੋਈ ਨਛਕਾਨ ਨਾ ਕਰਾ ਲਿਓ-ਤੜਕੇ ਜਾਇਓ--!" ਬਜੁਰਗ ਨੇ ਸਿਆਣੀ ਮੱਤ ਦਿੱਤੀ।

ਸਾਰੇ ਕੰਨ ਜਿਹੇ ਝੇਪ ਗਏ।

ਜੰਟਾ ਬਾਪੂ ਤੋਂ ਕੰਨ ਭੰਨਦਾ ਸੀ। ਸਾਰੀ ਜ਼ਮੀਨ ਜਾਇਦਾਦ ਅਜੇ ਬਾਪੂ ਦੇ ਨਾਂ ਹੀ ਸੀ। ਜੇ ਬਾਪੂ ਹੀ ਆਕੜ ਗਿਆ, ਫੇਰ ਵਿਚੋਂ ਲੈਣ ਦੇਣ ਨੂੰ ਕੀ ਐ? ਜੰਟਾ ਸੋਚਦਾ ਰਹਿੰਦਾ।

ਸਾਰੇ ਹਟ ਕੇ ਫਿਰ ਬੈਠਕ ਵਿਚ ਬੈਠ ਗਏ।

ਦਾਰੂ ਫਿਰ ਸ਼ੁਰੂ ਕਰ ਲਈ।

ਨ੍ਹੇਰੀ ਪੀਣ ਤੋਂ ਮੁਨੱਕਰ ਸੀ। ਪਹਿਲਾਂ ਹੀ ਉਲਟੀਆਂ ਕਰ ਕਰ ਉਸ ਦੀਆਂ ਨਾੜਾਂ ਇਕੱਠੀਆਂ ਹੋਈਆਂ ਪਈਆਂ ਸਨ। ਉਹ ਠੰਢ ਨਾਲ ਕੂੰਗੜੇ ਪਠੋਰੇ ਵਾਂਗ ਵੱਖੀਆਂ ਫੜੀ ਬੈਠਾ ਸੀ।

-''ਇੱਕ ਦੋਂਹ ਨੂੰ ਕਰਾਓ ਅੰਦਰ ਤੇ ਬਾਕੀਆਂ ਨੂੰ ਲੰਮੇ ਹੱਥੀਂ ਲਓ--!'' ਜੱਗਰ ਨੇ ਪੈੱਗ ਪੀਣ ਤੋਂ ਬਾਅਦ ਅਚਾਰੀ ਆਉਲਾ ਮੂੰਹ ਵਿਚ ਪਾਇਆ। ਆਉਲੇ ਦੀ ਗਿਟਕ ''ਕੜੱਕ-ਕੜੱਕ'' ਉਸ ਦੇ ਦੰਦਾਂ ਵਿਚ ਖੜਕਣ ਲੱਗ ਪਈ।

-''ਅੱਬਲ ਤਾਂ ਤੱਤੇ ਘਾਹ ਇੱਕ ਅੱਧੇ ਦੀ ਲੱਤ ਬਾਂਹ ਵੱਢ ਕੇ ਪਰ੍ਹਾਂ ਕਰੋ--!'' ਜੰਗੀਰਾ ਬੋਲਿਆ। ਦਾਰੂ ਨੇ ਉਸ ਦੀ ਜੀਭ ਪੱਛ ਦਿੱਤੀ ਸੀ। ਫਿਰ ਕੌੜੀ ਮਿਰਚ ਨਾਲ ਉਸ ਦਾ ਮੂੰਹ ਆਪਣੇ ਆਪ ਖੁੱਲ੍ਹ ਗਿਆ।

-''ਤੂੰ ਮੰਜਾ ਲੈ ਕੇ ਦੋ ਘੰਟੇ 'ਰਾਮ ਕਰਲਾ-ਕੱਲ੍ਹ ਨੂੰ ਤਾਂ ਪਤਾ ਨ੍ਹੀ ਕਿਹੜੇ ਪੱਤਣ ਹੋਵਾਂਗੇ---!'' ਸ਼ੇਰੂ ਨੇ ਕਿਹਾ। ਉਹ ਥੋੜ੍ਹੇ ਚਿਰ ਬਾਅਦ ਦਾਰੂ ਦੀ ਗਿਲਾਸੀ ਮਾਰਦਾ ਸੀ।

-''ਤੁਸੀਂ ਮੇਰਾ ਫਿਕਰ ਨਾ ਕਰੋ ਬਾਈ! ਮੈਂ ਤਾਂ ਪਾਦੂੰ ਘੁਕਾਹਟ--!'' ਨ੍ਹੇਰੀ ਨੇ ਕਿਹਾ। ਹੁਣ ਉਹ ਕੁਝ ਸੰਭਲ ਗਿਆ ਸੀ।

-''ਤੇਰੇ ਦਾਰੂ ਤਾਂ ਪਚਦੀ ਨ੍ਹੀ-ਘੁਕਾਹਟ ਕਿਹੜੇ ਪਾਸਿਓਂ ਪਾਵੇਂਗਾ?'' ਬਖਤੌਰ ਨੇ ਉਸ ਨੂੰ ਗੱਲ ਰੜਕਾਈ।

-''ਸਮਝ ਨ੍ਹੀ ਲੱਗਦੀ ਬਈ ਥੋਡੇ ਢਿੱਡ ਐ ਕਿ ਟੋਏ ਐ?'' ਸਮੇਂ ਸਿਰ ਸਹੀ ਗੱਲ ਨਾ ਸੁੱਝੀ ਕਰਕੇ ਉਸ ਨੇ ਸਿੱਧੀ ਹੀ ਛੱਡ ਦਿੱਤੀ।

-''ਅਜੇ ਤਾਂ ਜਾਗ ਈ ਲਾਇਐ-ਜੇ ਊਂ ਪੀਣ ਲੱਗੀਏ ਤਾਂ ਡਰੰਮ ਖਤਮ ਕਰਦੀਏ-ਊਠਾਂ ਨੂੰ ਗੁੜ੍ਹਤੀਆਂ ਨਾਲ ਕੀ ਬਣਦੈ?'' ਜੱਗਰ ਨੇ ਪੈੱਗ ਪੀ ਕੇ ਘੁੱਟ ਕੁ ਪਾਣੀ ਪੀਤਾ ਅਤੇ ਫਿਰ ਡੋਲ੍ਹ ਦਿੱਤਾ। ਉਸ ਕੁਰਲੀ ਕਰਦੇ ਦੀ ''ਕੂਰਬ-ਕੂਰਬ'' ਨ੍ਹੇਰੀ ਦੇ ਪਾਸੀਂ ਵੱਜਦੀ ਸੀ।

-''ਹਲਾ--!'' ਨ੍ਹੇਰੀ ਦੀਆਂ ਅੱਖਾਂ ਅੱਗੇ ਭੰਬੂਤਾਰੇ ਨੱਚੇ ਸਨ। ਬਹਾਰ 'ਚ ਆਈ ਕੁੱਤੀ ਵਾਂਗ ਉਹ ਆਪਣੇ ਆਪ ਨੂੰ ਕੁੱਤਿਆਂ ਵਿਚ ਘਿਰਿਆ ਮਹਿਸੂਸ ਕਰ ਰਿਹਾ ਸੀ।

ਫਿਰ ਪਤਾ ਨਹੀਂ ਕਦੋਂ ਉਹ ਸੌਂ ਗਏ।

-------------ਕਾਂਡ 8 -----------

ਸੁਬਾਹ ਦੇ ਪੰਜ ਵੱਜੇ।

ਚਿੜੀਆਂ ਨੇ ਚੂਕਣਾ ਸ਼ੁਰੂ ਕਰ ਦਿੱਤਾ ਸੀ।

ਗੁਰਦੁਆਰੇ ਦਾ ਗ੍ਰੰਥੀ ਗੁਰਬਾਣੀ ਵਿਚ ਮਘਨ ਸੀ।

ਸੰਸਾਰ ਹਰਕਤ ਵਿਚ ਆ ਗਿਆ ਸੀ।

ਜ਼ਿੰਦਗੀ ਦੀ ਜੱਦੋਜਹਿਦ ਫਿਰ ਤੁਰ ਪਈ ਸੀ।

ਬਜੁਰਗ ਨੇ ਉਹਨਾਂ ਨੂੰ ਜਗਾਇਆ।

ਸਾਰੇ ਉਠੇ। ਉਹਨਾਂ ਮੂੰਹ ਧੋਤਾ। ਚਾਹ ਆ ਗਈ। ਜਦ ਉਹ ਤੁਰਨ ਲਈ ਤਿਆਰ ਹੋਏ ਤਾਂ ਚੰਦ ਕੌਰ ਪਹਿਲਾਂ ਹੀ ਤਿਆਰ ਖੜ੍ਹੀ ਸੀ। ਉਸ ਨੇ ਜੈਂਪਰ ਦਾ ਸੂਟ ਅਤੇ ਸਿਰ 'ਤੇ ਪੱਟ ਦਾ ਕੱਢਿਆ ਬਾਗ ਲਿਆ ਹੋਇਆ ਸੀ। ਪੈਰਾਂ ਵਿਚ ਕੱਢਵੀਂ ਜੁੱਤੀ ਪਾ ਕੇ ਉਹ ਮੇਲਣ ਬਣੀ ਖੜ੍ਹੀ ਸੀ। ਜਿਵੇਂ ਉਹ ਆਪਣੀ ਕੁੜੀ ਦੇ ਮਰਨੇ 'ਤੇ ਨਹੀਂ, ਕਿਸੇ ਵਿਆਹ 'ਚ ਜਾ ਰਹੀ ਸੀ!

-''ਬੇਬੇ ਤੂੰ ਕੀ ਕਰਨੈਂ?'' ਖਿਝੇ ਜੰਟੇ ਨੇ ਪੁੱਛਿਆ।

-''ਰੜਕਾਂ ਤਾਂ ਮੈਂ ਈ ਕੱਢਣੀਐਂ-ਵੇ ਮੈਂ ਤਾਂ ਥੋਡੀ ਬਰੋਬਰ ਦੀ ਬਾਂਹ ਐਂ-ਜੇ ਜੱਟ ਨਾ ਮੂਤਣ ਲਾਤੇ ਤਾਂ ਆਖੀਂ--!'' ਬੁੜ੍ਹੀ ਆਪਣੀ ਹੈਂਕੜ ਦਰਸਾ ਰਹੀ ਸੀ। ਬਜੁਰਗ ਉਹਨਾਂ ਵੱਲ ''ਬਿੱਟ-ਬਿੱਟ'' ਦੇਖ ਰਿਹਾ ਸੀ। ਉਹ ਸਾਰਿਆਂ ਨੂੰ ''ਕਮਲਾ-ਟੱਬਰ'' ਆਖਦਾ ਹੁੰਦਾ ਸੀ। ਪਰ ਬਜੁਰਗ, ਚੱਕੀਰਾਹੇ ਨੂੰ ਮੇਲੇ ਵਿਚ ਕੌਣ ਪੁੱਛਦਾ ਸੀ? ਉਸ ਦੀ ''ਟੈਂ-ਟੈਂ'' ਘਰ ਦੀਆਂ ਦੀਵਾਰਾਂ ਵਿਚ ਵੱਜ ਕੇ ਹੀ ਚੁੱਪ ਹੋ ਜਾਂਦੀ ਸੀ। ਉਸ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਬੁੜ੍ਹੀਆਂ ਦਾ ਠਾਣੇਂ ਜਾਂ ਲੜਾਈਆਂ-ਭੜਾਈਆਂ ਵਿਚ ਕੀ ਕੰਮ? ਪਰ ਉਹ 'ਬਘਿਆੜ੍ਹੀ' ਚੰਦ ਕੌਰ ਦੇ ਮੂਹਰੇ ਬੋਲ ਕੇ ਆਪਣੀ ਦਾਹੜ੍ਹੀ ਨਹੀਂ ਪੁਟਵਾਉਣੀਂ ਚਾਹੁੰਦਾ ਸੀ। ਉਸ ਦੀ ਦਾਹੜ੍ਹੀ ਸੀ ਤਾਂ ਇੱਜ਼ਤ ਸੀ। ਉਹ ਆਪਣੀ ਦਾਹੜ੍ਹੀ ਸੁਰੱਖਿਅਤ ਰੱਖਣ 'ਚ ਹੀ ਨੇਕੀ ਸਮਝਦਾ ਸੀ। ਜਾਨ ਬਚੀ ਤਾਂ ਲਾਖੋਂ ਪਾਏ! ਸੋਚ ਕੇ ਬਜੁਰਗ ਕੌੜਾ ਘੁੱਟ ਭਰ ਕੇ ਚੁੱਪ ਕਰ ਜਾਂਦਾ। ਚੰਦ ਕੌਰ ਨੇ ਸਾਰੀ ਉਮਰ ਆਪਣੇ ਘਰਵਾਲਾ ਆਪਣੀ ਲੱਤ ਹੇਠ

ਰੱਖਿਆ ਸੀ, । ਚੰਮ ਦੀਆਂ ਹੀ ਚਲਾਈਆਂ ਸਨ। ਭਾਂਤ-ਭਾਂਤ ਦੇ ਬੰਦੇ 'ਹੰਢਾਏ' ਸਨ। ਕਿਸੇ ਲੰਡੇ-ਲਾਟ ਦੀ ਪ੍ਰਵਾਹ ਨਹੀਂ ਕੀਤੀ ਸੀ। ਪੱਟਾਂ 'ਤੇ ਥਾਪੀਆਂ ਮਾਰ ਕੇ ਯਾਰੀਆਂ ਪੁਗਾਈਆਂ ਸਨ। ਵੈਲੀ-ਬਦਮਾਸ਼ਾਂ ਨਾਲ ਟਿਊਬਵੈੱਲਾਂ ਦੀਆਂ ਕੋਠੀਆਂ ਵਿਚ ਰਾਤਾਂ ਕੱਟੀਆਂ ਸਨ।

-"ਅਸੀਂ ਹੈ ਤਾਂ ਹੈਗੇ ਤਾਈ!" ਜੱਗਰ ਬੋਲਿਆ।

-"ਤੁਸੀਂ ਤਾਂ ਪੁੱਤ ਅਜੇ ਨਿਆਣੇ ਐਂ-ਮੈਂ ਥੋਨੂੰ ਵੀਹ ਸਲਾਹਾਂ ਦਿਊਂ-!" ਚੰਦ ਕੌਰ ਬੋਲੀ। ਉਹ ਉਹਨਾਂ ਨੂੰ "ਕੱਛੇ-ਲਬੇੜ" ਹੀ ਸਮਝਦੀ ਸੀ।

-"ਕੁੜੀਆਂ ਕੋਲ ਕੌਣ ਰਹੂ ਬੇਬੇ-ਸਿਆਣੀ ਬੁੜ੍ਹੀ ਦੀ ਵੀ ਘਰੇ ਜਰੂਰਤ ਐ-ਇਹ ਤਾਂ ਰੋ-ਰੋ ਕੇ ਨਿੱਸਲ ਹੋ ਜਾਣਗੀਆਂ।"

-"ਵੇ ਜਸਮੇਲ ਕੁਰ ਹੈ ਤਾਂ ਹੈਗੀ-ਕੁਛ ਨੀ ਸੱਪ ਲੜਦਾ ਇਹਨਾਂ ਨੂੰ!" ਚੰਦ ਕੌਰ ਨੇ ਜੰਟੇ ਦੀ ਘਰਵਾਲੀ ਦਾ ਵੇਰਵਾ ਪਾਇਆ ਅਤੇ ਪਲਾਕੀ ਮਾਰ ਕੇ ਜੀਪ ਵਿਚ ਬੈਠ ਗਈ। ਜੱਗਰ ਹੋਰੀਂ ਵੀ ਜੀਪ ਵਿਚ ਫਿੱਟ ਹੋ ਗਏ। ਜੰਟਾ ਸਟੇਅਰਿੰਗ 'ਤੇ ਬੈਠ ਗਿਆ।

ਜੀਪ ਤੁਰ ਗਈ।

-"ਨੰਗ 'ਚ ਸੂਮ ਵੱਜਿਆ-ਵੇਖੋ ਕੀ ਭਦਰਕਾਰੀ ਕਰਦੇ ਐ?" ਤੁਰੀ ਜੀਪ ਤੋਂ ਬਾਅਦ ਬਜੁਰਗ ਨੇ ਬਰੜਾਹਟ ਕੀਤਾ। ਜੰਟੇ ਹੋਰਾਂ ਨਾਲ ਗਈ ਚੰਦ ਕੌਰ ਉਸ ਨੂੰ ਚੰਗੀ ਨਹੀਂ ਲੱਗੀ ਸੀ।

-"ਬੁੜ੍ਹੀਆਂ ਦੀ ਤਾਂ ਗੁੱਤ ਪਿੱਛੇ ਮੱਤ ਹੁੰਦੀ ਐ-ਇਹਨਾਂ ਨੇ ਗੱਲ ਘਟਾਉਣੀ ਨਹੀਂ-ਵਧਾਉਣੀ ਹੁੰਦੀ ਐ-ਪਿੱਛੋਂ ਕਹਿਣਗੀਆਂ: ਅਈ ਲੈ ਭੈਣੇ ਮੈਨੂੰ ਕੀ ਪਤਾ ਸੀ? ਇਹ ਤਾਂ ਲਾਚੜੀਆਂ ਵੀਆਂ ਢਿੱਡ ਕਰਵਾ ਲੈਂਦੀਐਂ! ਇਹਨਾਂ ਨੇ ਤਾਂ ਘੈਂਟ ਮਿਰਜ਼ਾ ਮਰਵਾਤਾ ਸੀ-ਨਾਲੇ ਸਾਡੇ ਆਲੀ ਚੰਦ ਕੁਰ? ਇਹ ਤਾਂ ਭਾਈ ਸਮੁੰਦਰ ਨੂੰ ਅੱਗ ਲਾਦੇ।" ਬਜੁਰਗ ਇਕੱਲਾ ਹੀ 'ਬੁੜ-ਬੁੜ' ਕਰੀ ਜਾ ਰਿਹਾ ਸੀ। ਉਸ ਦੇ ਸਰੀਰ ਵਿਚ ਲੂਹਰੀਆਂ ਉਠੀ ਜਾ ਰਹੀਆਂ ਸਨ। ਉਹ ਮੰਜੇ ਨੂੰ ਹੀ 'ਅਖਾੜਾ' ਬਣਾਈ ਬੈਠਾ ਸੀ।

ਧੂੜਾਂ ਪੱਟਦੀ ਜੀਪ ਸ਼ਿੰਦੇ ਦੇ ਘਰ ਅੱਗੇ ਤਣ ਗਈ।

ਘਰ ਵਿਚ ਰੋਣ ਪਿੱਟਣ ਪਿਆ ਹੋਇਆ ਸੀ।

ਇੱਕ ਪਾਸੇ ਬਜੁਰਗ ਬੈਠੇ ਸਨ। ਹਰ ਕੋਈ ਉਦਾਹਰਣਾਂ ਦੇ ਕੇ ਇੱਕ-ਦੂਜੇ ਨਾਲ ਦੁੱਖ ਸਾਂਝਾ ਕਰ ਰਿਹਾ ਸੀ। ਸਭ ਇੱਕ ਦੂਜੇ ਦੇ ਹਮਦਰਦ ਬਣੇ ਬੈਠੇ ਸਨ।

ਗੁਰਜੰਟ ਹੁਰੀਂ ਜੀਪ ਵਿਚੋਂ ਉਤਰੇ।

-"ਨੀ ਤੂੰ ਨਾ ਟਲੀ? ਨਾ ਟਲੀ ਬਹੇਲੇ? ਕਰਾਤੇ ਕਾਰੇ?" ਮੂੰਹੋਂ ਅੱਗ ਉਗਲਦੀ ਚੰਦ ਕੌਰ ਹਰ ਕੌਰ ਨੂੰ ਬਘਿਆੜੀ ਵਾਂਗ ਪਈ।

ਹਰ ਕੌਰ ਨੂੰ ਇੱਕ ਝਟਕਾ ਲੱਗਿਆ। ਉਹ ਸੁੰਨ ਜਿਹੀ ਹੋ ਗਈ। ਸਰੀਰ ਵਿਚ ਕੋਈ ਲਹਿਰ ਤੁਰੀ ਅਤੇ ਉਹ ਠੰਢੀ-ਸੀਤ ਹੋ ਗਈ।

-"ਕਾਹਤੋਂ ਕੁੜਮਣੀਏਂ ਲੋਕਾਂ ਨੂੰ ਤਮਾਸ਼ਾ ਦਿਖਾਉਨੀਂ ਐ, ਹਾਏ--!" ਹਰ ਕੌਰ ਦੇ ਦੁੱਖ ਦਾ ਕੋਈ ਅੰਤ ਨਹੀਂ ਸੀ, ਉਸ ਨੇ ਤਰਲਾ ਕੀਤਾ। ਉਸ ਦੇ ਸਾਰੇ ਸਰੀਰ ਵਿਚ ਚਸਕਾਂ ਵੱਜ ਰਹੀਆਂ ਸਨ।

-"ਨੀ ਮੈਂ ਤੇਰੀ ਕੁੜਮਣੀਂ ਕਾਹਦੀ ਰਹਿਗੀ ਨੀ ਫਫੇਕੁੱਟਣੀਏਂ--? ਜੀਹਦੇ ਨਾਲ ਸੀਗੀ ਉਹ ਤੁਸੀਂ ਮਾਰਤੀ-!"

-"ਹਾਏ ਵੇ ਰੱਬਾ--! ਅਸੀਂ ਕਾਹਨੂੰ ਮਾਰੀ ਐ ਨੀ? ਸਾਰੇ ਜੱਗ ਨੂੰ ਪਤੈ-।" ਹਰ ਕੌਰ ਦੇ ਉਖੜੇ ਉਖੜੇ ਸਾਹ ਉਸ ਦੀ ਛਾਤੀ ਵਿਚ ਖੜਕ ਰਹੇ ਸਨ।

-"ਬੱਸ ਕੁੜ੍ਹੇ! ਕਿਉਂ ਬਾਧੂ ਰੌਲਾ ਪਾਇਐ ਭਾਈ? ਤਮਾਸ਼ਾ ਨਾ ਬਣਾਓ!" ਕਿਸੇ ਬੀਬੀ ਦਾਹੜ੍ਹੀ ਵਾਲੇ ਨੇ ਕਿਹਾ।

-"ਬੱਸ ਕਿਮੇਂ ਕਰਜੀਏ ਬਾਬਾ? ਇਹਨਾਂ ਨੇ ਸਾਡੀ ਪਾਲੀ-ਪੋਸੀ ਵੀ ਮਿਲਟ 'ਚ ਮਾਰਤੀ-ਹੈਂ? ਮੇਰਾ ਮੱਚਿਆ ਪਿਐ ਕਾਲਜਾ-ਮੈਂ ਚੁੱਪ ਕਿਮੇਂ ਕਰਜਾਂ?"

-"ਭਾਈ ਲਟਕੀ ਆਪ ਕੁਛ ਖਾ ਮਰੀ ਐ-ਆਪ ਈ ਲਟਕੀਆਂ ਮਾਰੀਐਂ।" ਬਾਬੇ ਨੇ ਸੱਚਾਈ ਕੌੜੇ ਅੱਕ ਵਾਂਗ ਸਾਹਮਣੇ ਰੱਖੀ।

-"ਤੇਰੀਆਂ ਕਿੱਥੇ ਭਾਉਂਦੀਐਂ ਬਾਬਾ? ਪਰਸੋਂ ਮੇਰੀ ਕੁੜੀ ਨੇ ਮੈਨੂੰ ਟੇਲੀਫੋਨ ਕੀਤੈ-ਸਾਡੀ ਗੁਆਂਢਣ ਮੇਰੀ ਗਵਾਹ ਐ-ਜਿੰਨ੍ਹਾਂ ਦੇ ਘਰੇ ਟੇਲੀਫੋਨ ਲੱਗਿਐ-ਮੈਨੂੰ ਮੇਰੀ ਧੀ ਨੇ ਬਥੇਰੇ ਵਾਸਤੇ ਪਾਏ ਬਈ ਬੇਬੇ ਮੈਨੂੰ ਬਚਾ ਲਓ-ਮੇਰੀ ਜਾਨ ਨੂੰ ਖਤਰੈ-ਮਾਰ ਦੇਣਗੇ ਟੁੱਟ ਪੈਣੇ ਮੈਨੂੰ-ਮੈਂ ਤਾਂ ਟੇਲੀਫੋਨ 'ਤੇ ਬਥੇਰੇ ਦਿਲਾਸੇ ਦਿੱਤੇ-ਪਰ ਮੈਨੂੰ ਕੀ ਪਤਾ ਸੀ ਬਈ ਸੱਚੀਂ ਇਹਨਾਂ ਦੇ ਢਿੱਡਾਂ 'ਚ ਖੋਟ ਐ-?" ਚੰਦ ਕੌਰ ਚਬਰ-ਚਬਰ ਬੋਲ ਰਹੀ ਸੀ। ਉਸ ਦੇ ਮੂੰਹ ਵਿਚੋਂ ਥੁੱਕ ਦੇ ਫ਼ਰਕਾਟੇ ਵੱਜ ਰਹੇ ਸਨ।

-"ਜਾਹ ਨੀ ਚੰਦ ਕੁਰੇ-ਜਾਹ ਜਾਂਦੀ ਰਹਿ ਮਿੰਨਤ ਨਾਲ! ਹਾੜ੍ਹੇ ਮੇਰੀ ਭੈਣ ਬਣਕੇ-ਰੱਬ ਦੇ ਵਾਸਤੇ!" ਹਰ ਕੌਰ ਨੇ ਦੋਨੋਂ ਹੱਥ ਦੱਬ ਕੇ ਜੋੜੇ। ਵਾਸਤਾ ਪਾਇਆ।

-"ਚਲੀ ਤਾਂ ਜਾਨੀ ਐਂ-ਪਰ ਇਹਦੇ ਨਤੀਜੇ ਦੇਖੀਂ ਕੀ ਨਿਕਲਦੇ ਐ, ਮੇਰੇ ਪਿਉ ਦੀਏ ਰੰਨੇ! ਜੇ ਨਾ ਤੇਰੇ ਸਾਰੇ ਸੂਲੀ ਚਾੜ੍ਹੇ ਤਾਂ ਮੈਨੂੰ ਧਾਲੀਆਲਾਂ ਦੀ ਕੌਣ ਆਖੂ? ਤੂੰ ਦੇਖੀਂ! ਤੇਰੇ ਨਾ ਨਰੜਾ ਨਰੜਾ ਕੇ ਮਰਵਾਏ, ਹਾਂ--!" ਚੰਦ ਕੌਰ ਨੇ ਹਿੱਕ ਵਿਚ ਧੱਫ਼ੇ ਮਾਰੇ।

ਪੈਰਾਂ ਹੇਠੋਂ ਮਿੱਟੀ ਕੱਢਦੀ ਉਹ ਜੀਪ ਵਿਚ ਜਾ ਬੈਠੀ।

ਜੀਪ ਤੁਰੀ ਨਹੀਂ, ਸਗੋਂ ਉੱਡ ਗਈ।

ਗਰਦ ਦਾ ਬੱਦਲ ਸੱਥਰ 'ਤੇ ਬੈਠਿਆਂ ਦੇ ਮੂੰਹ ਭਰ ਗਿਆ ਸੀ।

ਸਾਰਿਆਂ ਦੇ ਮੂੰਹ ਲਟਕ ਗਏ ਸਨ। ਉਹ ਨਵੀਂ ਪੈਣ ਵਾਲੀ ਮੁਸੀਬਤ ਦੀ ਉਡੀਕ ਕਰਨ ਲੱਗ ਪਏ। ਦਿਲ ਕਰੜੇ ਕਰਨ ਲੱਗ ਪਏ।

ਜੀਪ ਠਾਣੇ ਪਹੁੰਚ ਗਈ।

ਸੰਤਰੀ ਨੇ ਬੁੱਕਣ ਨੂੰ ਝੱਟ ਪਹਿਚਾਣ ਲਿਆ।

–"ਨਮਸਤੇ ਜੀ–!" ਕਿਸੇ ਜਵਾਬ ਤਲਬੀ ਤੋਂ ਪਹਿਲਾਂ ਹੀ ਬੁੱਕਣ ਨੇ ਆਖ ਦਿੱਤਾ। "ਸਾਸਰੀਕਾਲ" ਆਖ ਕੇ ਉਹ ਮਾਮਲਾ ਉਲਝਾਉਣਾ ਨਹੀਂ ਚਾਹੁੰਦਾ ਸੀ।

–"ਅਜੇ ਲੱਗੀ ਨ੍ਹੀ ਘਾਣੀ ਸਿਰੇ?" ਸੰਤਰੀ ਨੇ ਪੁੱਛਿਆ।

–"ਬੱਸ ਅੱਜ ਲੱਗਜੂ! ਅੱਜ ਤਾਣਾ ਪੇਟਾ ਨੈਹਬ ਕੇ ਲਿਆਏ ਐਂ।" ਬੁੱਕਣ ਨੇ ਬੜੇ ਮਾਣ ਨਾਲ ਦੱਸਿਆ ਸੀ।

–"ਸਾਡਾ ਖਿਆਲ ਰੱਖੀਂ!" ਸੰਤਰੀ ਨੇ ਕੰਨ ਕੀਤੇ।

–"ਤੁਸੀਂ ਵਹਿਮ ਨਾ ਕਰੋ।" ਬੁੱਕਣ ਨੇ ਪੰਜਾ ਹਵਾ ਲਹਿਰਾ ਕੇ ਸੰਤਰੀ ਨੂੰ ਤਸੱਲੀ ਮਹਿਸੂਸ ਕਰਵਾਈ।

ਸੰਤਰੀ ਸ਼ਾਂਤ ਹੋ ਗਿਆ।

ਉਹ ਅੰਦਰ ਚਲੇ ਗਏ।

ਨ੍ਹੇਰੀ ਸਾਰਿਆਂ ਨੂੰ ਵਰਾਂਡੇ ਵਿਚ ਬਿਠਾ ਕੇ ਅੰਦਰ ਮੁਣਸ਼ੀ ਕੋਲ ਚਲਾ ਗਿਆ। ਮੁਣਸ਼ੀ ਸਵੇਰੇ ਸਵੇਰੇ ਲਕਸ਼ਮੀ ਮਾਤਾ ਅਤੇ ਗਣੇਸ਼ ਦੇਵਤਾ ਦੀ ਫ਼ੋਟੋ ਨੂੰ ਧੂਫ਼ ਦੇ ਰਿਹਾ ਸੀ। ਗਣੇਸ਼ ਦੇਵਤਾ ਦੇ ਚਰਨਾਂ ਵਿਚ "ਸ਼ੁਭ ਲਾਭ" ਲਿਖਿਆ ਹੋਇਆ ਸੀ। ਧੂਫ਼ ਸੱਪ ਵਾਂਗ ਵਲ ਖਾਂਦੀ ਉਪਰ ਉਠ ਰਹੀ ਸੀ।

–"ਲਕਸ਼ਮੀ ਮਾਤਾ ਖੁੱਲ੍ਹੀ ਡੁੱਲ੍ਹੀ ਆਈਂ–ਮਨ ਮਨੋਰਥ ਪੂਰੇ ਕਰੀਂ––।" ਮੁਣਸ਼ੀ ਨਾਲ ਦੀ ਨਾਲ ਬੇਨਤੀ ਕਰ ਰਿਹਾ ਸੀ।

-''ਮਨ ਮਨੋਰਥ ਤਾਂ ਹੁਣ ਪੂਰੇ ਹੋਗੇ ਮਹਾਰਾਜ-ਤੇ ਲੱਛਮੀ ਮਾਤਾ ਵੀ ਖੁੱਲ੍ਹੀ ਡੁੱਲ੍ਹੀ ਆਗੀ।'' ਪਿੱਛੋਂ ਬੁੱਕਣ ਬੋਲਿਆ।

ਮੁਣਸ਼ੀ ਨੇ ਮੱਥਾ ਟੇਕ ਕੇ ਧੂਫ਼ ਦੀ ਟੰਗ ਅਲਮਾਰੀ ਦੀ ਝੀਥ ਵਿਚ ਫ਼ਸਾ ਦਿੱਤੀ। ਉਸ ਨੇ ਹੱਥ ਜਿਹੇ ਮਲੇ ਅਤੇ ਆ ਕੇ ਕੁਰਸੀ 'ਤੇ ਜਚ ਗਿਆ। ਉਸ ਦੇ ਹੱਥਾਂ ਵਿਚੋਂ ਧੂਫ਼ ਦੀ ਮਹਿਕ ਆ ਰਹੀ ਸੀ।

-''ਆ ਬਈ ਨ੍ਹੇਰੀ-- ?'' ਮੁਣਸ਼ੀ ਨੇ ਕਿਹਾ। ਕਈ ਵਾਰ ਚੱਕਰ ਮਾਰ ਜਾਣ ਕਰਕੇ, ਮੁਣਸ਼ੀ ਨ੍ਹੇਰੀ ਨੂੰ ਵਾਹਵਾ ਜਾਨਣ ਲੱਗ ਪਿਆ ਸੀ। ਸੀਟੀ ਰਲਣ ਲੱਗ ਪਈ ਸੀ।

-''ਮਹਾਰਾਜ ਇੱਕ ਲਬੜਕੱਟਾ ਲੈ ਕੇ ਆਇਐਂ-ਮੁੰਨ ਲਓ ਜਿੰਨਾਂ ਮੁੰਨਿਆਂ ਜਾਂਦੈ।'' ਨ੍ਹੇਰੀ ਨੇ ਬਾਛਾਂ ਖਿਲਾਰ ਲਈਆਂ। ਉਹ ਕੁਰਸੀ 'ਤੇ ਮੁਣਸ਼ੀ ਦੇ ਸਾਹਮਣੇ ਸੂਤ ਹੋ ਕੇ ਬੈਠ ਗਿਆ।

-''ਕੀ ਮਤਲਬ-- ?'' ਮੁਣਸ਼ੀ ਨੇ ਬੁੱਲ੍ਹਾਂ 'ਤੇ ਜੀਭ ਮਾਰੀ। ਸੱਪ ਵਰਗੀ ਜੀਭ ਫ਼ੁਰਤੀ ਨਾਲ ਮੂੰਹ ਅੰਦਰ ਚਲੀ ਗਈ। ਫਿਰ ਉਸ ਨੇ ਦਾਹੜ੍ਹੀ ਦੀ ਗੁੱਟੀ ਵਿਚ ਉਂਗਲ ਫ਼ਸਾ ਲਈ।

-''ਮਤਬਲ ਮਹਾਰਾਜ ਸਿੱਧਾ ਈ ਐ-ਜਿਹੜਾ ਔਹ ਬਾਹਰ ਪੋਪਲ ਜਿਆ ਜੱਟ ਬੈਠੈ ਨ੍ਹਾ? ਇਹ ਕੁੜੀ ਦਾ ਭਰਾ ਐ ਤੇ ਔਹ ਮਿੱਡਲ ਜੀ ਕੁੜੀ ਦੀ ਮਾਂ ਐਂ-ਕੁੜੀ ਦਾ ਖ਼ਸਮ ਰੁਪਈਆਂ ਦਾ ਝੋਲਾ ਭਰੀ ਫਿਰਦੈ-ਖਿੱਚ ਲਓ ਜਿੰਨੇ ਖਿੱਚੇ ਜਾਂਦੇ ਐ-ਜੱਟ ਦਾ ਮਹਾਰਾਜ ਕੀ ਹੁੰਦੈ? ਜੱਟ ਤਾਂ ਪੇਂਦੂ ਬੇਰੀ ਐ-ਜਿੰਨੇ ਲਿਵਤਰੇ ਮਾਰੋਂਗੇ-ਓਨਾਂ ਈ ਝੜੂ--!'' ਨ੍ਹੇਰੀ ਸਕੀਮਾਂ ਦੱਸ ਰਿਹਾ ਸੀ।

-''ਚੰਗਾ ਬੁਲਾ ਉਹਨਾਂ ਨੂੰ!'' ਮੁਣਸ਼ੀ ਦਾ ਮਨ ਖਿੜ ਉਠਿਆ।

-''ਮਹਾਰਾਜ! ਬੁਲਾ ਤਾਂ ਮੈਂ ਉਹਨਾਂ ਨੂੰ ਲੈਨੈਂ-ਪਰ ਮੇਰਾ ਹਿੱਸਾ ਨਾ ਭੁੱਲਿਓ! ਮੈਂ ਕਿਤੇ ਬਾਧੂ ਦਾ ਚੌਂਕੀਦਾਰਾ ਨ੍ਹੀ ਕਰੀ ਜਾਂਦਾ-ਅਸਾਮੀ ਹੱਕ ਕੇ ਥੋਡੇ ਕੋਲੇ ਲੈ ਕੇ ਆਇਐਂ-ਦੇਖਿਓ ਕਿਤੇ-!'' ਨ੍ਹੇਰੀ ਆਪਣਾ ਹਿੱਸਾ ਪਹਿਲਾਂ ਕਢਵਾਉਣਾ ਚਾਹੁੰਦਾ ਸੀ। ਉਹ ਸੋਚ ਰਿਹਾ ਸੀ ਕਿ ਅੱਗ ਲੱਗੀ ਤੋਂ ਡੱਬੂ ਨੂੰ ਕਿਸ ਨੇ ਪੁੱਛਣਾ ਸੀ?

-''ਤੇਰਾ ਮੇਰਾ ਕੁਛ ਵੰਡਿਐ-- ?'' ਮੁਣਸ਼ੀ ਨੇ ਪੁਲਸੀਆ ਚਲਿੱਤਰ ਸੁੱਟਿਆ। ਨ੍ਹੇਰੀ ਨੂੰ ਜਿਵੇਂ ਤਸੱਲੀਬਖਸ਼ ਉਤਰ ਮਿਲ ਗਿਆ ਸੀ।

ਉਹ ਬਾਹਰ ਚਲਾ ਗਿਆ।

-''ਭਾਲਦੈ ਝੋਟੇ ਆਲਿਆਂ ਦੇ ਘਰੋਂ ਲੱਸੀ-ਜੇ ਨਾ ਤੇਰੀ---'ਚ ਡੰਡਾ ਦੇ ਕੇ ਗਰੜਪੌਂਕ ਬਣਾਇਆ ਤਾਂ ਸਾਨੂੰ ਪੁਲਸ ਆਲੇ ਕੌਣ ਕਹੂ ਪੁੱਤ? ਕਰ ਲੈ ਜਿਹੜੇ ਅਸ਼ਨੇ ਪਸ਼ਨੇ ਕਰਨੇ ਐਂ-ਚਾਰ ਦਿਨ ਤਾਂ ਸਿਆਣੇ ਕਹਿੰਦੇ ਐ ਗਧੀ ਦੇ ਬੱਚੇ 'ਤੇ ਵੀ ਆਉਂਦੇ ਐ-ਉਹ ਵੀ ਪੂਛ ਮਰੋੜ ਕੇ ਭੱਜਦੈ-ਪਤਾ ਤਾਂ

ਉਦੋਂ ਲੱਗਦੈ-ਜਦੋਂ ਦਸ ਮਣ ਭਾਰ ਦਾ ਲੱਦਾ ਲੱਦਦੇ ਐ।" ਜਾਂਦੇ ਨ੍ਹੇਰੀ ਵੱਲ ਦੇਖ ਕੇ ਮੁਣਸ਼ੀ ਦਿਲ ਵਿਚ ਹੀ ਸੋਚ ਰਿਹਾ ਸੀ।

-"ਸਾਸਰੀਕਾਲ ਜੀ--!" ਸਾਰੇ ਹਾਜ਼ਰ ਸਨ।

-"ਸਾਸਰੀਕਾਲ-ਬੈਠੋ--!" ਮੁਣਸ਼ੀ ਨੇ ਕੰਮ ਵਿਚ ਰੁੱਝੇ ਹੋਣ ਦਾ ਬਹਾਨਾ ਜਿਹਾ ਕੀਤਾ। ਫਿਰ ਉਸ ਨੇ ਪਾਗਲਾਂ ਵਾਂਗ ਬੋਲਣਾ ਸ਼ੁਰੂ ਕਰ ਦਿੱਤਾ।

-"ਸਾਨੂੰ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ-ਅੱਤਵਾਦੀਆਂ ਨੇ ਤਾਂ ਸਾਡਾ ਬੁਰਾ ਹਾਲ ਕੀਤਾ ਪਿਐ-ਸਮੇਂ ਸਿਰ ਪੀਣ ਨੂੰ ਪਾਣੀ ਨ੍ਹੀ ਮਿਲਦਾ-ਟੈਮ ਸਿਰ ਰੋਟੀ ਨ੍ਹੀ ਮਿਲਦੀ-ਕਿਤੇ ਠਾਣੇਦਾਰ ਮਾਰਤਾ-ਕਿਤੇ ਕੋਈ ਇੰਸਪੈਕਟਰ ਠੋਕਤਾ-ਕਿਤੇ ਕੋਈ ਕਰਾੜ ਰਗੜਤਾ-ਕਿਤੇ ਭਈਏ ਮਾਰਤੇ-ਬਈ ਦੱਸੋ ਸਹੁਰਿਓ! ਗਰੀਬਾਂ ਨੂੰ ਮਾਰ ਕੇ ਕਦੋਂ ਰਾਜ ਮਿਲਦੇ ਹੁੰਦੇ ਐ? ਮੈਨੂੰ ਹਾਲ ਤੱਕ ਇਹ ਸਮਝ ਨ੍ਹੀ ਆਈ ਬਈ ਇਹ ਪਤੰਦਰ ਚਾਹੁੰਦੇ ਕੀ ਐ? ਕੋਈ ਕਹਿੰਦੈ ਵੋਟਾਂ ਦਾ ਬਾਈਕਾਟ ਕਰੋ-ਕੋਈ ਕਹਿੰਦੈ ਵੋਟਾਂ 'ਚ ਹਿੱਸਾ ਲਓ-ਕਦੇ ਕਹਿੰਦੇ ਐ ਜਨ ਗਨ ਮਨ ਨਾ ਗਾਓ-ਇਹ ਜਨ ਗਨ ਮਨ ਤਾਂ ਸਕੂਲਾਂ ਆਲੀ ਰਹੀ ਤੇ ਇਹਨਾਂ ਦੀ ਜਨ ਗਨ ਮਨ ਦੀ ਗੱਲ ਮੈਥੋਂ ਸੁਣ ਲਓ! ਨੰਬਰ ਇੱਕ, ਜੰਨ! ਬਈ ਗਿਆਰਾਂ ਬੰਦੇ ਜੰਨ ਦੇ ਜਾਣ ਤੇ ਦਾਰੂ ਮੀਟ ਨਾ ਵਰਤਣ-ਨੰਬਰ ਦੋ, ਗੰਨ! ਗੰਨ ਹੋਈ ਬੰਦੂਕ-ਜੀਹਦੇ ਨਾਲ ਡਰਾਉਂਦੇ ਐ-ਨੰਬਰ ਤਿੰਨ, ਮੰਨ! ਬਈ ਸਾਡੀ ਮੰਨੋ! ਜੇ ਨਾ ਮੰਨੋਗੇ ਤਾਂ ਬੱਖਲ 'ਚ ਗੋਲੀ ਆਊ--!" ਕਹਿੰਦਾ ਮੁਣਸ਼ੀ ਉਚੀ ਸਾਰੀ ਹੱਸਿਆ। ਧਾਰੀਦਾਰ ਅੱਖਾਂ ਹਾਸੇ 'ਚ ਲੁਕ ਗਈਆਂ। ਉਹ ਹੱਸਦਾ-ਹੱਸਦਾ ਨਾਲ ਬੈਠੇ ਬੰਦੇ ਦੇ ਐਂਵੇਂ ਹੀ ਚਾਰ-ਪੰਜ ਮੁੱਕੀਆਂ ਮਾਰ ਜਾਂਦਾ ਸੀ, ਇਹ ਉਸ ਦੀ ਬੁਰੀ ਆਦਤ ਸੀ। ਐਤਕੀਂ ਇਸ ਆਦਤ ਦਾ ਸ਼ਿਕਾਰ ਨ੍ਹੇਰੀ ਹੀ ਹੋਇਆ। 'ਕੁਝ ਮਿਲਣ' ਦੀ ਤਾਕ ਵਿਚ ਮੁਣਸ਼ੀ ਉਹਨਾਂ ਨਾਲ ਬੜੇ ਰੁਕ ਵਿਚ ਬੋਲ ਰਿਹਾ ਸੀ!

ਬਾਕੀ ਸਭ ਸੁਣ ਰਹੇ ਸਨ।

-"ਲੈ ਇੱਕ ਹੋਰ ਗੱਲ ਮੇਰੇ ਚੇਤੇ ਆਗੀ-ਉਹ ਵੀ ਸੁਣ ਲਓ! ਨਹੀਂ ਤਾਂ ਮੇਰਾ ਢਿੱਡ ਸਾਰੀ ਦਿਹਾੜੀ ਆਫ਼ਰਿਆ ਰਹੂ-ਸਾਡੇ ਪਿੰਡ ਆਲੇ ਸਕੂਲ 'ਚ ਆ ਗਏ ਪਤੰਦਰ-ਹੈੱਡਮਾਸਟਰ ਨੂੰ ਕਹਿੰਦੇ ਮਾਸਟਰ ਜੀ ਬੱਚਿਆਂ ਨੂੰ ਖੱਟੀਆਂ ਤੇ ਨੀਲੀਆਂ ਵਰਦੀਆਂ ਲੁਆਓ! ਹੈੱਡਮਾਸਟਰ ਵਿਚਾਰਾ ਸਿਆਣਾ ਸੀ-ਕਹਿੰਦਾ, ਬਾਬਿਓ! ਤੁਸੀਂ ਤਾਂ ਨਿੱਤ ਵਰਦੀਆਂ ਕਹੀ ਜਾਨੇਂ ਓਂ-ਚੱਲਦੇ ਘਰਾਂ ਦਾ ਤਾਂ ਚਲੋ ਸਰਦੈ-ਪਰ ਵਿਚਾਰੇ ਗਰੀਬ ਨਿੱਤ ਪੈਸੇ ਕਿੱਥੋਂ ਲਿਆਉਣ? ਤੇ ਭਾਈ ਅੱਤਵਾਦੀਆਂ ਨੇ ਸੱਤ ਹਜ਼ਾਰ ਰੁਪਈਆ ਹੈਡਮਾਸਟਰ ਦੇ ਮੂਹਰੇ ਸਿੱਟਤਾ-ਕਹਿੰਦੇ ਆਹ ਲੈ ਤੇਰੀ ਜ਼ਿੰਮੇਵਾਰੀ ਐ-ਅਗਲੇ ਹਫ਼ਤੇ ਸਾਰਿਆਂ ਦੇ ਨੀਲੀਆਂ ਖੱਟੀਆਂ ਵਰਦੀਆਂ ਪਾਈਆਂ ਹੋਣ-ਅਸੀਂ ਫੇਰ ਆਵਾਂਗੇ! ਤੇ ਭਾਈ ਪੈਸੇ ਦੇ ਕੇ ਚਲੇ ਗਏ-ਤੇ ਰੱਬ ਥੋਡਾ ਭਲਾ ਕਰੇ-ਫੇਰ ਦਸਾਂ ਕੁ ਦਿਨਾਂ ਬਾਅਦ ਆਗੇ-ਅੱਧਿਆਂ ਕੁ ਜੁਆਕਾਂ ਦੇ ਖੱਟੀਆਂ ਨੀਲੀਆਂ ਵਰਦੀਆਂ ਪਾਈਆਂ ਹੋਈਆਂ ਤੇ ਅੱਧੇ ਕੁ ਖਾਖੀ ਪਾਈ ਫਿਰਨ-ਉਹਨਾਂ ਨੇ ਫੇਰ

ਹੈੱਡਮਾਸਟਰ ਤੋਂ ਜਵਾਬ ਮੰਗਿਆ-ਤੇ ਹੈੱਡਮਾਸਟਰ ਨੇ ਹੱਥ ਜੋੜ ਕੇ ਕਿਹਾ-ਬਾਬਿਓ! ਕੱਪੜਾ ਤਾਂ ਅਸੀਂ ਅਗਲੇ ਦਿਨ ਈ ਲੈ ਆਏ ਸੀ-ਮੇਚ ਵੀ ਦੇ ਆਏ ਸੀ-ਪਰ ਕੀ ਕਰੀਏ? ਦਰਜੀ ਹੀ ਨਹੀਂ ਸਿਉਂ ਕੇ ਦਿੰਦਾ! ਤੇ ਭਾਈ ਪੁੱਛ ਪਛਾ ਕੇ ਦਰਜੀ ਦੇ ਘਰੇ ਜਾ ਵੜੇ-ਦਰਜੀ ਨੂੰ ਢਾਹ ਲਿਆ-ਚੰਗਾ ਮਾਂਜਾ ਫੇਰਿਆ-ਉਹਦੀ ਮਸ਼ੀਨ ਜੀ ਕਿਧਰੇ ਰੁੜ੍ਹਦੀ ਫਿਰੇ-ਮਸ਼ੀਨ ਸਕੂਲ ਈ ਚੱਕ ਲਿਆਏ ਤੇ ਨਾਲ ਈ ਦਰਜੀ-ਕੁੱਟ ਕੁੱਟ ਕੇ ਦਰਜੀ ਦੀ ਤਾਂ ਬੁਲਾਤੀ ਉਹਨਾਂ ਨੇ ਬੰਬ! ਕਹਿੰਦੇ ਜਿੰਨਾਂ ਚਿਰ ਵਰਦੀਆਂ ਨਹੀਂ ਸਿਉਂਤੀਆਂ ਜਾਂਦੀਆਂ ਘਰੇ ਨ੍ਹੀ ਜਾਣਾ-ਨਹੀਂ ਤੇਰਾ ਟੱਟੂ ਪਾਰ ਐ-ਤੇ ਭਾਈ ਭੁੱਖਣਭਾਣੇ ਦਰਜੀ ਨੇ ਸਾਰਾ ਦਿਨ ਤੇ ਸਾਰੀ ਰਾਤ ਲਾ ਕੇ ਵਰਦੀਆਂ ਸਿਉਂਤੀਆਂ-ਤਾਂ ਜਾ ਕੇ ਖਹਿੜਾ ਛੁੱਟਿਆ-ਫੇਰ ਭਾਈ ਦਰਜੀ ਬਿਮਾਰ ਹੋ ਗਿਆ-ਅੰਦਰ ਡਰ ਪੈ ਗਿਆ-ਬੁਖਾਰ, ਕਿਧਰੇ ਉਲਟੀਆਂ, ਜਲਾਬ ਲੱਗਗੇ-ਬਿਮਾਰੀ ਨੇ ਤਾਂ ਭਾਈ ਦਰਜੀ ਪਿੰਜਤਾ-ਹੁਣ ਮਸਾਂ ਕਿਤੇ ਜਾ ਕੇ ਰਾਜੀ ਹੋਇਐ-ਆਹ ਗੱਲਾਂ ਤੇ ਆਹ ਬਾਤੈਂ ਇਹਨਾਂ ਦੀਆਂ-।"

-"ਤੇ ਪੁਲਸ ਨੇ ਕੁਛ ਨ੍ਹੀ ਕੀਤਾ ਫੇਰ?" ਜੱਗਰ ਦੀਆਂ ਅੱਖਾਂ ਤਾੜੇ ਲੱਗੀਆਂ ਪਈਆਂ ਸਨ।

-"ਪੁਲਸ ਨੂੰ ਕਿਹੜਾ ਕੁੱਤੇ ਲੋਕ ਦੱਸਦੇ ਐ ਟੈਮ 'ਤੇ? ਪਿੱਛੋਂ ਕਹਾਣੇ ਸੁਣਾਉਣ ਲੱਗ ਪੈਣਗੇ-ਨਾਲੇ ਭਾਈ ਆਬਦੀਆਂ ਜਾਨਾਂ ਤਾਂ ਉਹ ਤਲੀ 'ਤੇ ਰੱਖੀ ਫਿਰਦੇ ਐ-ਅਸੀਂ ਤਾਂ ਕਬੀਲਦਾਰ ਬਾਲ ਬੱਚੜਦਾਰ ਐਂ-ਉਹਨਾਂ ਨੇ ਤਾਂ ਧੀ ਤੋਰਨੀ ਨ੍ਹੀ-ਨੂੰਹ ਲਿਆਉਣੀ ਨ੍ਹੀ-ਸਾਨੂੰ ਤਾਂ ਵੀਹ ਫ਼ਿਕਰ ਵੱਢ ਵੱਢ ਖਾਂਦੇ ਐ-ਜੇ ਆਪ ਈ ਮਰਗੇ-ਜੁਆਕਾਂ ਨੂੰ ਕੌਣ ਪਾਲੂ? ਉਹ ਤਾਂ ਰੁਲ ਕੇ ਮਰ ਜਾਣਗੇ।" ਮੁਣਸ਼ੀ ਮਸਾਂ ਹੀ ਕਿੱਲੇ 'ਤੇ ਵਾਪਿਸ ਆ ਕੇ ਖੜ੍ਹਾ ਸੀ।

ਇੱਕ ਸਿਪਾਹੀ, ਇੱਕ ਬਜ਼ੁਰਗ ਹਵਾਲਾਤੀ ਨੂੰ ਮੁਣਸ਼ੀ ਕੋਲ ਲੈ ਆਇਆ।

-"ਹਾਂ ਬਈ-ਇਹਨੂੰ ਕਿਵੇਂ ਹੱਕੀ ਆਉਨੈਂ?" ਮੁਣਸ਼ੀ ਨੇ ਸਿਪਾਹੀ ਨੂੰ ਪੁੱਛਿਆ।

-" ਦੱਸ ਬਾਬਾ!" ਸਿਪਾਹੀ ਨੇ ਬਜ਼ੁਰਗ ਦੇ ਧੱਫਾ ਜਿਹਾ ਮਾਰਿਆ।

-"ਮੁਣਸ਼ੀ ਜੀ ਮੈਨੂੰ ਗੋਡਿਆਂ ਦੀ ਬਹੁਤ ਤਕਲੀਫ ਐ।" ਬਜ਼ੁਰਗ ਨੇ ਕਸੀਸ ਵੱਟਦਿਆਂ ਦੱਸਿਆ।

-"ਬਾਬਾ ਕਿੰਨੇ ਬੱਚੇ ਐ ਤੇਰੇ?"

-"ਜੀ ਸੁੱਖ ਨਾਲ ਅੱਠ ਐ-ਦੋ ਬੀਬੀਆਂ ਤੇ ਛੇ ਲੜਕੇ!"

-"ਬਾਬਾ! ਤੇਰੇ ਗੋਡਿਆਂ 'ਚੋਂ ਸੋਲਾਂ ਗੋਡੇ ਤਾਂ ਨਿਕਲ ਚੁੱਕੇ ਐ-ਹੁਣ ਤੇਰੇ ਗੋਡਿਆਂ ਨੂੰ ਦੱਸ ਕੀ ਦੋਸ਼ ਐ?"

-"----।" ਬਜ਼ੁਰਗ ਨਿਰੁੱਤਰ ਹੋ ਗਿਆ।

-"ਜਾਹ ਆਥਣੇ ਡਾਕਟਰ ਨੂੰ ਦਿਖਾ ਦਿਆਂਗੇ-ਸੰਤਰੀ!"

-"ਹਾਂ ਜੀ?" ਸੰਤਰੀ ਜਿਵੇਂ ਅਵਾਜ਼ ਦੀ ਕੁੰਡੀ ਦੇ ਨਾਲ ਹੀ ਹਾਜ਼ਰ ਹੋ ਗਿਆ।

-"ਆਹ ਬਾਬੇ ਨੂੰ ਭੋਰਾ ਫ਼ੀਮ ਦੇਦੇ-ਗੋਡੇ ਹਟ ਜਾਣਗੇ!"

-"ਫ਼ੀਮ ਤਾਂ ਜੀ ਮੈਂ ਕਦੇ ਖਾਧੀ ਨ੍ਹੀ।" ਬਾਬਾ ਬੋਲਿਆ।

-"ਹੋਰ ਬਾਬਾ ਤੇਰੀ ਮਾਲਸ਼ ਕਰੀਏ ਜਾਂ ਫੇਰ ਗੋਡੇ ਘੁੱਟੀਏ?" ਮੁਣਸ਼ੀ ਨੇ ਵਿਅੰਗ ਨਾਲ ਕਿਹਾ।

-"----।" ਬਾਬਾ ਫਿਰ ਨਾ ਕੁਝ ਬੋਲ ਸਕਿਆ।

-"ਜਾਹ ਬਾਬਾ ਕਰਾਉਨੇ ਐਂ ਤੇਰਾ 'ਲਾਜ-।"

ਬਾਬਾ ਸਿਪਾਹੀ ਨਾਲ ਹਵਾਲਾਤ ਨੂੰ ਤੁਰ ਗਿਆ।

-"ਹਾਂ ਬਈ ਤੁਸੀਂ ਦੱਸੋ---?" ਮੁਣਸ਼ੀ ਜੰਟੇ ਵੱਲ ਮੂੰਹ ਕਰ ਕੇ ਬੋਲਿਆ।

ਜੰਟੇ ਨੇ ਨਹੀਂ, ਸਾਰੀ ਕਹਾਣੀ ਚੰਦ ਕੌਰ ਨੇ ਸੁਣਾਈ।

ਮੁਣਸ਼ੀ ਨੇ ਬੜੇ ਅਰਾਮ ਨਾਲ ਸੁਣੀ। ਉਹ ਬੜੇ ਅਰਾਮ ਨਾਲ ਸੁਣ ਕੇ ਹੁੰਗਾਰਾ ਭਰ ਰਿਹਾ ਸੀ। ਜਿਵੇਂ ਉਹ ਚਾਰ ਮੌਤਾਂ ਬਾਰੇ ਨਹੀਂ, ਆਪਣੀ ਬੇਬੇ ਤੋਂ ਪਰੀਆਂ ਦੀ ਬਾਤ ਸੁਣ ਰਿਹਾ ਸੀ।

-"ਸਾਲੀ ਦੁਨੀਆਂ ਗਰਕਣ 'ਤੇ ਆਈ ਪਈ ਐ।" ਸਾਰੀ ਕਹਾਣੀ ਸੁਣਨ ਪਿੱਛੋਂ ਮੁਣਸ਼ੀ ਨੇ ਕਿਹਾ।

-"ਗੁਰਪ੍ਰੀਤ---!" ਮੁਣਸ਼ੀ ਨੇ ਸਿਪਾਹੀ ਨੂੰ ਹਾਕ ਮਾਰੀ।

-"ਜੀ ਜਨਾਬ--?" ਸਿਪਾਹੀ ਹਾਜ਼ਰ ਸੀ।

-"ਮੇਰਾ ਰੋਜਨਾਮਚਾ ਲਿਆ ਤੇ ਨਾਲੇ ਸਰਦਾਰ ਨੂੰ ਲਿਆ ਬੁਲਾਕੇ!" ਉਸ ਨੇ ਕਈ ਹੁਕਮ ਇਕੋ ਸਾਹ ਹੀ ਕਰ ਦਿੱਤੇ।

-"ਤੁਸੀਂ ਬਾਹਰ ਬੈਠੋ!" ਉਸ ਨੇ ਹੁਕਮ ਕੀਤਾ। ਤੁਰਦੇ ਨ੍ਹੇਰੀ ਨੂੰ ਉਸ ਨੇ ਰੋਕ ਲਿਆ ਸੀ।

-"ਉਦੋਂ ਬਲਾਅ ਪਾਡੀਆਂ ਮਾਰਦਾ ਸੀ-ਹੁਣ ਲੈਣ ਦੇਣ ਨੂੰ ਕੁਛ ਵੀ ਨ੍ਹੀ ਰਿਹਾ?" ਮੁਣਸ਼ੀ ਨ੍ਹੇਰੀ 'ਤੇ ਔਖਾ ਸੀ।

-"ਮੈਖਿਆ ਮਹਾਰਾਜ ਦੀ ਸਹੁੰ ਜੀ-ਨੋਟਾਂ ਨਾਲ ਜੇਬਾਂ ਫੁੱਲ ਐ!" ਨ੍ਹੇਰੀ ਨੇ ਅੱਖੀਂ ਦੇਖਿਆ ਦ੍ਰਿਸ਼ ਦੱਸਿਆ।

-''ਫਿਰ ਕੱਟੇ ਨੂੰ ਮਣ ਦੁੱਧ ਦਾ ਕੀ ਭਾਅ? ਉਹਦੇ ਤਾਂ ਖਾਲੀ ਖੁਰਨੀਆਂ ਪੱਲੇ ਰਹਿ ਜਾਂਦੀਐਂ-ਜਾਹ ਲਿਆ ਬੁਲਾ ਕੇ ਉਹਨੂੰ! ਨਹੀਂ ਸਾਲਿਆ ਤੇਰੇ ਨਿਆਣਾ ਪਾਲਾਂਗੇ।'' ਮੁਣਸ਼ੀ ਨੇ ਉਸ ਨੂੰ ਡਰਾ ਲਿਆ ਸੀ।

ਨ੍ਹੇਰੀ ਨੇ ਸਾਰੀ ਗੱਲ ਗੁਰਜੰਟ ਨੂੰ ਇਕ ਪਾਸੇ ਲਿਜਾ ਕੇ ਦੱਸ ਦਿੱਤੀ।

ਗੁਰਜੰਟ ਹਾਜ਼ਰ ਸੀ।

ਉਸ ਨੇ ਇਕ ਹਜ਼ਾਰ ਰੁਪਏ ਮੁਣਸ਼ੀ ਅੱਗੇ ਰੱਖ ਦਿੱਤੇ।

-''ਬੱਸ--!'' ਮੁਣਸ਼ੀ ਹੈਰਾਨ ਸੀ। ਉਹ ਉਹਨਾਂ ਵੱਲ ਹੱਡਾਂਰੋੜੀ ਦੀ ਗਿਰਝ ਵਾਂਗ ਝਾਕਿਆ ਸੀ।

-''ਹਜਾਰ ਨਾਲ ਤਾਂ ਮਸਾਂ ਛੱਬੀ ਦਾ ਈ ਕੇਸ ਬਣਦੈ!'' ਉਸ ਨੇ ਦੱਸਿਆ।

ਗੁਰਜੰਟ ਨੇ ਇਕ ਹਜ਼ਾਰ ਹੋਰ ਰੱਖ ਦਿੱਤਾ।

-''ਦੋ ਹਜਾਰ ਨਾਲ ਦਫ਼ਾ ਤਿੰਨ ਸੌ ਸੱਤ ਲੱਗਦੀ ਐ-ਜੀਹਨੂੰ ਇਰਾਦਾ ਕਤਲ ਕਹਿੰਦੇ ਐ-ਇਹ ਤਾਂ ਕਤਲ ਹੋ ਚੁੱਕੇ ਐ!'' ਉਹ ਸੌਦੇ ਦਾ ਜਿਵੇਂ ਭਾਅ ਦੱਸ ਰਿਹਾ ਸੀ। ਸੁਲਝੇ ਕਰਾੜ ਵਾਂਗ ਉਹ ਚਿਹਰੇ ਤਾੜ ਤਾੜ ਗੱਲਾਂ ਕਰਦਾ ਸੀ।

ਬਹੁਤਾ ਯੱਭ ਵਿਚ ਨਾ ਪੈਂਦੇ ਜੰਟੇ ਨੇ ਚੁੱਪ-ਚਾਪ ਪੰਦਰਾਂ ਸੌ ਹੋਰ ਮੁਣਸ਼ੀ ਅੱਗੇ ਰੱਖ ਦਿੱਤੇ।

-''ਮੁਣਸ਼ੀ ਜੀ ਇਕ ਤਾਂ ਸਾਡੀ ਭੈਣ ਮਰਗੀ-।''

-''ਭੈਣ ਮਰਗੀ ਤਾਂ ਹੱਥ ਪੈਰ ਤਾਂ ਹਿਲਾਓ! ਸੁੱਕੇ ਸੋਹੜ੍ਹੇ ਨ੍ਹੀ ਜੱਟ ਬੱਝਣੇ! ਉਹ ਤਾਂ ਸਾਡੇ ਖੁਰ ਵੱਢਦੇ ਫਿਰਦੇ ਐ-ਅਸੀਂ ਵਿਹੜੇ ਨ੍ਹੀ ਵੜਨ ਦਿੱਤੇ।'' ਮੁਣਸ਼ੀ ਉਹਨਾਂ 'ਤੇ ਅਹਿਸਾਨ ਜਤਾ ਰਿਹਾ ਸੀ। ਭਲੇ ਦਾ ਕੰਮ ਦੱਸ ਰਿਹਾ ਸੀ।

ਪੈਸੇ ਚੁੱਕ ਕੇ ਉਸ ਨੇ ਦਰਾਜ ਵਿਚ ਰੱਖ ਲਏ ਅਤੇ ਦਰਾਜ ਨੇ ਆਪਣੀ ਆਦਤ ਮੁਜਬ ਫਿਰ ''ਚੀਕੂੰ-ਚੀਕੂੰ'' ਜਿਹਾ ਕੀਤਾ। ਦਰਾਜ ਹਮੇਸ਼ਾ ਮੁਣਸ਼ੀ ਨੂੰ ਗਾਲ੍ਹਾਂ ਕੱਢਦਾ ਲੱਗਦਾ ਸੀ। ਜਿਵੇਂ ਉਸ ਤੋਂ ਹਰਾਮ ਦੇ ਪੈਸਿਆਂ ਦਾ ਭਾਰ ਝੱਲਿਆ ਨਾ ਜਾਂਦਾ ਹੋਵੇ!

-''ਸਰਦਾਰ ਦੇ ਆਉਣ ਤੱਕ ਬਾਹਰ ਬੈਠ-ਫੇਰ ਬਹਿ ਕੇ ਜੜਾਂਗੇ ਮੇਖਾਂ।'' ਮੁਣਸ਼ੀ ਨੇ ਜੰਟੇ ਨੂੰ ਕਿਹਾ।

ਗੁਰਜੰਟ ਬਾਹਰ ਚਲਾ ਗਿਆ।

-''ਜੇ ਕੱਟਿਆਂ ਦੀਆਂ ਕੀਤੀਆਂ ਰਹਿ ਜਾਣ-ਲੋਕ ਝੋਟਿਆਂ ਨੂੰ ਦਾਣਾ ਕਿਉਂ ਪਾਉਣ?'' ਮੁਣਸ਼ੀ ਨੇ ਨ੍ਹੇਰੀ ਨੂੰ ਆਖਿਆ।

-''ਜੇ ਮੈਂ ਨਾ ਮੱਲੋਮੱਲੀ ਜੇਬ 'ਚੋਂ ਕਢਵਾਉਂਦਾ-ਜੱਟ ਤਾਂ ਸਿੱਧਾ ਈ ਝੱਗਾ ਚੱਕ ਗਿਆ ਸੀ।''

ਬੁੱਕਣ ਚੁੱਪ ਸੀ।

-''ਜੱਟ ਤਾਂ ਮੁਕਲਾਵਾ ਦੇਣੇ ਐਨੇ ਸੂਮ ਐਂ-ਨਲੀ ਸੁਣਕਣਗੇ ਤਾਂ ਆਬਦੇ ਕੁੱਕੜਾਂ ਨੂੰ ਈ ਪਾਉਣਗੇ-ਲੈ ਘੁੱਟ ਪੀ ਲਈਂ ਆਥਣੇਂ!'' ਵੀਹਾਂ ਦਾ ਨੋਟ ਦਿੰਦੇ ਮੁਣਸ਼ੀ ਨੇ ਨ੍ਹੇਰੀ ਨੂੰ ਆਖਿਆ।

ਨ੍ਹੇਰੀ ਢਿੱਲਾ ਜਿਹਾ ਪੈ ਗਿਆ। ਉਹ ਤਾਂ ਅੱਧ ਦੀ ਝਾਕ ਲਾਈ ਬੈਠਾ ਸੀ। ਪਰ ਮੁਣਸ਼ੀ ਨੇ ਤਾਂ ਵੀਹਾਂ ਵਿਚ ਹੀ ਸਾਰ ਦਿੱਤਾ ਸੀ? ਉਸ ਨੇ ਸਿਆਣਪ ਸਮਝ ਕੇ ਫੜ ਲਏ। ਮੁਣਸ਼ੀ ਨੇ ਤਾਂ ''ਤੇਰੀ ਮਰਜੀ ਐ'' ਕਹਿ ਕੇ ਫਿਰ ਰੱਖ ਲੈਣੇ ਸਨ।

-''ਸ਼ਾਇਦ ਕੱਲ੍ਹ ਕੁੱਲ੍ਹ ਨੂੰ- ?'' ਸੋਚਦਿਆਂ ਨ੍ਹੇਰੀ ਨੇ ਨੋਟ ਜੇਬ ਵਿਚ ਪਾ ਲਿਆ। ਉਸ ਦੀ ਤਸੱਲੀ ਗਾਫ਼ੂਰ ਦੇ ਹੁੱਕੇ ਦੀ ਸੁਆਹ ਵਾਂਗ ਉਡ ਗਈ ਸੀ। ਉਹ ਮੁਣਸ਼ੀ ਨੂੰ ਅੰਦਰੋ ਅੰਦਰੀ ਗਾਲ੍ਹਾਂ ਦੀ ਧੂਹ ਵਰ੍ਹਾਈ ਜਾ ਰਿਹਾ ਸੀ। ਪਰ ਮੂੰਹੋਂ ਚੁੱਪ ਸੀ। ਅੰਦਰੋਂ ਉਹ ਸਾਗ ਵਾਲੀ ਤੌੜੀ ਦੇ ਪਾਣੀ ਵਾਂਗ ਰਿੱਝ ਰਿਹਾ ਸੀ।

ਠਾਣੇਦਾਰ ਪਹੁੰਚ ਗਿਆ।

ਮੁਣਸ਼ੀ ਨੂੰ ਐੱਫ਼ ਆਈ ਆਰ ਦਰਜ ਕਰਨ ਲਈ ਆਖਿਆ। ਮੁਣਸ਼ੀ ਨੇ ਐੱਫ਼ ਆਈ ਆਰ ਦਰਜ ਕਰਨੀ ਸ਼ੁਰੂ ਕਰ ਦਿੱਤੀ। ਐੱਫ਼ ਆਈ ਆਰ ਗੁਰਜੰਟ ਸਿੰਘ ਦਰਜ ਕਰਵਾ ਰਿਹਾ ਸੀ।

-''ਮੈਂ ਗੁਰਜੰਟ ਸਿੰਘ ਵਲਦ ਸੁੱਚਾ ਸਿੰਘ, ਵਾਸੀ ਰਾਮਗੜ੍ਹ, ਤਹਿਸੀਲ ਬਰਨਾਲਾ, ਜਿਲ੍ਹਾ ਸੰਗਰੂਰ ਇਤਲਾਹ ਦਿੰਦਾ ਹਾਂ ਕਿ ਮੇਰੀ ਸਕੀ ਭੈਣ ਕੁਲਵਿੰਦਰ ਕੌਰ ਦੀ ਸ਼ਾਦੀ ਤਕਰੀਬਨ ਨੌਂ ਸਾਲ ਪਹਿਲਾਂ ਕਰਮ ਸਿੰਘ ਵਲਦ ਗੁਰਦਿੱਤ ਸਿੰਘ, ਪਿੰਡ ਮਾਣੂੰਕੇ, ਤਹਿਸੀਲ ਮੋਗਾ, ਜਿਲ੍ਹਾ ਫ਼ਰੀਦਕੋਟ ਨਾਲ ਸਿੱਖ ਮਰਿਆਦਾ ਅਨੁਸਾਰ ਹੋਈ। ਇਹਨਾਂ ਨੌਂ ਸਾਲਾਂ ਦੌਰਾਨ ਮੇਰੀ ਭੈਣ ਕੁਲਵਿੰਦਰ ਕੌਰ ਨੇ ਤਿੰਨ ਧੀਆਂ, ਬਬਲੀ, ਗੁੱਡੋ ਅਤੇ ਪਰਮੀਂ ਨੂੰ ਜਨਮ ਦਿੱਤਾ। ਜਿਸ 'ਤੇ ਸਾਰੇ ਘਰ ਦੇ ਹੀ ਔਖੇ ਰਹਿੰਦੇ ਸਨ। ਕੁਲਵਿੰਦਰ ਕੌਰ ਦੇ ਸਹੁਰੇ ਉਸ ਨੂੰ 'ਧੀਆਂ ਜੰਮਣੀ' ਦੇ ਮਿਹਣੇ ਮਾਰਦੇ ਰਹਿੰਦੇ ਸਨ। ਜਿਸ ਕਰਕੇ ਮੇਰੀ ਭੈਣ ਕੁਲਵਿੰਦਰ ਕੌਰ ਕਾਫ਼ੀ ਪ੍ਰੇਸ਼ਾਨ ਰਹਿੰਦੀ ਸੀ। ਘਰਦਿਆਂ ਦੀ ਚੁੱਕ 'ਤੇ, ਅਤੇ ਮੁੰਡੇ ਦੇ ਲਾਲਚ ਵਿਚ ਕਰਮ ਸਿੰਘ ਨੇ ਹੋਰ ਸ਼ਾਦੀ ਕਰਵਾਉਣੀ ਮਿਥ ਲਈ। ਜਿਸ ਦਾ ਵੇਰਵਾ ਸਾਡੀ ਭੈਣ ਕੁਲਵਿੰਦਰ ਨੇ ਕਈ ਵਾਰ ਸਾਡੇ ਕੋਲ ਪਾਇਆ। ਇਕ ਵਾਰ ਅਸੀਂ ਪੰਚਾਇਤ ਲਿਜਾ ਕੇ ਮਾਮਲਾ ਸੁਲਝਾਇਆ। ਪਰ ਕਲੇਸ਼ ਉਸੀ ਤਰ੍ਹਾਂ ਹੀ ਜਾਰੀ ਰਿਹਾ। ਫਿਰ ਸਾਡੀ ਭੈਣ ਕੁਲਵਿੰਦਰ ਕੌਰ ਦੇ ਸਾਨੂੰ ਸੁਨੇਹੇਂ ਪਹੁੰਚਣ ਲੱਗ ਪਏ ਕਿ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਲੱਗ ਪਈਆਂ ਹਨ। ਚਾਰ ਦਿਨ ਪਹਿਲਾਂ ਕੁਲਵਿੰਦਰ ਕੌਰ ਦੀ ਗੱਲ ਮੇਰੀ ਬੇਬੇ ਚੰਦ ਕੌਰ ਪਤਨੀ ਸੁੱਚਾ ਸਿੰਘ ਨਾਲ ਟੈਲੀਫ਼ੋਨ 'ਤੇ ਹੋਈ। ਜਿਸ ਵਿਚ ਫਿਰ ਉਸ ਨੇ ਸਹੁਰੇ ਘਰ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ

ਬਾਰੇ ਦੱਸਿਆ। ਟੈਲੀਫ਼ੋਨ ਸਾਡੇ ਗੁਆਂਢੀ ਬਖਤੌਰ ਸਿੰਘ ਵਲਦ ਬੰਤਾ ਸਿੰਘ ਦੇ ਘਰੇ ਹੈ, ਜਿਸ ਕੋਲ ਸਵਰਾਜ ਟਰੈਕਟਰਾਂ ਦੀ ਏਜੰਸੀ ਹੈ। ਅਸੀਂ ਅਜੇ ਇਸ ਕਾਰਵਾਈ ਬਾਰੇ ਸੋਚ ਹੀ ਰਹੇ ਸਾਂ ਕਿ ਸਾਨੂੰ ਰਾਤ ਬੁੱਕਣ ਸਿੰਘ ਤੋਂ ਪਤਾ ਲੱਗਾ ਕਿ ਸਾਡੀ ਭੈਣ ਕੁਲਵਿੰਦਰ ਕੌਰ ਨੂੰ ਸਾਡੇ ਭਣੋਈਏ ਕਰਮ ਸਿੰਘ ਨੇ ਕੁਇੱਕਫ਼ਾਸ ਪਿਆ ਕੇ ਮਾਰ ਦਿੱਤਾ। ਜਦ ਕੁਲਵਿੰਦਰ ਕੌਰ ਦੀਆਂ ਤਿੰਨ ਨਾਬਾਲਿਗ ਬੱਚੀਆਂ ਨੇ ਰੌਲਾ ਪਾਇਆ ਤਾਂ ਭੇਦ ਖੁੱਲ੍ਹ ਜਾਣ ਦੇ ਡਰੋਂ ਕਰਮ ਸਿੰਘ ਨੇ ਛੋਟੀਆਂ ਬੱਚੀਆਂ, ਬਬਲੀ, ਗੁੱਡੋ ਅਤੇ ਪਰਮੀਂ ਨੂੰ ਵੀ ਜ਼ਬਰਦਸਤੀ ਕੁਇੱਕਫ਼ਾਸ ਪਿਆ ਦਿੱਤੀ। ਨਤੀਜੇ ਵਜੋਂ ਲੜਕੀਆਂ ਦੀ ਵੀ ਮੌਤ ਹੋ ਗਈ। ਇਸ ਲਈ ਅਸੀਂ ਮੁੱਖ ਦੋਸ਼ੀ ਕਰਮ ਸਿੰਘ ਨੂੰ ਹੀ ਸਮਝਦੇ ਹਾਂ ਅਤੇ ਕਾਨੂੰਨ ਅੱਗੇ ਦਰਖ਼ਾਸਤ ਕਰਦੇ ਹਾਂ ਕਿ ਦੋਸ਼ੀ ਅਤੇ ਉਸ ਦੇ ਸਮੁੱਚੇ ਪ੍ਰੀਵਾਰ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ!

ਦਰਖ਼ਾਸਤ ਕਰਤਾ

ਗੁਰਜੰਟ ਸਿੰਘ।"

ਮੁਣਸ਼ੀ ਨੇ ਐੱਫ਼ ਆਈ ਆਰ ਉਹਨਾਂ ਨੂੰ ਪੜ੍ਹ ਕੇ ਸੁਣਾਈ। ਫਿਰ ਦੁਬਾਰਾ ਪੜ੍ਹ ਕੇ ਸੁਣਾਈ। ਫਿਰ ਉਸ ਨੇ ਗੁਰਜੰਟ ਦਾ ਵੱਡਾ ਸਾਰਾ ਅੰਗੂਠਾ ਪੈਡ 'ਤੇ ਘਸਾ ਕੇ ਐੱਫ਼ ਆਈ ਆਰ ਹੇਠ ਛਾਪ ਦਿੱਤਾ। ਪੋਸਟ ਮਾਰਟਮ ਰਿਪੋਰਟ ਐੱਫ਼ ਆਈ ਆਰ ਦੇ ਨਾਲ ਨੱਥੀ ਕਰ ਦਿੱਤੀ ਗਈ। ਬੁੱਕਣ ਸਿੰਘ ਨੂੰ ਮੌਕੇ ਦਾ ਗਵਾਹ ਰੱਖਿਆ ਗਿਆ। ਚਸ਼ਮਦੀਦ ਗਵਾਹ ਬੁੱਕਣ ਭੱਜ ਕੇ ਬਣਿਆਂ ਸੀ। ਉਸ ਨੇ ਇਕ ਮੀਟਰ ਜਗਾਹ 'ਤੇ ਆਪਣੇ ਦਸਤਖ਼ਤ ਲਿਖੇ ਨਹੀਂ, ਵਾਹੇ ਸਨ!

-"ਆਪਣੇ ਗੁਆਂਢੀ ਬਖਤੌਰ ਨੂੰ ਹੱਥ 'ਚ ਰੱਖੋ!" ਮੁਣਸ਼ੀ ਨੇ ਹੁਕਮ ਦਿੱਤਾ, "ਲੋੜ ਪੈਣ 'ਤੇ ਪੇਸ਼ ਕਰਾਂਗੇ!"

-"ਅੱਛਾ ਜੀ।"

-"ਆਪਣੇ ਬਿਆਨ ਚੇਤੇ ਕਰੋ!"

-"ਅੱਛਾ ਜੀ।"

-"ਕਦੋਂ ਕੁ ਤੱਕ ਫੜੋਂਗੇ ਭਾਈ?" ਚੰਦ ਕੌਰ ਨੇ ਪੁੱਛਿਆ।

-''ਲੈ ਮਾਈ ਅੱਜ ਈ ਗੇੜਾ ਪਾਇਆ-ਪੁਲਸ ਤੋਂ ਭੱਜ ਕੇ ਬੰਦਾ ਜਾਊ ਕਿੱਥੇ?'' ਮੁਣਸ਼ੀ ਨੇ ਉਤਰ ਦੇਣ ਦੀ ਵਜਾਏ ਸੁਆਲ ਕੀਤਾ।

-''ਭਾਈ ਖਾੜਕੂਆਂ ਨਾਲ ਨਾ ਰਲਜੇ---?'' ਚੰਦ ਕੌਰ ਦਾ ਅੰਦਰ ਖੁਰਦਾ ਪ੍ਰਤੀਤ ਹੋ ਰਿਹਾ ਸੀ। ਸ਼ੱਕ ਉਸ ਅੰਦਰ ਖੁੰਬ ਵਾਂਗ ਉਠ ਖੜ੍ਹੀ ਸੀ।

-''ਬਹੂ ਮਾਰਨਿਆਂ ਨੂੰ ਤਾਂ ਉਹ ਊਂਈਂ ਨ੍ਹੀ ਨਾਲ ਰਲਾਉਂਦੇ-ਸਮਾ ਦੀ ਪਾਰ ਬੁਲਾਉਂਦੇ ਐ-ਉਹਨਾਂ ਦੀਆਂ ਜੱਥੇਬੰਦੀਆਂ ਦੇ ਵੀ ਮਾਈ ਕਾਨੂੰਨ ਐਂ! ਐਵੇਂ ਨ੍ਹੀ ਉਹ ਲੱਲੀ ਛੱਲੀ ਨੂੰ ਜੱਥੇਬੰਦੀ 'ਚ ਵਾੜਦੇ-ਐਹੋ ਜੇ ਬਹੂ ਮਾਰਨਿਆਂ ਦੇ ਤਾਂ ਉਹ ਸਾਰਾ ਬਰੱਸਟ ਮਾਰਦੇ ਐ-ਸਰੀਰ ਵਿਚ ਮੋਰੀਆਂ ਕਰ ਦਿੰਦੇ ਐ, ਮੋਰੀਆਂ!'' ਮੁਣਸ਼ੀ ਗਿੱਦੜਮਾਰ ਵਾਂਗ ਬਾਘੀਆਂ ਪਾ-ਪਾ ਕੇ ਦੱਸ ਰਿਹਾ ਸੀ।

-''ਫੇਰ ਤਾਂ ਭਾਈ ਚੰਗੇ ਐ ਫੇਰ!'' ਚੰਦ ਕੌਰ ਬੋਲੀ। ਉਸ ਨੂੰ ਧਲ੍ਹਿਆਰਾ ਪਾ ਕੇ ਮੁਣਸ਼ੀ ਨੇ ਥਾਂ 'ਤੇ ਹੀ ਰੋਕ ਲਿਆ ਸੀ।

ਇਲਾਕਾ ਮਜਿਸਟਰੇਟ ਦੇ ਹਾਜ਼ਰ ਕਰਕੇ ਠਾਣੇਦਾਰ ਨੇ ਗੁਰਜੰਟ ਅਤੇ ਬੁੱਕਣ ਦੇ ਬਿਆਨ ਕਲਮਬੱਧ ਕਰਵਾ ਲਏ। ਕੁਝ ਜ਼ਰੂਰੀ ਹਦਾਇਤਾਂ ਦੇ ਕੇ ਉਸ ਨੇ ਉਹਨਾਂ ਦੇ ਰੱਸੇ ਲਾਹ ਦਿੱਤੇ।

----------------ਕਾਂਡ 9 -----------

ਸੂਰਜ ਦੀ ਪਹਿਲੀ ਕਿਰਨ ਨਾਲ ਹੀ ਪੁਲਸ ਮਾਣੂੰਕੀਂ ਪਹੁੰਚੀ। ਸਾਰਾ ਪਿੰਡ ਹੀ ਅਸਚਰਜ ਸੀ। ਸਾਰਾ ਠਾਣਾ ਹੀ ਉਲਰ ਕੇ ਜਿਵੇਂ ਮਾਣੂੰਕੀਂ ਢੇਰੀ ਹੋ ਗਿਆ ਸੀ। ਪੁਲਸ ਆਹਣ ਵਾਂਗ ਉਤਰ ਆਈ ਸੀ।

-''ਜਨਾਬ ਹੁਣ ਕਾਹਦੇ ਆਸਤੇ ਖੇਚਲ ਕੀਤੀ?'' ਹੱਥ ਜੋੜੀ ਚੌਂਕੀਦਾਰ ਪੁੱਛ ਰਿਹਾ ਸੀ। ਉਹ ਬਗੈਰ ਵਲ ਤੋਂ ਠਾਣੇਦਾਰ ਦੇ ਸਾਹਮਣੇ ਖੜ੍ਹਾ ਸੀ।

-''ਸਾਰਾ ਪਿੰਡ ਈ ਗੁੰਡੈ-ਜਿਹੜਾ ਨਿੱਤ ਸਾਡੀ ਭੈਣ ਦੀ---ਦੇਈ ਰੱਖਦੈ!'' ਹੌਲਦਾਰ ਨੇ ਉਤਰ ਮੋੜਿਆ।

-"ਫੇਰ ਵੀ ਹਜ਼ੂਰ? ਕੋਈ ਹੁਕਮ ਤਾਂ ਕਰੋ?" ਚੌਂਕੀਦਾਰ ਨੂੰ ਲੱਲ ਨਹੀਂ ਲੱਗ ਰਿਹਾ ਸੀ ਕਿ ਉਹ ਕਿਸ ਨੂੰ ਬੁਲਾ ਕੇ ਲਿਆਵੇ?

-"ਪੰਚੈਤ 'ਕੱਠੀ ਕਰੋ!" ਹੁਕਮ ਹੋ ਗਿਆ। ਮਧਰੇ ਜਿਹੇ ਕੱਦ ਦਾ ਹੌਲਦਾਰ ਮੂੰਗਰਿਆਂ ਵਰਗੀਆਂ ਮੁੱਛਾਂ ਨੂੰ ਛਾਂਟੇ ਮਾਰ ਰਿਹਾ ਸੀ। ਉਸ ਦੀ ਬਾਜ਼ ਵਰਗੀ ਨਜ਼ਰ ਸੀਤ ਕੱਢਦੀ ਸੀ।

ਹੈਰਾਨ ਜਿਹੀ ਹੋ ਕੇ ਪੰਚਾਇਤ ਇਕੱਤਰ ਹੋ ਗਈ।

-"ਦੁੱਧ ਛਕੋਂਗੇ ਹਜ਼ੂਰ?" ਨੰਬਰਦਾਰ ਹਾਜ਼ਰ ਸੀ।

-"ਦੁੱਧ ਦੀ ਲੋੜ ਨਹੀਂ-ਬੰਦਾ ਹਾਜਰ ਕਰੋ!" ਠਾਣੇਦਾਰ ਨੇ ਕਿਹਾ।

ਨੰਬਰਦਾਰ ਚੁੱਪ ਹੋ ਗਿਆ।

-"ਬੰਦਾ, ਬੰਦੇ ਆਲੇ ਹਾਜਰ ਕਰਨ! ਮੈਂ ਤਾਂ ਜਿੰਨੀ ਜੋਗਾ ਹਾਂ-ਸਾਹਮਣੇ ਆਂ!" ਨੰਬਰਦਾਰ ਅੰਦਰੋਂ ਸੋਚ ਰਿਹਾ ਸੀ। ਉਹ ਤਨੋਂ-ਮਨੋਂ ਨ੍ਹੇਰੀ ਨੂੰ ਥਾਪੀਆਂ ਦੇਈ ਜਾ ਰਿਹਾ ਸੀ। ਨ੍ਹੇਰੀ ਨਰ ਬੰਦਾ ਹੋ ਨਿੱਬੜਿਆ ਸੀ। ਜੋ ਇਕੱਲਾ ਹੀ ਸਾਰੇ ਪਿੰਡ ਦੀ ਪੂਛ ਚੁਕਾਈ ਫਿਰਦਾ ਸੀ।

-"ਵਾਹ ਉਏ ਨ੍ਹੇਰੀ! ਲਾਅਤੀ ਅੱਗ-ਹੁਣ ਛੇਤੀ ਕੀਤੇ ਨ੍ਹੀ ਬੁਝਦੀ! ਮਰਦ ਹੋਣ ਤਾਂ ਤੇਰੇ ਅਰਗੇ! ਮਿੰਟਾਂ 'ਚ ਕਾਮਰੇਟੀ ਘੋਲਤੀ-ਨਹੀਂ ਤਾ ਪਤਿਆਉਰ੍ਹੇ ਸੜੇ ਵੇ ਜੱਟ ਰੱਬ 'ਤੇ ਹੋ ਹੋ ਕੇ ਬੁੱਕਦੇ ਸੀ-ਨਹੀਂ ਰੀਸਾਂ ਮਾਂ ਦੇ ਸ਼ੇਰ ਦੀਆਂ--!" ਨੰਬਰਦਾਰ ਅੰਦਰੋ ਅੰਦਰੀ ਬਾਂਦਰ ਵਾਂਗ ਲਾਚੜਿਆ ਹੋਇਆ ਸੀ।

ਸਰਪੰਚ ਪਹੁੰਚ ਗਿਆ।

ਸਾਰੇ ਪਿੰਡ ਦੇ ਸਾਹਮਣੇ ਹੀ ਠਾਣੇਦਾਰ ਨੇ ਉਸ ਨੂੰ ਐੱਫ਼ ਆਈ ਆਰ ਦੀ 'ਨਕਲ' ਦਿਖਾਈ। ਸਰਪੰਚ ਦੇ ਹੋਸ਼ ਉੱਡ ਗਏ। ਉਸ ਨੂੰ ਆਪਣੇ ਹੀ ਪੈਰ ਘੁਕਦੇ ਦਿਸੇ। ਪਰ ਉਹ ਸੰਭਲਿਆ।

-"ਠਾਣੇਦਾਰ ਸਾਹਬ-ਇੱਕ ਬੇਨਤੀ ਕਰਾਂ?" ਸਰਪੰਚ ਜਿਵੇਂ ਕਿਸੇ ਪਹਾੜ੍ਹ ਉਹਲਿਓਂ ਡੂੰਘਾ ਜਿਹਾ ਬੋਲਿਆ ਸੀ।

-"ਹੁਕਮ ਕਰੋ---!" ਠਾਣੇਦਾਰ ਸਰਪੰਚ ਨਾਲ ਮਿੱਠਾ-ਸ਼ੱਕਰ ਹੋਇਆ ਪਿਆ ਸੀ। ਜਿਵੇਂ ਸਰਪੰਚ ਉਸ ਦਾ ਬਾਪੂ ਲੱਗਦਾ ਸੀ।

-"ਪਰਚਾ ਲਿਖਿਆ ਈ ਐ ਜਾਂ ਕੱਟ ਵੀ ਦਿੱਤਾ?" ਉਸ ਨੇ ਮੋਟੀ ਘੁੰਡੀ ਫੜੀ।

-"ਲਿਖਿਆ ਈ ਐ-ਕੱਟਿਆ ਨਹੀਂ!" ਠਾਣੇਦਾਰ ਨੇ ਸਾਫ਼ ਸਿੱਧਾ ਜਵਾਬ ਦਿੱਤਾ।

-''ਫੇਰ ਇੱਕ ਕ੍ਰਿਪਾ ਜਰੂਰ ਕਰੋ!''

-''ਦੱਸੋ?''

-''ਤਿੰਨ ਸੌ ਦੋ ਨਹੀਂ-ਕੋਈ ਹੋਰ ਦਫ਼ਾ ਲਾ ਦਿਓ।'' ਕਤਲਾਂ ਵਿਚ ਹੰਢਿਆ ਹੋਇਆ ਸਰਪੰਚ ਠਾਣੇਦਾਰ ਨੂੰ ਵਲੀ ਤੁਰਿਆ ਆ ਰਿਹਾ ਸੀ।

ਕਾਫ਼ੀ ਦੇਰ ਮਾਹੌਲ ਗੰਭੀਰ ਬਣਿਆ ਰਿਹਾ।

ਠਾਣੇਦਾਰ ਨੂੰ 'ਹੂੰ-ਹਾਂ' ਤੋਂ ਬਿਨਾ ਕੁਝ ਸੁੱਝ ਨਹੀਂ ਰਿਹਾ ਸੀ। ਉਸ ਨੇ ਆਪਣੇ ਲਿਸ਼ਕਦੇ ਬੂਟਾਂ 'ਤੇ ਰੂਲ ਨਾਲ ਮਿੱਟੀ ਝਾੜੀ।

-''ਹੁਣ ਦੱਸੋ ਸਾਨੂੰ ਕਿਹੜੀ ਵੀਹੀ ਕੱਢਦੇ ਐਂ?'' ਸਰਪੰਚ ਨੇ ਪੈਂਤਰੇ ਦੀ ਆਖਰੀ ਧੌਲ ਮਾਰੀ।

-''ਇਕ ਘੁੰਡੀ ਹੈ-!'' ਉਸ ਨੇ ਮੰਜੇ ਦੇ ਸੇਰੂ 'ਤੇ ਰੂਲ ਖੜਕਾਇਆ।

-''ਬੋਲੋ-- ?''

-''ਦਫ਼ਾ ਤਿੰਨ ਸੌ ਦੋ ਕੱਟ ਕੇ ਤਿੰਨ ਸੌ ਛੇ ਲਾ ਦਿੰਨੇ ਐਂ-ਪਰ ਮੁਣਸ਼ੀ ਮੁਸੱਦਿਆਂ ਦਾ ਮੂੰਹ ਬੰਦ ਕਰਨਾ ਪਊ!'' ਉਹ ਕੰਮ ਦੀ ਗੱਲ ਕਰਨ ਦੇ ਨਾਲ ਨਾਲ ਘੁਮਿਆਰੀ ਦੇ ਭਾਂਡੇ, ਸਰਪੰਚ ਨੂੰ ਟੁਣਕਾ ਕੇ ਦੇਖ ਰਿਹਾ ਸੀ।

-''ਤੁਸੀਂ ਮੂੰਹ ਬੰਦ ਕਰਨ ਦੀ ਗੱਲ ਕਰਦੇ ਓਂ-ਅਸੀਂ ਲਾ ਦਿਆਂਗੇ ਥੋਬੇ! ਪਰ ਤੁਸੀਂ ਇਹ ਤਾਂ ਦੱਸੋ ਬਈ ਦਫ਼ਾ ਤਿੰਨ ਸੌ ਛੇ ਹੁੰਦੀ ਕੀ ਬਲਾਅ ਐ?'' ਸਰਪੰਚ ਟਾਸ ਪਾਉਣ ਦੇ ਹੱਕ ਵਿਚ ਨਹੀਂ ਸੀ। ਉਹ ਸਿੱਕੇ ਦਾ ਇਕ ਪਾਸਾ ਹੀ ਦੇਖਣਾ ਚਾਹੁੰਦਾ ਸੀ। ਦੇਰ ਹਨ੍ਹੇਰ ਸੀ।

-''ਦਫ਼ਾ ਤਿੰਨ ਸੌ ਛੇ ਦਾ ਮਤਲਬ ਹੁੰਦੈ ਬਈ ਕਿਸੇ ਨੂੰ ਮਰਨ ਲਈ ਕੰਪੈੱਲ ਕਰਨਾ।''

-''ਕੀ ਕਰਨਾ?''

-''ਕਿਸੇ ਨੂੰ ਤੰਗ ਕਰਕੇ ਮਰਨ ਲਈ ਮਜ਼ਬੂਰ ਕਰਨਾ।''

-''----।''

-''ਇਸ ਤੋਂ ਵੱਧ ਸਰਪੰਚ ਸਾਹਬ ਮੈਂ ਕੁਛ ਨਹੀਂ ਕਰ ਸਕਦਾ-ਮੈਂ ਵੀ ਬਾਲ ਬੱਚੜਦਾਰ ਐਂ-ਮਜ਼ਬੂਰ ਐਂ।'' ਠਾਣੇਦਾਰ ਨੇ ਦੋਨੋਂ ਹੱਥ ਚੁੱਕ ਦਿੱਤੇ। ਉਹ ਝੀਥ ਵਿਚ ਮੱਲੋਮੱਲੀ ਇੱਟ ਠੋਕੀ ਆ ਰਿਹਾ ਸੀ।

-''ਥੋਡੇ ਖਿਆਲ 'ਚ ਸਜਾ ਕਿੰਨੀ ਕੁ ਹੋ ਸਕਦੀ ਐ?''

-''ਕੁਛ ਕਹਿ ਨਹੀਂ ਸਕਦੇ-ਪਰ ਬਰੀ ਵੀ ਹੋ ਸਕਦੈ।'' ਠਾਣੇਦਾਰ ਸੱਚ ਨਾਲੋਂ ਚਲਾਕੀ ਵੱਧ ਵਰਤ ਗਿਆ ਸੀ।

-''ਫ਼ੈਰ ਜਨਾਬ! ਥੋਡੀ ਮਰਜੀ ਐ-ਪਰ ਮੁੰਡਾ ਹੈ ਬਿਲਕੁਲ ਬੇਕਸੂਰ।'' ਸਰਪੰਚ ਨੇ ਆਖਰੀ ਸੱਚ ਸੁਣਾਇਆ।

-''ਗੱਲ ਕੰਨੋਂ ਕੰਨੀਂ ਬਹੁਤ ਦੂਰ ਤੱਕ ਪਹੁੰਚ ਚੁੱਕੀ ਐ-ਹੁਣ ਵੇਲਾ ਹੱਥੋਂ ਨਾ ਗੁਆਓ ਸਰਦਾਰੋ! ਬੰਦਾ ਪੇਸ਼ ਕਰ ਦਿਓ-ਮੈਂ ਦਫ਼ਾ ਤਿੰਨ ਸੌ ਛੇ ਤੋਂ ਵੱਧ ਨਹੀਂ ਲਾਉਂਦਾ।'' ਸਰਪੰਚ ਦੇ ਛਾਂਟਿਆਂ ਤੋਂ ਬਚਦਾ ਬਚਦਾ ਠਾਣੇਦਾਰ ਫਿਰ ਵੀ ਕੰਮ ਦੀ ਗੱਲ ਕਰ ਗਿਆ।

-''ਠਾਣੇਦਾਰ ਸਾਹਬ-ਵਾਅਦਾ ਰਿਹਾ?''

-''ਬਿਲਕੁਲ!''

ਦੋਨਾਂ ਨੇ ਹੱਥ ਮਿਲਾਏ।

ਲਾਗ-ਡਾਟ ਵਾਲਿਆਂ ਦਾ ਸੀਤ ਨਿਕਲ ਗਿਆ।

-''ਬੰਦਾ ਪੇਸ਼ ਕਦੋਂ ਕਰੋਂਗੇ?'' ਠਾਣੇਦਾਰ ਨੇ ਜਾਂਦੇ ਸਰਪੰਚ ਦੀ ਜਿਵੇਂ ਪੂਛ ਫੜ ਕੇ ਪੁੱਛਿਆ ਸੀ।

-''ਕੱਲ੍ਹ ਨੂੰ ਈ ਲਓ ਜਨਾਬ! ਉਹਨੂੰ ਤਾਂ ਵਿਚਾਰੇ ਨੂੰ ਘਰਦਿਆਂ ਨੇ ਮੌਤਾਂ ਬਾਰੇ ਵੀ ਨ੍ਹੀ ਦੱਸਿਆ-ਪੁਲਸ ਦੀ ਅੱਖ ਤੋਂ ਬਚਾਉਣ ਵਾਸਤੇ।''

-''ਫ਼ੈਰ! ਬੰਦਾ ਪੇਸ਼ ਕਰ ਦਿਓ!''

ਪੁਲਸ ਵਿਦਾਅ ਹੋ ਗਈ।

ਰਾਤ ਨੂੰ ਨ੍ਹੇਰੀ ਅਤੇ ਨੰਬਰਦਾਰ ਪੀ ਰਹੇ ਸਨ। ਘਰ ਦੀ ਕੱਢੀ ਦਾਰੂ ਉਹਨਾਂ ਅੰਦਰ ਭੰਦਰੋਲ ਪਾਈ ਫਿਰਦੀ ਸੀ। ਨਸ਼ਾ ਖਿੜੇ ਦੇ ਬਾਵਜੂਦ ਵੀ ਉਹ ਗੰਭੀਰ ਸਨ। ਸਮੁੱਚੀ ਸੋਚ ਉਹਨਾਂ ਦੇ ਦਿਲ-ਦਿਮਾਗ 'ਤੇ ਭਾਰੂ ਸੀ। ਕੱਚੇ-ਪੱਕੇ ਜਿਹੇ ਨਸ਼ੇ ਵਿਚ ਉਹ ਦੁਖੀ ਜਿਹੇ ਨਜ਼ਰ ਆ ਰਹੇ ਸਨ।

-''ਆਪਾਂ ਤਾਂ ਕੋਈ ਕਸਰ ਨ੍ਹੀਂ ਛੱਡੀ ਸੀ-ਪਰ ਸਰਪੈਂਚ ਨ੍ਹੀਂ ਪੱਟੀ ਬੱਝਣ ਦਿੰਦਾ ਚਾਚਾ!'' ਆਖਰ ਨ੍ਹੇਰੀ ਨੇ ਚੁੱਪ ਤੋੜੀ। ਉਸ ਦੇ ਸਬਰ ਦਾ ਪਾਣੀ ਸਿਰ ਉਪਰੋਂ ਦੀ ਵਗਣ ਲੱਗ ਪਿਆ ਸੀ।

-''ਕੀ ਕਰੀਏ-ਸਾਲੀ ਕੋਈ ਸਮਝ ਨ੍ਹੀਂ ਆਉਂਦੀ।'' ਨੰਬਰਦਾਰ ਨੇ ਉਦਾਸੀ ਵਿਚ ਸਿਰ ਮਾਰਿਆ। ਉਹ ਵਾੜ ਵਿਚ ਫ਼ਸੇ ਬਿੱਲੇ ਵਾਂਗ ਝਾਕ ਰਿਹਾ ਸੀ। ਉਸ ਦੇ ਖ਼ੁਸ਼ਕ ਜਿਹੇ ਚਿਹਰੇ ਤੋਂ ਸਿੱਕਰੀ ਦੇ ਲਿਉੜ ਡਿੱਗ ਰਹੇ ਸਨ।

-''ਚਾਚਾ, ਹੋਰ ਸਭ ਕੁਛ ਤਾਂ ਰਿਹਾ ਇਕ ਪਾਸੇ-ਜੇ ਜੱਟ ਬਰੀ ਹੋ ਗਿਆ ਤਾਂ ਆਪਣੇ ਆਲਾ ਘੋਗਾ ਜਰੂਰ ਚਿੱਤ ਕਰਨਗੇ।'' ਨ੍ਹੇਰੀ ਅੰਦਰੋਂ ਮੋਕੋ-ਮੋਕ ਹੋਇਆ ਪਿਆ ਸੀ। ਉਸ ਦਾ ਸਰੀਰ 'ਟੱਸ' ਨਹੀਂ ਫੜਦਾ ਸੀ।

-''ਤੂੰ 'ਦਾਸ ਕਿਉਂ ਹੁੰਨੈਂ? ਚਾਰ ਮਾਰਾਂਗੇ ਲਫ਼ੜੇ ਸਾਲਿਆਂ ਦੇ-ਕੀ ਉਹ ਸਾਹਣ ਐਂ?'' ਨੰਬਰਦਾਰ ਨ੍ਹੇਰੀ ਦਾ ਦਿਲ ਧਰਾ ਰਿਹਾ ਸੀ।

-''----।''

-''ਜਿੰਨਾਂ ਚਿੱਤ ਹੌਲਾ ਕਰੇਂਗਾ-ਉਨੇ ਈ ਉਹ ਗਲ 'ਤੇ ਚੜ੍ਹਨਗੇ-ਡਰੇ ਆਦਮੀ ਨੂੰ ਕੁੱਤਾ ਬਾਹਲੇ ਹੱਲੇ ਕਰ ਕਰ ਪੈਂਦੈ-ਆਕੜ ਕੇ ਖੜ੍ਹਜਾ-ਜਮਾਂ ਈ ਨ੍ਹੀ ਵੱਢਦਾ।'' ਨੰਬਰਦਾਰ ਨੇ ਦਲੀਲ ਦੇ ਕੇ ਉਸ ਦਾ ਦਿਲ ਟਿਕਾਣੇ ਲਿਆਉਣ ਦੀ ਕੋਸ਼ਿਸ਼ ਕੀਤੀ।

-''ਜੇ ਕਰਮਾਂ ਬਰੀ ਹੋ ਗਿਆ-ਫੇਰ ਕੀ ਕਰਾਂਗੇ?''

-''ਤੂੰ ਕਿਉਂ ਬਾਧੂ ਨੀਕਰ ਲਬੇੜੀ ਜਾਨੈਂ? ਬਾਹਲਾ ਗਿਆ ਅਸਲਾ ਉਸਲਾ ਪੁਆ ਦਿਆਂਗੇ ਸਾਲਿਆਂ 'ਤੇ!''

-''ਚਾਚਾ ਮੈਂ ਤਾਂ ਬਾਹਲਾ ਈ ਕਲੋਟਾ ਫਸ ਗਿਆ-ਹੁਣ ਤਾਂ ਸੱਪ ਦੇ ਮੂੰਹ ਕੋਹੜ ਕਿਰਲੀ ਆਈ ਵੀ ਐ-ਜੇ ਖਾਂਦੈ ਕੋਹੜੀ-ਛੱਡਦੈ ਕਲੰਕੀ!'' ਨ੍ਹੇਰੀ ਨੂੰ ਚਾਰ-ਚੁਫ਼ੇਰੇ ਹਨ੍ਹੇਰ ਹੀ ਨਜ਼ਰ ਆ ਰਿਹਾ ਸੀ।

-''ਫਿੱਟ੍ਹੇ ਮੂੰਹ ਭੈਣ ਦੇ ਮੁੰਡਿਆਂ ਈ ਯ੍ਹਾਵਾ! ਜਿੱਦੇਂ ਜੰਮਿਆਂ ਹੋਊ ਬੁੜ੍ਹੀ ਡੰਡ ਬੈਠਕਾਂ ਕੱਢਦੀ ਫਿਰਦੀ ਹੋਊ-ਮੇਰੇ ਬੁੱਕਣ ਸਿਉਂ ਜੰਮਿਐਂ! ਤੇ ਬੁੱਕਣ ਸਿਉਂ ਬਣਿਆ ਬੈਠੇ ਬੋਂਡੀ!'' ਨੰਬਰਦਾਰ ਨੇ ਨ੍ਹੇਰੀ 'ਤੇ ਨੱਕ ਚੜ੍ਹਾਇਆ। ਜਿਵੇਂ ਉਹ ਉਸ ਨੂੰ ਬੰਦਾ ਹੀ ਨਹੀਂ ਸਮਝ ਰਿਹਾ ਸੀ।

-''ਗੱਲ ਸੁਣ ਉਏ ਜਨਾਨਿਆਂ! ਹੁਣ ਤਾਂ ਗੌਰਮਿੰਟ ਦੇ ਐਡੇ ਐਡੇ ਕਾਨੂੰਨ ਐਂ-ਬੰਦਾ ਭਾਲਿਆ ਨਾ ਥਿਆਵੇ।''

ਬੁੱਕਣ ਸੁਣ ਰਿਹਾ ਸੀ।

-''ਹੁਣ ਤਾਂ ਮਾੜੀ ਜੀ ਪੁਲਸ ਦੇ ਕੰਨ 'ਚ ਫੂਕ ਮਾਰ ਬਈ ਇਹਨਾਂ ਕੋਲੇ ਅੱਤਬਾਦੀ ਆਉਂਦੇ ਐ-ਲੈ ਟਾਡਾ ਅਧੀਨ ਸਿੱਧਾ ਅੰਦਰ ਕੀਤਾ-ਜਦੋਂ ਬੰਦਾ ਟਾਡਾ ਅਧੀਨ ਗ੍ਰਿਫਦਾਰ ਹੋ ਗਿਆ ਤਾਂ ਸਿੱਧਾ ਧਰਮਰਾਜ ਮੂਹਰੇ ਈ ਜਾ ਕੇ ਅੱਖਾਂ ਖੋਲ੍ਹਦੈ-ਏਥੇ ਕਹਿੰਦੀ ਰੁੜ੍ਹ ਗਏ ਕਲਗੀਆਂ ਵਾਲੇ ਰੋਂਦੀ ਐ ਕਾਲੇ ਚੰਮ ਨੂੰ-ਅਗਲਿਆਂ ਨੇ ਵਕੀਲ ਗੁੰਮ ਕਰਤੇ-ਤੂੰ ਇਹਨਾਂ ਕਛਨੀਆਂ 'ਚ ਮੂਤਣ ਆਲਿਆਂ ਦੀ ਗੱਲ ਕਰਦੈਂ?'' ਨੰਬਰਦਾਰ ਕੌੜ ਬੋਤੇ ਵਾਂਗ ਬੁੱਕਿਆ ਸੀ।

-"----।"

-"ਗਧੇ ਨੂੰ ਦਿੰਦੇ ਸੀ ਨੂਣ ਕਹਿੰਦਾ ਮੇਰੇ ਕੰਨ ਪਾੜਦੇ ਐ-ਮੈਂ ਤੇਰੇ ਨਾਲ ਗੱਲ ਕਰਦੈਂ-ਹੁੰਗਾਰਾ ਤਾਂ ਭਰ-ਘੁੱਗੂ ਈ ਹੋ ਗਿਐਂ!"

-"ਦੇਖ ਲੈ ਚਾਚਾ।"

-"ਕਹਿੰਦੇ ਐ ਕਿਸੇ ਨੇ ਝੋਟੇ ਨੂੰ ਪੁੱਛਿਆ ਸੀ-ਅਖੇ ਬੜ੍ਹਕ ਮਾਰਦੈਂ? ਕਹਿੰਦਾ ਮੈਂ ਸਾਹਨ ਐਂ-ਤੇ ਫੇਰ ਕਹਿੰਦਾ ਮੋਕ ਮਾਰਦੈਂ? ਕਹਿੰਦਾ ਅਖੇ ਬਾਣੀਆਂ ਦਾ ਛੱਡਿਆ ਹੋਇਐਂ-ਮਰਦ ਬਣ ਮਰਦ! ਤੀਮੀਆਂ ਆਲੀ ਗੱਲ ਨਾ ਕਰ-ਨਾਲੇ ਟੰਗਾਂ ਚੁਕਾਈ ਜਾਣੀਆਂ ਤੇ ਨਾਲੇ ਰੋਅਬ ਰੱਖਣਾ-ਜੇ ਆਕੜ ਕੇ ਘੁਲਾੜ੍ਹੀ 'ਚ ਹੱਥ ਦੇ ਦੇਈਏ-ਫੇਰ 'ਸੀ' ਨਾ ਕਰੀਏ-ਜੇ ਉਖਲੀ 'ਚ ਸਿਰ ਦੇ ਈ ਦਿੱਤਾ ਤਾਂ ਹੁਣ ਸੱਟਾਂ ਤੋਂ ਨਾ ਡਰ!" ਨੰਬਰਦਾਰ ਨੇ ਨ੍ਹੇਰੀ ਨੂੰ ਥਾਪੀ ਦਿੱਤੀ।

ਨ੍ਹੇਰੀ ਨੇ ਕੁਝ ਕੁ ਜਲਾਲ ਫੜਿਆ।

-"ਉਏ ਧੱਤੂਆ ਬੋਤਲ ਲਿਆ!" ਨੰਬਰਦਾਰ ਨੇ ਆਪਣੇ ਸੀਰੀ ਨੂੰ ਆਖਿਆ। ਧੱਤੂ ਬੋਤਲ ਲਿਆ ਕੇ ਰੱਖ ਗਿਆ। ਗੰਗਾ ਜਲ ਵਰਗੀ ਘਰ ਦੀ ਕੱਢੀ ਦਾਰੂ ਆਪਣੀ ਮਿਸਾਲ ਆਪ ਸੀ। ਸੋਲ੍ਹਾਂ ਬੋਤਲਾਂ ਵਿਚੋਂ ਧੱਤੂ ਨੇ ਦੁਬਾਰਾ ਕੱਢ ਕੇ ਚਾਰ ਬੋਤਲਾਂ ਬਣਾਈਆਂ ਸਨ। ਦਾਰੂ ਨਿਰੀ ਲਾਟ ਵਰਗੀ ਸੀ।

-"ਭਤੀਜ! ਫਿਕਰ ਕਾਹਦਾ ਕਰਦੈਂ? ਲੈ ਪੀ!" ਨੰਬਰਦਾਰ ਨੇ ਖੱਦਰ ਦਾ ਗਿਲਾਸ ਕੰਗਣੀਂ ਤੱਕ ਭਰ ਕੇ ਨ੍ਹੇਰੀ ਨੂੰ ਦਿੱਤਾ। ਨ੍ਹੇਰੀ ਇੱਕੋ ਸੜ੍ਹਾਕੇ ਨਾਲ ਸੂਤ ਗਿਆ। ਉਸ ਨੇ ਧੁੜਧੜ੍ਹੀ ਲੈ ਕੇ ਸਾਗ ਦਾ ਚਮਚਾ ਮੂੰਹ ਵਿਚ ਪਾਇਆ।

-"ਜਿੰਨ੍ਹਾਂ ਨੇ ਸੁੱਥਣਾਂ ਸੁਆਈਐਂ-ਓਸ ਕੰਮ ਨੂੰ ਥਾਂ ਪਹਿਲਾਂ ਰੱਖਿਐ! ਲੈ ਤੇਹਰਵੇਂ ਰਤਨ ਦੀ ਕਸਮ ਐਂ-ਜਿੱਥੇ ਮਰਜੀ ਐ ਝੋਕ ਦੇਈਂ!"

-"ਚਾਚਾ ਮੈਂ ਮਾਰ ਖਾਨੈਂ ਨਾਂਅਵੇਂ ਛਾਂਅਵੇਂ ਅੱਲੋਂ-ਹੋਰ ਮੈਂ ਕਾਹਨੂੰ-।" ਨ੍ਹੇਰੀ ਨੂੰ ਆਰਥਿਕ ਹਾਲਤ ਲਈ ਬੈਠੀ ਸੀ।

-"ਤੇ ਮੈਂ ਮਰ ਗਿਆ? ਜਦੋਂ ਕਹੇਂ ਕਿੱਲਾ ਫੂਕ ਦਿਆਂਗੇ! ਹਰਾਮਦਾ ਹੋਵੇ ਜਿਹੜਾ ਝੂਠ ਬੋਲੇ-ਹੋਰ ਦੱਸ?" ਨੰਬਰਦਾਰ ਨੇ ਉਸ ਦੇ ਚਿਹਰੇ ਦਾ ਨਿਰਨਾ ਲਿਆ।

ਜਿਵੇਂ ਬੇਸੁਰਤ, ਫੱਟੜ ਸੱਪ ਦੇ ਸਿਰ ਉਤੇ ਕਿਸੇ ਨੇ ਅੱਕ ਚੋਅ ਦਿੱਤਾ ਸੀ। ਨ੍ਹੇਰੀ ਨੇ ਇਕ ਤਰ੍ਹਾਂ ਨਾਲ ਫ਼ਣ ਚੁੱਕਿਆ। ਉਸ ਦੇ ਦਿਲ ਨੇ ਕੋਈ ਹਾਮੀਂ ਭਰੀ ਸੀ। ਉਸ ਨੇ ਸਾਹਮਣੇ ਬੈਠੇ ਚਾਚੇ ਨੰਬਰਦਾਰ ਵੱਲ ਤੱਕਿਆ। ਘਰਾਂ 'ਚੋਂ ਲੱਗਦਾ ਚਾਚਾ ਉਸ ਸਾਹਮਣੇ ਗੰਧਾਲੇ ਵਾਂਗ ਗੱਡਿਆ ਬੈਠਾ

ਸੀ। ਦਾਰੂ ਦੇ ਨਸ਼ੇ ਨੇ ਜਿਵੇਂ ਨ੍ਹੇਰੀ ਨੂੰ ਲਾਹਣਤ ਪਾਈ। ਉਹ ਤਾਂ ਚਾਚੇ 'ਤੇ ਐਵੇਂ ਹੀ ਸ਼ੱਕ ਕਰੀ ਜਾ ਰਿਹਾ ਸੀ?

-"ਚਾਅਚਾ---!" ਨ੍ਹੇਰੀ ਨੇ ਚਾਚੇ ਗਲ ਲੱਗ ਕੇ ਧਾਹ ਮਾਰੀ।

-"ਤੇਰੀ ਖਾਤਰ ਮੈਂ ਫਾਕੜਾਂ ਹੋਜਾਂ-ਤੂੰ ਗੱਲਾਂ ਕਿਹੜੀਆਂ ਕਰਦੈਂ? ਮੌਜਾਂ ਕਰ-ਬੁੱਲੇ ਲੁੱਟ-ਉਹਦੀ ਮਾਂ ਦੀ---ਜਿਹੜਾ ਆਪਣਾ ਮੂਤ ਵੀ ਉਲੰਘ ਜਾਏ!" ਰੋਂਦੇ ਨ੍ਹੇਰੀ ਨੂੰ ਨੰਬਰਦਾਰ ਥਾਪੜੀ ਜਾ ਰਿਹਾ ਸੀ।

-"ਚਾਚਾ! ਜੇ ਤੂੰ ਮੇਰੀ ਪਿੱਠ 'ਤੇ ਰਹੇਂ-ਮੈਂ ਤਾਂ ਸਾਰਾ ਪਿੰਡ ਫਨਾਂਹ ਕਰ ਦਿਆਂ!" ਦੂਜੀ ਬੋਤਲ ਦੇ ਹਾੜੇ ਨ੍ਹੇਰੀ ਨੂੰ ਭੂਚਾਲ ਵਾਂਗ ਚੜ੍ਹੇ ਸਨ।

-"ਮਰਦਾਂ ਦਾ ਬਚਨ ਐਂ-ਜਿਹੜਾ ਪਿੱਛੇ ਹਟੇ-ਆਪਣੀ ਭੈਣ ਨਾਲ ਮਾੜਾ ਕਰੇ।" ਨੰਬਰਦਾਰ ਨ੍ਹੇਰੀ ਨੂੰ ਸਿਆਸੀ ਨਿਆਣੇ ਮਾਰ-ਮਾਰ ਸੁੱਟ ਰਿਹਾ ਸੀ।

-"ਉਏ ਧੱਤੂਆ! ਸਾਡੇ ਭਤੀਜ ਆਸਤੇ ਮੰਜਾ ਵਿਛਾਅ!"

ਧੱਤੂ ਨੇ ਮੰਜਾ ਵਿਛਾਅ ਦਿੱਤਾ।

ਅਲਕ ਵਹਿੜਕੇ ਵਾਂਗ ਝੂਲਦੇ ਨ੍ਹੇਰੀ ਨੂੰ ਮੰਜੇ ਉਪਰ ਲਿਟਾ ਦਿੱਤਾ। ਉਸ ਦੇ ਨੱਕ ਵਿਚੋਂ ਘੁਰਾੜ੍ਹਿਆਂ ਦੀ ਨਹੀਂ, ਜਿਵੇਂ ਭੜ੍ਹਾਕਿਆਂ ਦੀ ਅਵਾਜ਼ ਆ ਰਹੀ ਸੀ!

ਕਮਰੇ ਅੰਦਰ ਦਾਰੂ ਦੀ ਬੂਅ ਫ਼ੈਲੀ ਹੋਈ ਸੀ।

ਨੰਬਰਦਾਰ ਰੋਟੀ ਖਾ ਕੇ ਕੋਠੇ ਉਤੇ ਪੈ ਗਿਆ।

ਧੱਤੂ ਨ੍ਹੇਰੀ ਸਿਰਹਾਣੇ ਪਾਣੀ ਰੱਖ ਗਿਆ।

-"ਤੂੰ ਜਿਹੜੇ ਤਾਣੇ ਬੁਣਦਾ ਫਿਰਦੈਂ-ਕੁਛ ਨ੍ਹੀ ਮਿਲਣਾ ਇਹਦੇ 'ਚੋਂ-ਬਦਨਾਮੀ ਈ ਬਦਨਾਮੀ ਐਂ ਨੰਬਰਦਾਰਾ!" ਨੰਬਰਦਾਰ ਦੀ ਘਰਵਾਲੀ ਚਿੰਤ ਕੌਰ ਨੇ ਸ਼ਰਾਬੀ ਨੰਬਰਦਾਰ ਨੂੰ ਸਮਝਾਇਆ।

-"ਬੰਦਿਆਂ ਦੀ ਗੱਲ 'ਚ ਬੁੜ੍ਹੀਆਂ ਦਾ ਬੋਲਣ ਦਾ ਕੋਈ ਕੰਮ ਨ੍ਹੀ-ਤੂੰ ਆਬਦਾ ਮੂੰਹ ਬੰਦ ਰੱਖਿਆ ਕਰ!" ਨੰਬਰਦਾਰ ਪਹਿਲੇ ਝਟਕੇ ਹੀ ਚਿਮਟੇ ਨਾਲੋਂ ਸੁਆਹ ਝਾੜਣ ਦਾ ਆਦੀ ਸੀ।

-"ਕੋਲਿਆਂ ਦੀ ਦਲਾਲੀ 'ਚ ਕਿਸੇ ਨੇ ਸ਼ਾਬਾਸ਼ੇ ਨਹੀਂ ਲਈ-ਆਖਰ ਮੂੰਹ ਈ ਕਾਲਾ ਹੁੰਦੈ ਨੰਬਰਦਾਰਾ!" ਉਹ ਬੜੀ ਹੌਲੀ ਹੌਲੀ ਬੋਲ ਰਹੀ ਸੀ। ਇੰਜ ਜਾਪ ਰਿਹਾ ਸੀ ਕਿ ਉਹ ਕਾਫ਼ੀ ਚਿਰ ਤੋਂ ਨੰਬਰਦਾਰ ਦੀ ਉਡੀਕ ਵਿਚ ਸੀ।

-"ਬਿੱਲੀਆਂ ਸੰਨ੍ਹ ਬਾਂਦਰ ਆਇਐ-ਖਾ ਲੈਣ ਦੇ ਬੁਰਕੀ ਮੈਨੂੰ ਵੀ।" ਨੰਬਰਦਾਰ ਸ਼ਰਾਬੀ ਹੋਣ ਦੇ ਬਾਵਜੂਦ ਵੀ ਸੰਭਲ ਕੇ ਗੱਲ ਕਰ ਰਿਹਾ ਸੀ। ਉਸ ਨੇ ਪਾਸਾ ਮਾਰਿਆ, ਮੰਜੇ ਦੀਆਂ ਚੂਲਾਂ ਨੇ ਦੁਹਾਈ ਮਚਾ ਦਿੱਤੀ।

-"ਸੱਪ ਨੂੰ ਸੱਪ ਲੜੇ ਤੇ ਵਿਹੁ ਕੀਹਨੂੰ ਚੜ੍ਹੇ? ਇਹ ਤਾਂ ਘਰ ਦਾ ਘਰ ਐ-ਕੱਲ੍ਹ ਨੂੰ ਇਕ ਹੋ ਜਾਣਗੇ-ਤੂੰ ਤਾਂ ਜੁਆਕਾਂ ਦੀ ਦੁਸ਼ਮਣੀ ਪੁਆ ਦੇਵੇਂਗਾ-ਨਾ ਜੁਆਕਾਂ ਨੂੰ ਬਲਦੀ ਦੇ ਬੂਥੇ ਦੇਹ! ਅਖੀਰ ਗੁਆਂਢੀਆਂ ਦੀ ਅੱਗ ਆਬਦੇ ਘਰ ਨੂੰ ਪੈਂਦੀ ਐ।" ਉਹ ਗੱਲਾਂ ਨੂੰ ਰੇਤ ਕੇ ਧਾਰ ਦੇ ਰਹੀ ਸੀ।

-"ਤੂੰ ਮੈਥੋਂ ਬਾਹਲੀ ਸਿਆਣੀ ਐਂ? ਕੁੜੀ ਦੇਣੇ ਜੱਟ ਮੇਰਾ ਬਿੱਘਾ ਦੱਬੀ ਬੈਠੇ ਐ-ਮੇਰੀ ਹਿੱਕ 'ਤੇ ਨਿੱਤ ਸੱਪ ਲਿਟਦੈ-ਹੁਣ ਜਾੜ੍ਹ ਹੇਠ ਆਏ ਵੇ ਵੀ ਸੁੱਕੇ ਛੱਡ ਦਿਆਂ?" ਉਹ ਚਿੰਤ ਕੌਰ ਨੂੰ ਦੱਬਵੇਂ ਦਬਕੇ ਮਾਰ ਰਿਹਾ ਸੀ।

-"ਵੇ ਅੱਗ ਲੱਗੜਿਆ! ਬਿੱਘੇ ਤਾਂ ਹੱਥਾਂ ਦੀ ਮੈਲ ਐ! ਆਬਦੇ ਘਰੇ ਮੱਚੀ ਬਸੰਤਰ ਹਰ ਇਕ ਨੂੰ ਕੇੜਾ ਚਾੜ੍ਹਦੀ ਐ-ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ-ਝੱਗਾ ਚੁੱਕਿਆਂ ਆਬਦਾ ਢਿੱਡ ਈ ਨੰਗਾ ਹੁੰਦੈ! ਹਾੜ੍ਹੇ ਰੱਬ ਦੇ ਵਾਸਤੇ! ਹੱਟ ਜਾਹ ਘਤਿੱਤਾਂ ਕਰਨੋਂ! ਸਿਆਣਾ ਬਿਆਣੈਂ-ਧੌਲੇ ਮੂੰਹ 'ਤੇ ਐ-ਇੱਜਤ ਆਬਦੀ ਆਬਦੇ ਹੱਥ ਹੁੰਦੀ ਐ-ਜੇ ਕਿਸੇ ਨਾਲ ਚੰਗੀ ਨਹੀਂ ਤਾਂ ਮਾੜੀ ਤਾਂ ਨਾ ਕਰ!"

-"ਤੈਥੋਂ ਹੁਣ ਪਈਦਾ ਨ੍ਹੀ ਕੁੱਤੀਏ? ਮੈਂ ਮਾਰ ਮਾਰ ਜਾਭਾਂ ਭੰਨਦੂੰ!" ਨੰਬਰਦਾਰ ਨੇ ਗੁੱਝਾ ਘੂਰਿਆ। ਉਹ ਨਹੀਂ ਚਾਹੁੰਦਾ ਸੀ ਕਿ ਗੁਆਂਢੀਆਂ ਨੂੰ ਤਮਾਸ਼ਾ ਦਿਖਾਇਆ ਜਾਵੇ। ਪਰ ਅੰਦਰੋਂ ਉਹ ਜ਼ਰੂਰ ਥਿੜਕ ਗਿਆ ਸੀ। ਉਸ ਦੇ ਗੁੰਮ ਹੋਸ਼ਾਂ ਨੂੰ ਤੁਣਕਾ ਵੱਜਿਆ ਸੀ। ਚਿੰਤ ਕੌਰ ਦੀਆਂ ਕਹੀਆਂ ਠੋਸ ਗੱਲਾਂ ਉਸ ਦੇ ਦਿਲ 'ਤੇ ਅਸਮਾਨੋਂ ਟੁੱਟੇ ਤਾਰੇ ਵਾਂਗ ਲੀਕ ਪਾ ਗਈਆਂ ਸਨ।

ਚਿੰਤ ਕੌਰ ਵਾਕਿਆ ਹੀ ਚਿੰਤਾ ਦੀ ਚਿਫ਼ਾ ਵਾਂਗ ਧੁਖ ਰਹੀ ਸੀ। ਕਿਸੇ ਕਲੇਸ਼ ਦਾ ਡਰ ਉਸ ਅੰਦਰ ਵਰਮੇਂ ਵਾਂਗ ਸੱਲ ਮਾਰ ਰਿਹਾ ਸੀ। ਕੋਈ ਘੁਣ ਉਸ ਨੂੰ ਅੰਦਰੇ ਅੰਦਰ ਖਾ ਰਿਹਾ ਸੀ। ਦੋ ਜੁਆਨ ਪੁੱਤਾਂ ਦੀ ਪੂੰਜੀ ਉਸ ਨੂੰ ਖੁਰਦੀ ਖੁਰਦੀ ਪ੍ਰਤੀਤ ਹੋ ਰਹੀ ਸੀ। ਅਜੋਕੇ ਸਮੇਂ ਦੇ ਕਾਲੇ ਕਾਨੂੰਨਾਂ ਬਾਰੇ ਸੁਣ, ਸੋਚ ਕੇ ਉਹ ਧੁਰ ਅੰਦਰੋਂ ਕੰਬ ਕੇ ਰਹਿ ਜਾਂਦੀ। ਅੱਜ ਕੱਲ੍ਹ ਤਾਂ ਸਿੱਖਾਂ ਦੇ ਮੁੰਡੇ ਆਟੇ ਦੇ ਦੀਵੇ ਵਾਂਗ ਸਨ। ਅੰਦਰੋਂ ਚੂਹਿਆਂ ਦਾ ਅਤੇ ਬਾਹਰੋਂ ਕਾਵਾਂ ਦਾ ਡਰ ਸੀ। ਕੀ ਕਿਸੇ ਸ਼ਰੀਕ ਦਾ ਮੂੰਹ ਫੜ ਲੈਣਾ ਸੀ? ਅਗਲੇ ਨੇ ਠਾਣੇ ਜਾ ਕੇ ਜ਼ਬਾਨ ਹੀ ਹਿਲਾ ਦੇਣੀਂ ਸੀ ਬਈ ਇਹਦੇ ਅੱਤਿਵਾਦੀਆਂ ਨਾਲ ਸਬੰਧ ਐ! ਸੋਚਦੀ ਸੋਚਦੀ ਚਿੰਤ ਕੌਰ ਪੁਰਾਣੇ ਖਣਾਂ ਵਾਂਗ ਅੰਦਰੋ ਅੰਦਰੀ ਕਿਰਦੀ ਰਹਿੰਦੀ।

-"ਹੇ ਵਾਖਰੂ--!" ਬਲਦੀ ਚਿਤਾ ਵਾਂਗ ਹਾਉਕਾ ਲੈ ਕੇ ਚਿੰਤੀ ਨੇ ਪਾਸਾ ਪਰਤਿਆ। ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਉਹ ਘੁੰਮਦੀਆਂ ਖਿੱਤੀਆਂ ਵੱਲ ਬੜੇ ਗਹੁ ਨਾਲ ਤੱਕ ਰਹੀ ਸੀ। ਫਿਰ ਇਕ ਤਾਰਾ ਲੀਕ ਪਾਉਂਦਾ ਟੁੱਟਿਆ। ਚਿੰਤੀ ਨੇ ਥੁੱਕ ਕੇ "ਵਾਹਿਗੁਰੂ" ਕਿਹਾ। ਜਦੋਂ ਕੋਈ ਤਾਰਾ ਟੁੱਟਦੈ

ਤਾਂ ਕੋਈ ਮਰਦੈ। ਉਹ ਆਪਣੀ ਦਾਦੀ ਤੋਂ ਸੁਣਿਆ ਕਰਦੀ ਸੀ। ਹੁਣ ਜਿਵੇਂ ਮੁੰਡੇ ਮਰਦੇ ਐ, ਇਉਂ ਤਾਂ ਹੁਣ ਤੱਕ ਅੱਧਾ ਅਸਮਾਨ ਖਾਲੀ ਹੋਇਆ ਹੁੰਦਾ! ਉਸ ਨੂੰ ਆਪਣੀ ਦਾਦੀ ਦੀ ਗੱਲ 'ਤੇ ਯਕੀਨ ਨਹੀਂ ਆ ਰਿਹਾ ਸੀ। ਜਿਵੇਂ ਦਾਦੀ ਝੂਠ ਬੋਲਦੀ ਰਹੀ ਸੀ। ਫਿਰ ਪਤਾ ਨਹੀਂ ਕਦੋਂ ਚਿੰਤ ਕੌਰ ਨੂੰ ਨੀਂਦ ਨੇ ਘੇਰ ਲਿਆ। ਬਰਾਬਰ ਪਏ ਨੰਬਰਦਾਰ ਦੇ ਘੁਰਾੜ੍ਹੇ ਘਰਾਟ ਵਾਂਗ ਚੱਲ ਰਹੇ ਸਨ।

---------------- ਕਾਂਡ ਦਸਵਾਂ -------------

ਪੰਜਾਬ ਰੋਡਵੇਜ਼ ਦੀ ਪਹਿਲੀ ਬੱਸ ਤੋਂ ਕਰਮਾਂ ਉਤਰਿਆ।

ਉਸ ਨੇ ਪੂਰੀਆਂ ਨਾਸਾਂ ਖੋਲ੍ਹ ਕੇ ਸਾਹ ਲਿਆ ਸੀ। ਪਿੰਡ ਦੀ ਮਿੱਟੀ ਦੀ ਮਹਿਕ ਉਸ ਨੂੰ ਚੰਦਨ ਦੀ ਮਹਿਕ ਵਰਗੀ ਜਾਪੀ ਸੀ। ਤਰੇਲ ਨਾਲ ਭਿੱਜੀ ਮਿੱਟੀ ਜਿਵੇਂ ਕਿਸੇ ਸ਼ੁਕਰਾਨੇ ਵਿਚ ਅਡੋਲ ਪਈ ਸੀ। ਉਸ ਨੇ ਅਗਵਾੜੀ ਭੰਨੀ। ਆਸਾ ਪਾਸਾ ਮੋਹ ਨਾਲ ਤੱਕਿਆ। ਉਸ ਦਾ ਦਿਲ ਹਾਮੀਂ ਭਰ ਗਿਆ ਕਿ ਇਹ ਉਸੀ ਦਾ ਹੀ ਪਿੰਡ ਸੀ।

ਅੱਡੇ ਤੋਂ ਸਿੱਧਾ ਉਹ ਸੜਕ ਪੈ ਗਿਆ। ਉਸ ਕੋਲ ਦੀ ਇਕ ਟਰੱਕ ਚੰਘਿਆੜਦਾ ਲੰਘਿਆ। ਐਵੇਂ ਨਹੀਂ ਲੋਕ ਗਾਉਂਦੇ, "ਜੀ ਟੀ ਰੋਡ 'ਤੇ ਦੁਹਾਈਆਂ ਪਾਵੇ-ਨੀ ਯਾਰਾਂ ਦਾ ਟਰੱਕ ਬੱਲੀਏ---!" ਉਹ ਅੰਦਰੋ ਅੰਦਰੀ ਹੱਸ ਪਿਆ। ਟਰੱਕ ਨਹੀਂ ਜਿਵੇਂ ਉਸ ਕੋਲ ਦੀ ਕੋਈ ਜੰਗਲੀ ਹਾਥੀ ਗੁਜ਼ਰਿਆ ਸੀ।

ਕਰਮਾਂ ਲੁਧਿਆਣੇ ਪਟੇ, ਕਮਾਨੀਆਂ ਦਾ ਕੰਮ ਕਰਦਾ ਸੀ। ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲਾ ਕਰਮਾਂ ਸਿੱਧਾ ਸਾਧੂ ਬੰਦਾ ਸੀ। ਸਰੀਰ ਦਾ ਮਾੜਚੂ ਜਿਹਾ ਹੋਣ ਕਰਕੇ ਉਹ ਖੇਤੀਬਾੜੀ ਦੇ ਡਰੋਂ ਲੁਧਿਆਣੇਂ ਆਪਣਾ ਬਾਹਵਾ ਕੰਮ ਤੋਰ ਕੇ ਬੈਠ ਗਿਆ ਸੀ।

ਸਵੇਰੇ ਸਵੇਰੇ ਲੋਕ ਜੰਗਲ ਪਾਣੀ ਲਈ ਨਿਕਲ ਤੁਰੇ ਸਨ। ਜਾਨਵਰ ਚਹਿਕ ਰਹੇ ਸਨ। ਚੜ੍ਹਦੇ ਸੂਰਜ ਦੀ ਲਾਲੀ ਧਰਤੀ 'ਤੇ ਰੋਸ਼ਨੀ ਬਣ ਡੁੱਲ੍ਹ ਪਈ ਸੀ। ਘਾਹ 'ਤੇ ਪਈ ਤਰੇਲ ਦੇ ਤੁਪਕੇ ਕਿਸੇ ਮੋਤੀ ਵਾਂਗ ਡਲਕ ਰਹੇ ਸਨ। ਕਿਸੇ ਘਰੋਂ ਪਸ਼ੂ ਰੰਭਣ ਦੀ ਆਵਜ਼ ਆ ਰਹੀ ਸੀ। ਕਿਸੇ ਘਰੇ ਜੁਆਕ ਚਾਹ ਪਿੱਛੇ ਕਲੇਸ਼ ਪਾਈ ਬੈਠੇ ਸਨ। ਕਿਸੇ ਘਰੋਂ ਕਿਸੇ ਅਮਲੀ ਦਾ ਹੂੰਗਾ ਸੁਣ ਰਿਹਾ ਸੀ ਅਤੇ ਕਿਤੇ ਕੋਈ ਲੰਡਰ ਜਿਹਾ ਕੁੱਤਾ ਭੌਂਕ ਰਿਹਾ ਸੀ।

ਸੰਸਾਰ ਵਿਚ ਜ਼ਿੰਦਗੀ ਫਿਰ ਧੜਕਣ ਲੱਗ ਪਈ ਸੀ।

-"ਤਾਇਆ ਜੀ ਸਤਿ ਸ੍ਰੀ ਅਕਾਲ---!" ਖ਼ੁਸ਼ ਦਲੀਲ ਕਰਮੇਂ ਨੇ ਚੰਨਣ ਸਿੰਘ ਨੂੰ ਕਿਹਾ। ਉਹ ਪਾਣੀ ਵਾਲਾ ਲੀਟਰ ਭਰੀ 'ਮੈਦਾਨ ਮਾਰਨ' ਜਾ ਰਿਹਾ ਸੀ।

-''ਉਏ ਆ ਬਈ ਕਰਮਿਆਂ-ਸਤਿਗੁਰੂ ਰਾਜੀ ਰੱਖੇ! ਅੱਜ ਆਇਐਂ?'' ਉਸ ਨੇ ਕਰਮੇਂ ਨੂੰ ਪੁੱਛਿਆ। ਭਰੜਾਈ ਅਵਾਜ਼ ਵਿਚ ਪੀਤੀ ਚਾਹ ਦਾ ਤਹਿਤ ਨਜ਼ਰ ਨਹੀਂ ਆਉਂਦਾ ਸੀ। ਉਸ ਦੇ ਹੱਡ ਪੈਰ ਖਿੱਲਰੇ ਜਿਹੇ ਨਜ਼ਰ ਆ ਰਹੇ ਸਨ।

-''ਬੱਸ ਤਾਇਆ ਜੀ ਤੁਰਿਆ ਈ ਆਉਨੈਂ-ਹੋਰ ਕੋਈ ਨਵੀਂ ਤਾਜੀ-- ?'' ਕਰਮੇਂ ਨੇ ਪੁੱਛਿਆ।

-''ਕਾਹਦੀ ਨਵੀਂ ਤਾਜੀ ਐ ਸ਼ੇਰਾ-ਤੇਰਾ ਤਾਂ ਕਰਮਿਆਂ ਘਰ ਈ ਉਜੜ ਗਿਆ-ਇਹ ਤਾਂ ਜਿਵੇਂ ਰੱਬ ਨੇ ਕੋਠੇ ਚੜ੍ਹ ਕੇ ਵੈਰ ਲਿਐ--।'' ਕਹਿਰਾਂ ਦੇ ਦੁੱਖ ਨਾਲ ਚੰਨਣ ਸਿੰਘ ਦੱਸ ਰਿਹਾ ਸੀ। ਉਸ ਦੇ ਹੱਥ ਵਿਚ ਫੜਿਆ ਤਾਰ ਦਾ ਕੁੰਡਾ ਕੰਬ ਰਿਹਾ ਸੀ।

-''ਕੀ ਗੱਲ ਹੋਗੀ ਤਾਇਆ ਜੀ-- ?'' ਉਹ ਚੌਂਕਿਆ। ਬਾਬੇ ਦੀ ਮਨਹੂਸ ਗੱਲ ਨੇ ਉਸ ਦਾ ਕਾਲਜਾ ਕੱਢ ਲਿਆ ਸੀ।

-''ਉਏ ਸ਼ੇਰਾ ਤੇਰਾ ਤਾਂ ਘਰ ਪੱਟਿਆ ਗਿਆ-ਤੇਰੇ ਘਰੋਂ ਤਿੰਨ ਕੁੜੀਆਂ ਨੂੰ ਲੈ ਕੇ ਸੁਰਗਵਾਸ ਹੋਗੀ।'' ਬਜੁਰਗ ਦੇ ਮੂੰਹੋਂ ਜਿਵੇਂ ਲਾਟ ਨਿਕਲੀ ਸੀ। ਜਿਸ ਨੇ ਕਰਮੇਂ ਦਾ ਦਿਲ ਸਾੜ ਦਿੱਤਾ ਸੀ। ਕਰਮੇ ਦੇ ਦਿਮਾਗ 'ਚ ਬਿੰਡੇ ਟਿਆਂਕਣ ਲੱਗ ਪਏ। ਉਸ ਦਾ ਸਰੀਰ ਸੁੰਨ ਅਤੇ ਕੰਨ ''ਟੀਂ-ਟੀਂ'' ਕਰ ਰਹੇ ਸਨ। ਚੜ੍ਹਦਾ ਸੂਰਜ ਕਰਮੇਂ ਨੂੰ ਆਪਣੇ ਉਤੇ ਡਿੱਗਦਾ ਜਾਪਿਆ।

ਪਰ੍ਹਿਉਂ ਹੱਡਾਂ ਰੋੜੀ ਕੋਲੋਂ ਕੋਈ ਗਿਰਝ ਕੁਰਲਾਉਂਦੀ ਅਸਮਾਨ ਨੂੰ ਉਡ ਗਈ। ਗੁੰਮ ਸੁੰਮ ਹੋਇਆ ਕਰਮਾਂ ਸਿਰਤੋੜ ਆਪਣੇ ਘਰ ਵੱਲ ਨੂੰ ਦੌੜ ਪਿਆ। ਉਸ ਨੂੰ ਸੁਰਤ ਸੰਭਾਲ ਦੀ ਕੋਈ ਹੋਸ਼ ਨਹੀਂ ਸੀ।

ਬਾਹਰ ਅੰਦਰ ਜਾਂਦੀਆਂ ਬੁੜ੍ਹੀਆਂ ਨੇ ਭੱਜੇ ਜਾਂਦੇ ਕਰਮੇਂ ਵੱਲ ਤੱਕਿਆ। ਪਰ ਚੁੱਪ ਕਰ ਗਈਆਂ। ਉਹ ਡਰੀ ਗਊ ਵਾਂਗ ਚੁੱਪ-ਚਾਪ ਘਰ ਨੂੰ ਭੱਜਿਆ ਹੀ ਜਾ ਰਿਹਾ ਸੀ।

ਘਰ ਜਾ ਕੇ ਤੱਕਿਆ ਤਾਂ ਘਰ ਕੋਈ ਭੂਤਾਂ ਦਾ ਖੂਹ ਨਜ਼ਰ ਆਉਂਦਾ ਸੀ। ਹਰ ਕੌਰ ਕਿਸੇ ਪੀਚੀ ਗੰਢ ਵਾਂਗ ਭੁੰਜੇ ਹੀ ਦੋੜਾ ਵਿਛਾਈ ਪਈ ਸੀ। ਧਰਤੀ 'ਤੇ ਪਈ ਉਹ ਹੱਡੀਆਂ ਦੀ ਮੁੱਠ ਹੀ ਤਾਂ ਨਜ਼ਰ ਆਉਂਦੀ ਸੀ।

-''ਬੇਬੇ--!'' ਕਰਮੇਂ ਨੇ ਜਾ ਕੇ ਹਰ ਕੌਰ ਨੂੰ ਹਲੂਣਿਆਂ।

-''----- ?'' ਹਰ ਕੌਰ ਕਾਫ਼ੀ ਦੇਰ ਅੱਡੀਆਂ ਅੱਖਾਂ ਨਾਲ ਕਰਮੇਂ ਨੂੰ ਦੇਖਦੀ ਰਹੀ। ਜਿਵੇਂ ਸ਼ਾਇਦ ਉਸ ਨੂੰ ਪਹਿਚਾਣ ਨਹੀਂ ਆ ਰਹੀ ਸੀ। ਉਹ 'ਕਸਰ' ਵਾਲਿਆਂ ਵਾਂਗ ਓਪਰੀ-ਓਪਰੀ ਜਿਹੀ ਝਾਕ ਰਹੀ ਸੀ। ਕਾਫ਼ੀ ਚਿਰ ਬਾਅਦ ਉਹ ਉਠ ਕੇ ਬੈਠੀ।

-"ਕਰਮਾਂ ਐਂ-- ?" ਉਸ ਨੇ ਕਾਫ਼ੀ ਦੇਰ ਬਾਅਦ ਪੁੱਛਿਆ। ਕਾਫ਼ੀ ਚਿਰ ਬਾਅਦ ਜਿਵੇਂ ਉਸ ਨੂੰ ਵਿਸ਼ਵਾਸ ਆਇਆ ਸੀ।

-"ਹਾਂ ਬੇਬੇ--!" ਕਰਮੇਂ ਨੇ ਜਿਵੇਂ ਲੇਰ ਮਾਰੀ ਸੀ।

-"ਆ ਗਿਐਂ ਪੁੱਤ---!" ਉਸ ਨੇ ਪੁੱਤ ਦਾ ਸਿਰ ਪਲੋਸਿਆ। ਢਿੱਡ ਦੀ ਅੱਗ ਨੂੰ ਆਪਣੇ ਪਿੰਜਰ ਹੋਏ ਸਰੀਰ ਨਾਲ ਘੁੱਟਿਆ। ਕਰਮੇਂ ਨੂੰ ਬੇਬੇ ਦੀਆਂ ਹੱਡੀਆਂ ਚੁਭੀਆਂ। ਜੋ ਉਸ ਨੂੰ ਪਿਆਰੀਆਂ-ਪਿਆਰੀਆਂ ਜਿਹੀਆਂ ਲੱਗੀਆਂ। ਪਤਾ ਨਹੀਂ ਅੱਜ ਉਸ ਨੂੰ ਬੇਬੇ ਦਾ ਬਹੁਤਾ ਹੀ ਮੋਹ ਜਿਹਾ ਆ ਰਿਹਾ ਸੀ। ਜਿਵੇਂ ਉਹ ਬੇਬੇ ਦੀ ਬੁੱਕਲ ਲਈ ਹਾਬੜਿਆ ਪਿਆ ਸੀ। ਪਤਾ ਨਹੀਂ ਉਸ ਨੂੰ ਕਿਉਂ ਬੇਬੇ ਦੇ ਪਿੰਡੇ ਵਿਚੋਂ ਆਉਂਦੀ ਪਸੀਨੇ ਦੀ ਹੌਂਕ ਮਿੱਠੀ-ਮਿੱਠੀ ਲੱਗ ਰਹੀ ਸੀ। ਉਸ ਨੇ ਘੁੱਟ ਕੇ ਬੇਬੇ ਨੂੰ ਜੱਫ਼ੀ ਪਾ ਲਈ। ਮਾਂ ਨਿਤਾਣੇ ਜਿਹੇ ਹੱਥਾਂ ਨਾਲ ਉਸ ਨੂੰ ਟੋਹ ਰਹੀ ਸੀ।

-"ਤੂੰ ਪੁੱਤ ਕਾਹਨੂੰ ਆਉਣਾ ਸੀ-ਅੱਗ ਲੱਗੜੇ ਹੱਥ ਧੋ ਕੇ ਮਗਰ ਪਏ ਵੇ ਐ?" ਜਿਵੇਂ ਬੇਬੇ ਨੇ ਮੂੰਹ ਵਿਚ ਹੀ ਆਖਿਆ। ਕਰਮੇਂ ਨੂੰ ਸ਼ਾਇਦ ਸੁਣਿਆ ਨਹੀਂ ਸੀ।

-"----।" ਉਹ ਚੁੱਪ ਸੀ।

-"ਪੁੱਤ! ਆਹ ਦਿਨ ਵੀ ਦੇਖਣੇ ਸੀ--!" ਬੇਬੇ ਦੇ ਨੱਕ ਦੀਆਂ ਅੱਸੀਆਂ ਫ਼ਰਕੀਆਂ। ਉਸ ਦਾ ਕੋਈ ਬੰਨ੍ਹਿਆਂ

ਬੰਨ੍ਹ ਖੁੱਲ੍ਹ ਗਿਆ। ਉਹ ਪੁੱਤ ਗਲ ਲੱਗ ਕੇ ਧਾਹਾਂ ਮਾਰ ਰੋਣ ਲੱਗ ਪਈ।

ਕਰਮਾ ਵੀ ਚੁੱਪ ਚਾਪ ਰੋਈ ਜਾ ਰਿਹਾ ਸੀ।

ਹੌਲੀ-ਹੌਲੀ ਘਰ ਦੇ ਜੀਅ ਅਤੇ ਫਿਰ ਗੁਆਂਢੀ ਇਕੱਠੇ ਹੋ ਗਏ। ਕਰਮੇਂ ਨੂੰ ਬੇਬੇ 'ਤੇ ਬੇਤਹਾਸ਼ਾ ਤਰਸ ਜਿਹਾ ਆਇਆ। ਜਿਸ ਨੇ ਸਾਰੀ ਉਮਰ ਸੁਖ ਨਹੀਂ ਦੇਖਿਆ ਸੀ। ਬਚਪਨ ਮਤਰੇਈ ਮਾਂ ਹੇਠ ਕੱਟਿਆ ਸੀ। ਜਵਾਨੀ ਸ਼ਰਾਬੀ ਪਤੀ ਅਤੇ ਅੜਬ ਸੱਸ ਥੱਲੇ ਕੱਟੀ ਸੀ। ਫਿਰ ਹੁਣ ਤਾਂ ਬੇਬੇ ਵਿਚਾਰੀ ਦਾ ਤਾਂ ਬੁੜ੍ਹੇਪਾ ਵੀ ਰੁਲ ਗਿਆ ਸੀ। ਨੂੰਹਾਂ ਅਤੇ ਪੋਤੀਆਂ ਦਾ ਦੁੱਖ ਕਿਹੜਾ ਘੱਟ ਹੁੰਦਾ ਹੈ? ਬੇਬੇ ਦੀ ਮਲੂਕੜੀ ਜਿਹੀ ਜਿੰਦ ਜਿਵੇਂ ਦਿਨਾਂ ਵਿਚ ਹੀ ਹਾਰ ਗਈ ਸੀ। ਝੱਖੜ ਦੇ ਝੰਬੇ ਦਰੱਖਤ ਵਾਂਗ ਬੇਬੇ ਦੁੱਖਾਂ ਨੇ ਖਾ ਹੀ ਤਾਂ ਲਈ ਸੀ।

ਚੁੱਪ-ਚਾਪ ਰੋਂਦਾ ਕਰਮਾਂ ਸੋਚ ਰਿਹਾ ਸੀ।

ਆਂਢੀ-ਗੁਆਂਢੀ ਧਰਵਾਸ ਦੇ ਰਹੇ ਸਨ। ਗੁਆਂਢੀਆਂ ਦੇ ਘਰੋਂ ਚਾਹ ਆ ਗਈ।

ਸ਼ਿੰਦੇ ਨੇ ਦੋ ਗਿਲਾਸਾਂ ਵਿਚ ਚਾਹ ਪਾ ਕੇ ਬੇਬੇ ਅਤੇ ਕਰਮੇਂ ਨੂੰ ਫੜਾਈ। ਦੋਹਾਂ ਨੇ ਚਾਹ ਫੜ ਕੇ ਹੇਠਾਂ ਹੀ ਰੱਖ ਦਿੱਤੀ।

-"ਪੀਓ ਭਾਈ ਪੀਓ! ਜਾਣ ਵਾਲੇ ਤੁਰ ਜਾਂਦੇ ਐ-ਪਰ ਜਿਉਂਦੇ ਜੀਆਂ ਤੋਂ ਕੁਛ ਨ੍ਹੀ ਛੁੱਟਦਾ---!" ਕਿਸੇ ਬਜੁਰਗ ਨੇ ਕਿਹਾ।

-"ਹੈਂ ਬੇਬੇ! ਉਹ ਸੱਚੀਂ ਮਰਗੀ---?" ਕਰਮੇਂ ਨੇ ਜਿਵੇਂ ਪਾਗਲਾਂ ਵਾਂਗ ਬੇਬੇ ਨੂੰ ਪੁੱਛਿਆ ਸੀ। ਉਹ ਸ਼ੁਦਾਈਆਂ ਵਾਂਗ ਸਿੱਧਾ-ਸਲੋਟ ਬੇਬੇ ਵੱਲ ਤੱਕ ਰਿਹਾ ਸੀ। ਬੇਬੇ ਨੇ ਫ਼ੌਰਨ ਕਰਮੇਂ ਵੱਲ ਦੇਖਿਆ। ਉਸ ਦੀਆਂ ਗਿੱਦੜ ਦੀ ਖੱਡ ਵਾਂਗ ਡੂੰਘੀਆਂ ਹੋਈਆਂ ਅੱਖਾਂ ਵਿਚ ਕੋਈ ਡਰ ਕੰਬਿਆ। ਉਸ ਦਾ ਦਿਲ ਧੜਕਿਆ। ਕੰਨਾਂ ਵਿਚ 'ਸਾਂ-ਸਾਂ' ਹੋਈ।

-"ਪੁੱਤ ਡਾਢੇ ਰੱਬ ਅੱਗੇ ਕੋਈ ਜੋਰ ਐ--?" ਬੇਬੇ ਨੇ ਆਪਣੇ ਧੁਖਦੇ ਦਿਲ ਦੀ ਫ਼ੂਕ ਨਾਲ ਜਿਵੇਂ ਕਰਮੇਂ ਦੇ ਹਿਰਦੇ ਦੀ ਅੱਗ ਬੁਝਾਉਣੀ ਚਾਹੀ।

-"ਬੇਬੇ ਮੈਨੂੰ ਸੱਦਿਆ ਕਾਹਤੋਂ ਨਾ--?" ਉਸ ਨੇ ਦਿਲ ਦੀ ਭੜ੍ਹਾਸ ਕੱਢੀ।

-"ਵੇ ਸ਼ੇਰਾ! ਅਸੀਂ ਐਥੇ ਬੈਠੇ ਪੰਦਰਾਂ ਜੀਆਂ ਨੇ ਕੀ ਕਰ ਲਿਆ--?" ਬੇਬੇ ਜਿਵੇਂ ਕੁੜਿੱਕੀ ਵਿਚ ਆ ਗਈ ਸੀ। ਢਿੱਡੋਂ ਜੰਮੇਂ ਪੁੱਤ ਤੋਂ ਉਸ ਨੂੰ ਭੈਅ ਆਇਆ।

-"ਮੈਂ ਜਾਂਦੀ ਆਰੀ ਮੂੰਹ ਤਾਂ ਦੇਖ ਲੈਂਦਾ--!" ਉਹ ਚੀਕਿਆ।

-"ਵੇ ਸ਼ੇਰਾ! ਕਿਹੜਾ ਕੋਈ ਸੁਰਤ ਰਹੀ ਐ? ਵੇ ਮੈਂ ਤਾਂ ਬਥੇਰ੍ਹੇ ਵਾੜੇ ਵਲੇ-ਮੇਰੀ ਕਿਹੜਾ ਕੋਈ ਪੇਸ਼ ਗਈ ਐ ਕਰਮਿਆਂ--?" ਆਖ ਕੇ ਬੇਬੇ ਨੇ ਭਰਿਆ ਮਨ ਫਿਰ ਹੌਲਾ ਕਰਨਾ ਸ਼ੁਰੂ ਕਰ ਦਿੱਤਾ।

ਬਾਕੀ ਸਭ ਚੁੱਪ-ਚਾਪ ਧਰਤੀ ਖੁਰਲ ਰਹੇ ਸਨ।

ਝੱਖੜ ਲੰਘ ਜਾਣ ਤੋਂ ਬਾਅਦ ਵਾਲੀ ਸ਼ਾਂਤੀ ਸੀ।

-"ਤੂੰ ਸ਼ੇਰਾ ਚਾਹ ਤਾਂ ਪੀਅ--!" ਕਿਸੇ ਨੇ ਕਿਹਾ।

-"ਮੈਂ ਨ੍ਹੀ ਪੀਣੀਂ ਚਾਹ ਚੂਹ-!" ਉਸ ਨੇ ਗਿਲਾਸ ਚਲਾ ਕੇ ਮਾਰਿਆ। ਉਸ ਦਾ ਮੱਲੋਜ਼ੋਰੀ ਰੋਣ ਨਿਕਲੀ ਜਾ ਰਿਹਾ ਸੀ। ਫਿਰ ਉਸ ਨੂੰ ਪਤਾ ਨਹੀਂ ਕੀ ਸੁੱਝਿਆ? ਬਾਵਰਿਆਂ ਵਾਂਗ ਸਿਵਿਆਂ ਨੂੰ ਦੌੜ ਪਿਆ।

-"ਵੇ ਰੋਕੋ ਵੇ ਲੋਕੋ ਹਾੜ੍ਹੇ! ਕਿਤੇ ਡੁੱਬੜਾ ਖੂਹ ਖਾਤੇ ਨਾ ਪੈ ਜਾਵੇ--!" ਬੇਬੇ ਕੁਰਲਾਈ।

ਲੋਕ ਇੱਕ ਦਮ ਪਿੱਛੇ ਦੌੜ ਪਏ।

-''ਹੌਂਸਲਾ ਰੱਖ ਹਰ ਕੁਰੇ।'' ਕਿਸੇ ਸਿਆਣੀ ਔਰਤ ਨੇ ਦਿਲ ਧਰਾਇਆ।

-''ਨੀ ਹੌਂਸਲਾ ਕਾਹਦੇ ਸਿਰ 'ਤੇ ਰੱਖਾਂ ਅੰਮਾਂ ਜੀ? ਪਤਾ ਨ੍ਹੀ ਕਿਹੜੇ ਜਰਮਾਂ ਦੇ ਦੁੱਖ ਭੋਗਦੇ ਐਂ? ਭਰਿਆ ਭਰਾਇਆ ਘਰ ਮਿੰਟਾਂ 'ਚ ਖੋਲਾ ਬਣ ਗਿਆ-ਚਿੜੀ ਚੂਕਦੀ ਨ੍ਹੀ ਸੁਣਦੀ ਸੀ-ਚਾਰ ਦਿਨ ਮਸਾਂ ਸੌਖ ਦੇ ਆਏ ਸੀ-ਪਤਾ ਨ੍ਹੀ ਕਿਹੜੇ ਭੁੰਨ ਕੇ ਬੀਜੇ ਦਾਣੇ ਅੱਗੇ ਆ ਗਏ?'' ਹਰ ਕੌਰ ਦਾ ਅੰਦਰ ਝੁਲਸਿਆ ਪਿਆ ਸੀ। ਉਹ ਉਠਣੋਂ ਬੈਠਣੋਂ ਵੀ ਆਹਰੀ ਹੋ ਗਈ ਸੀ। ਕਮਜ਼ੋਰੀ ਨੇ ਸਰੀਰ ਨਿਰਬਲ ਕਰ ਦਿੱਤਾ ਸੀ। ਫੱਕਾ ਨਹੀਂ ਛੱਡਿਆ ਸੀ।

ਕਰਮਾਂ ਜਾਣ ਸਾਰ ਸਿਵਿਆਂ ਦੀ ਸੁਆਹ 'ਤੇ ਢੇਰੀ ਹੋ ਗਿਆ। ਉਸ ਦਾ ਸਾਰਾ ਮੂੰਹ ਮੱਥਾ ਪੀਕ ਵਿਚ ਲਿਬੜ ਗਿਆ ਸੀ। ਉਹ ਹਾਲੋਂ ਬੇਹਾਲ ਹੋਇਆ ਉਚੀ-ਉਚੀ ਰੋ ਰਿਹਾ ਸੀ। ਜਾਂਦੇ ਰਾਹੀ ਖੜ੍ਹ ਗਏ ਸਨ। ਚਰਨ ਜਾ ਰਹੇ ਪਸ਼ੂ ਬੁਥਾੜ ਚੁੱਕ ਕੇ ਇਧਰ ਨੂੰ ਤੱਕਣ ਲੱਗ ਪਏ ਸਨ।

ਪਿੰਡ ਦੇ ਤਕੜੇ ਗੱਭਰੂਆਂ ਨੇ ਕਰਮੇਂ ਨੂੰ ਸਾਂਭਿਆ ਅਤੇ ਘਰ ਲੈ ਗਏ।

ਕਰਮੇਂ ਦੀ ਹਾਲਤ ਦੇਖ ਕੇ ਬੇਬੇ ਹੋਰ ਵੀ ਡੁੱਬਦੀ ਜਾ ਰਹੀ ਸੀ।

ਅਚਾਨਕ ਗਿੱਲ ਹੋਰੀਂ ਪਹੁੰਚ ਗਏ।

ਉਹਨਾਂ ਕਰਮੇਂ ਦੀ ਹਾਲਤ ਤੱਕੀ ਤਾਂ ਦਿਲ ਵਿਚ ਸੱਟ ਜਿਹੀ ਵੱਜੀ। ਅਸਲ ਵਿਚ ਉਹ ਸਾਰੇ ਸਿੱਧੇ ਲੁਧਿਆਣੇਂ ਤੋਂ ਹੀ ਆ ਰਹੇ ਸਨ। ਪਿਛਲੀ ਰਾਤ ਉਹਨਾਂ ਨੇ ਚਚਰਾੜੀ ਕੱਟੀ ਸੀ।

ਜੁੰਡੀ ਦੇ ਯਾਰ ਕਰਮੇਂ ਦੀ ਇਹ ਹਾਲਤ ਦੇਖ ਕੇ ਦੁਖੀ ਹੋ ਗਏ। ਜਿਗਰੀ ਮਿੱਤਰ ਦੀ ਇਹ ਹਾਲਤ ਉਹਨਾਂ ਤੋਂ ਜਰੀ ਨਹੀਂ ਗਈ ਸੀ। ਦਿਲੋਂ ਸਿੱਧੀ ਚੀਸ ਉਠੀ ਸੀ। ਕਾਲਜਾ ਕੂਕਿਆ ਸੀ।

ਬਰਾੜ ਫ਼ਾਮੋਸ਼ ਸੀ। ਪਰ ਉਸ ਦੇ ਦਿਮਾਗ ਅੰਦਰ, ਬਰਾਬਰ ਸੋਚਾਂ ਦੀ ਘੋੜ-ਦੌੜ ਜਾਰੀ ਸੀ।

-''ਇੰਦਰਾ ਉਰ੍ਹੇ ਆ--!'' ਬਰਾੜ ਨੇ ਕਿਹਾ।

ਇੰਦਰ ਬਰਾੜ ਕੋਲ ਇਕ ਪਾਸੇ ਆ ਗਿਆ।

-''ਇਹਦੇ ਬਾਰੇ ਸੋਚੋ-ਇਹ ਪਾਗਲ ਹੋਜੂ! ਜੋ ਕੁਛ ਹੋਣਾ ਸੀ-ਉਹ ਹੋ ਗਿਆ!''

-''ਹੈਂ ਬਈ! ਸੋਚੀਏ ਕੀ? ਕਿਸੇ ਡਾਕਟਰ ਤੋਂ ਭਾਵੇਂ ਟੀਕਾ ਟੂਕਾ ਲੁਆ ਦੇਈਏ-- ?'' ਇੰਦਰ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਉਸ ਦੇ ਦਿਮਾਗ ਅੰਦਰ ਵਦਾਣ ਚੱਲੀ ਜਾ ਰਹੇ ਸਨ।

-''ਹਾਸੇ ਨਾਲ ਰਿਹਾ ਹਾਸਾ! ਇਹਨੂੰ ਘੁੱਟ ਲੁਆ ਕੇ ਕੈਮ ਕਰੋ-ਨਹੀਂ ਤਾਂ ਸਹੁਰਾ ਹੈਂਮ੍ਹ ਕੇ ਈ ਮਰਜੂ-!'' ਆ ਕੇ ਗਿੱਲ ਨੇ ਰਾਇ ਦਿੱਤੀ।

ਬਰਾੜ ਲਕੋ ਕੇ ਜੀਪ ਵਿਚੋਂ ਬੋਤਲ ਚੁੱਕ ਲਿਆਇਆ।

ਇੰਦਰ ਨੇ ਪਾਣੀ ਦਾ ਪ੍ਰਬੰਧ ਕੀਤਾ।

ਗਿੱਲ ਬੁੜ੍ਹੀਆਂ ਨੂੰ "ਹਟੀਂ ਬੇਬੇ-ਦੇਖੀਂ ਭਾਈ" ਕਰਦਾ, ਕਰਮੇਂ ਨੂੰ ਰਾਹ ਵਾਲੀ ਬੈਠਕ ਵਿਚ ਲੈ ਆਇਆ। ਕਰਮਾਂ ਸੁੰਨਾਂ-ਸੁੰਨਾਂ ਜਿਹਾ ਝਾਕ ਰਿਹਾ ਸੀ।

-"ਮੁਸੀਬਤਾਂ ਮਰਦਾਂ 'ਤੇ ਈ ਪੈਂਦੀਐਂ-ਦਿਲ ਨ੍ਹੀ ਸਿੱਟੀਦਾ ਹੁੰਦਾ--!" ਬਰਾੜ ਨੇ ਅੱਖਾਂ ਫ਼ੁਰਕਾ ਕੇ ਕਿਹਾ। ਉਹ ਨੀਵੀਂ ਪਾਈ ਧਰਤੀ ਵੱਲ ਦੇਖ ਰਿਹਾ ਸੀ।

-"ਜਿੰਨੀ ਜੋਕਰੇ ਹਾਂ-ਤੇਰੇ ਸਾਹਮਣੇਂ ਖੜ੍ਹੇ ਐਂ-ਚਾਹੇ ਵੱਢ ਕੇ ਨਿਉਂ ਹੇਠਾਂ ਦੇ-ਦੇ।" ਗਿੱਲ ਨੇ ਇਕ ਹੱਥ ਕੱਛਾਂ ਵਿਚ ਲਕੋਇਆ ਹੋਇਆ ਸੀ ਅਤੇ ਦੂਜੇ ਹੱਥ ਨਾਲ ਨੱਕ ਦੀ ਕਰੂੰਬਲ ਪਲੋਸਦਾ ਬੋਲਿਆ।

-"ਹੈਂ ਬਈ! ਲੈ ਦੁਆਈ ਸਮਝ ਕੇ ਸਿੱਟ ਅੰਦਰ--!" ਇੰਦਰ ਨੇ ਪੌਣਾ ਗਿਲਾਸ ਕਰਕੇ ਕਰਮੇਂ ਨੂੰ ਦਿੱਤਾ।

ਸੁੱਧੀ ਦਾਰੂ ਕਰਮਾਂ ਇਕ ਦਮ ਚਾੜ੍ਹ ਗਿਆ। ਦੁੱਖ ਵਾਂਗ ਸੀਨਾਂ ਪਾੜਦੀ ਦਾਰੂ ਥੱਲੇ ਉਤਰੀ ਸੀ। ਦੁੱਖਾਂ ਵਿਚ ਦਾਰੂ ਕਰਮੇਂ ਨੂੰ ਚਰਨਾਮਤ ਵਰਗੀ ਜਾਪੀ ਸੀ। ਜਿਸ ਨੇ ਸਰੀਰ ਅੰਦਰ ਜਾ ਕੇ ਨਿੱਘ ਭਰਿਆ ਸੀ।

-"ਵੇਲੇ ਕੁਵੇਲੇ ਮਰਦਾਂ 'ਤੇ ਈ ਆਉਂਦੇ ਐ-ਉਹ ਬੰਦਾ ਈ ਕੀ ਜੀਹਨੇ ਖਿੜੇ ਮੱਥੇ ਨਾ ਮੜਿੱਕਿਆ?" ਗਿੱਲ ਨੇ ਕਿਹਾ।

ਕਰਮੇਂ ਨੇ ਦੋ ਪੈੱਗ ਹੋਰ ਪੀ ਲਏ ਸਨ। ਹੁਣ ਉਹ ਕੁਝ ਸੰਭਲ ਗਿਆ ਸੀ। ਕਿਸੇ ਰੌਂਅ ਵਿਚ ਸਾਂਅਵਾਂ ਜਿਹਾ ਹੀ ਹੋ ਤੁਰਿਆ ਸੀ। ਸਭ ਨੂੰ ਸੰਤੁਸ਼ਟੀ ਹੋਈ ਸੀ ਕਿ ਕਰਮਾਂ ਵਾਕਿਆ ਹੀ ਦਿਲ ਧਰ ਗਿਆ ਸੀ। ਜਿਗਰੀ ਯਾਰ ਦੇ ਦੁੱਖ ਵਿਚ ਸਾਂਝੀ ਹੋ ਕੇ ਉਹ ਆਪਣੇ ਆਪ ਨੂੰ ਹਲਕਾ-ਹਲਕਾ ਮਹਿਸੂਸ ਕਰ ਰਹੇ ਸਨ।

-"ਫੁੱਲ ਵੀ ਚੁਗਣੇਂ ਐਂ ਭਾਈ ਅੱਜ--!" ਅੰਦਰ ਆ ਕੇ ਬੇਬੇ ਨੇ ਆਖਿਆ।

ਸਾਰੇ ਡਰ ਜਿਹੇ ਗਏ!

ਇੰਦਰ ਬੇਬੇ ਨੂੰ ਬਾਹਰ ਲੈ ਗਿਆ। ਜਿਤਨੀ ਜਲਦੀ ਬੇਬੇ ਅੰਦਰ ਆਈ ਸੀ, ਉਤਨੀ ਤੇਜ਼ੀ ਨਾਲ ਹੀ ਉਹ ਬਾਹਰ ਲੈ ਗਿਆ ਸੀ।

-''ਮਸਾਂ ਬਾਈ ਨੇ ਦਿਲ ਧਰਿਐ ਬੇਬੇ! ਬਿੰਦੇ-ਬਿੰਦੇ ਉਸ ਨੂੰ ਗੱਲਾਂ ਨਾ ਚੇਤੇ ਕਰਾਓ--!'' ਸ਼ਿੰਦੇ ਦੀ ਰੀਸ ਨਾਲ ਇੰਦਰ ਹਰ ਕੌਰ ਨੂੰ ਬੇਬੇ ਹੀ ਆਖਦਾ ਸੀ।

-''ਮੈਂ ਤੇਰੀ ਗੱਲ ਸਮਝਦੀ ਐਂ ਸ਼ੇਰਾ! ਪਰ ਫੁੱਲ ਚੁਗਣੇਂ ਅੱਜ ਜਰੂਰੀ ਐ।''

-''ਬੇਬੇ ਤੂੰ ਸਾਡੇ ਹੁੰਦੇ ਫ਼ਿਕਰ ਕਿਉਂ ਕਰਦੀ ਐਂ?''

-''ਵੇ ਸ਼ੇਰਾ! ਮੈਂ ਤਾਂ ਇਉਂ ਝੁਰਦੀ ਐਂ ਬਈ ਕਿਤੇ ਪੁਲਸ ਫੇਰ ਨਾ ਆਜੇ-ਫੁੱਲ ਕਿਤੇ ਵਿਚੇ ਈ ਨਾ ਰਹਿ ਜਾਣ? ਕਹਿੰਦੇ ਐ ਜੇ ਸਮੇਂ ਸਿਰ ਫੁੱਲ ਨਾ ਚੁਗੇ ਜਾਣ-ਬੰਦੇ ਦੀ ਗਤੀ ਨ੍ਹੀ ਹੁੰਦੀ।'' ਬੇਬੇ ਫਿਰ ਫ਼ਿੱਸ ਪਈ।

-''ਫੇਰ ਓਹੀ ਬੁੜ੍ਹੀਆਂ ਆਲੀ ਗੱਲ ਬੇਬੇ! ਤੂੰ ਅਰਾਮ ਨਾਲ ਬੈਠ ਕੇ ਰੱਬ-ਰੱਬ ਕਰ-ਬਾਕੀ ਸਾਡਾ ਕੰਮ ਐਂ।'' ਇੰਦਰ ਨੇ ਕਿਹਾ।

-''ਵੇ ਔਂਤਰੇ ਰੱਬ ਨੂੰ ਕਿਹੜੀ ਖੁਸ਼ੀ 'ਚ ਧਿਆਮਾਂ-- ?'' ਬੇਬੇ ਦੀ ਅਵਾਜ਼ ਵਿਚ ਸਪੱਸ਼ਟ ਹੰਝੂ ਬੋਲ ਰਹੇ ਸਨ। ਉਸ ਦਾ ਰੱਬ ਤੋਂ ਵਿਸ਼ਵਾਸ ਉਠ ਗਿਆ ਜਾਪਦਾ ਸੀ। ਗਾਲ੍ਹ ਕੱਢਣੋਂ ਉਹ ਸੰਕੋਚ ਕਰ ਗਈ।

-''ਅਖੀਰ ਨੂੰ ਤਾਂ ਉਹੀ ਬਹੁੜਦੈ ਭਾਈ!'' ਕਿਸੇ ਬਜੁਰਗ ਨੇ ਪਾਸਿਓਂ ਕਿਹਾ, ''ਉਹਤੋਂ ਮੁਨੱਕਰ ਕਿਮੇਂ ਹੋ ਸਕਦੇ ਐਂ? ਅਖੀਰ ਓਸੇ ਦੀ ਰਜਾ ਵਿਚ ਰਾਜੀ ਰਹਿਣਾ ਪੈਂਦੈ।'' ਬਾਬਾ ਖੂੰਡੇ ਦੇ ਸਹਾਰੇ ਬੈਠਾ ਸੀ।

ਇੰਦਰ ਅੰਦਰ ਚਲਾ ਗਿਆ।

ਸ਼ਾਮ ਤੱਕ ਫੁੱਲ ਚੁਗ ਲਏ ਗਏ। ਫੁੱਲਾਂ ਵਾਲੀ ਪੋਟਲੀ ਘਰ ਦੇ ਬਾਹਰ ਇਕ ਦਰੱਖਤ 'ਤੇ ਟੰਗ ਦਿੱਤੀ ਗਈ। ਅਗਲੀ ਸਵੇਰ ਫੁੱਲ ਲੈ ਕੇ ਗੰਗਾ ਨੂੰ ਤੁਰਨ ਦਾ ਫ਼ੈਸਲਾ ਕਰ ਲਿਆ। ਹਰ ਕੌਰ ਗੰਗਾ ਨਾਲ ਜਾਣ ਦੀ ਜ਼ਿਦ ਕਰ ਰਹੀ ਸੀ। ਜੋ ਅਖੀਰ ਮੰਨ ਲਈ ਗਈ। ਉਹ ਨੂੰਹ ਅਤੇ ਪੋਤੀਆਂ ਦੀ ਹੱਥੀਂ 'ਗਤ' ਕਰਵਾਉਣੀ ਆਪਣਾ ਧਰਮ ਅਤੇ ਫ਼ਰਜ਼ ਸਮਝਦੀ ਸੀ। ਉਹ ਨਹੀਂ ਚਾਹੁੰਦੀ ਸੀ ਕਿ ਉਸ ਦੀ ਨੂੰਹ ਅਤੇ ਪੋਤੀਆਂ ਦੀਆਂ ਰੂਹਾਂ ਕਿਤੇ ਭਟਕਦੀਆਂ ਫਿਰਨ। ਵਾਰੀ ਤਾਂ ਹੁਣ ਹਰ ਕੌਰ ਦੀ ਸੀ। ਪਰ ਵਿਚਾਰੀ ਉਲਟਾ ਆਪਣੀ ਨੂੰਹ ਅਤੇ ਪੋਤੀਆਂ ਦੀ ਗਤ ਕਰਵਾਉਂਦੀ ਫਿਰਦੀ ਸੀ। ਰੱਬ ਵੀ ਕਿਤਨਾ ਕਹਿਰਵਾਨ ਹੈ! ਇਨਸਾਫ਼ ਨਹੀਂ ਕਰਦਾ!

-''ਹੇ ਰੱਬ ਸੱਚਿਆ! ਤੇਰੀਆਂ ਕੁਦਰਤਾਂ ਐਂ।'' ਹਾਉਕਾ ਲੈ ਕੇ ਹਰ ਕੌਰ ਚੁੱਪ ਕਰ ਗਈ।

ਚੌਂਕੀਦਾਰ ਹੱਥ ਸਰਪੰਚ ਦਾ ਸੱਦਾ ਆ ਗਿਆ।

ਕਰਮੇਂ ਸਮੇਤ ਸਾਰੇ ਸਰਪੰਚ ਦੇ ਘਰ ਨੂੰ ਚੱਲ ਪਏ। ਸਰਪੰਚ ਪੱਖਾ ਛੱਡੀ ਬੈਠਕ ਵਿਚ ਬੈਠਾ ਸੀ।

-''ਆਓ ਬਈ ਕਾਮਰੇਡੋ--!'' ਉਹ ਬੜੇ ਤਪਾਕ ਨਾਲ ਮਿਲਿਆ। ਕੱਢਵੀਂ ਜੁੱਤੀ ਉਸ ਨੇ ਪਾਸੇ ਲਾਹ ਕੇ ਰੱਖੀ ਹੋਈ ਸੀ।

-''ਸਤਿ ਸ੍ਰੀ ਅਕਾਲ--!'' ਸਾਰੇ ਸਾਂਝੇ ਬੋਲੇ।

-''ਆਓ ਬੈਠੋ--!'' ਉਸ ਨੇ ਨਿਉਂ ਕੇ 'ਸਤਿ ਸ੍ਰੀ ਅਕਾਲ' ਮੰਨੀ ਅਤੇ ਜੁੱਤੀ ਫਿਰ ਪਾ ਲਈ।

ਸਾਰੇ ਬੈਠ ਗਏ।

-''ਜਾਹ ਉਏ ਟੈਟੋ ਆਬਦੀ ਚਾਚੀ ਨੂੰ ਆਖ ਚਾਹ ਧਰੇ!'' ਸਰਪੰਚ ਨੇ ਚੌਂਕੀਦਾਰ ਨੂੰ ਹੁਕਮ ਕੀਤਾ।

ਟੈਟੋ ਚਲਾ ਗਿਆ।

-''ਕਾਮਰੇਡੋ ਥੋਨੂੰ ਤਾਂ ਪਤਾ ਈ ਐ ਬਈ ਪੰਚੈਤ ਨੇ ਗੱਲ ਠੱਪਣ ਦੀ ਕਿੰਨੀ ਵਾਹ ਲਾਈ-ਪਰ ਸ਼ਰੀਕਾਂ ਨੇ ਡੰਡਾ ਚਾੜ੍ਹੀ ਰੱਖਿਆ-।''

ਸਾਰੇ ਸੁਣ ਰਹੇ ਸਨ। ਸਰਪੰਚ ਦੀ ਗੱਲ ਉਕਾ ਹੀ ਝੂਠ ਨਹੀਂ ਸੀ। ਕੋਈ ਵਾਕਿਆ ਹੀ ਸਰਪੰਚ ਵੱਲ ਉਂਗਲ ਨਹੀਂ ਉਠਾ ਸਕਦਾ ਸੀ। ਸੱਚੇ ਬੰਦੇ 'ਤੇ ਕਾਹਦਾ ਰੰਜ?

-''ਪਰ ਮੱਲੋ! ਗੱਲ ਓਨੀ ਵਿਗੜੀ ਨਹੀਂ-ਜਿੰਨਾਂ ਸ਼ਰੀਕਾਂ ਨੇ ਜੋਰ ਲਾਇਐ।'' ਉਸ ਦਾ ਦਿਲ ਹਾਮੀਆਂ ਭਰ ਰਿਹਾ ਸੀ।

-''ਸਰਪੈਂਚਾ! ਜਿਹੜਾ ਸ਼ਰੀਕਾਂ ਨੇ ਚੁਹਾਰ੍ਹਾ ਧਰਿਐ-ਦਿਸੀ ਜਾਂਦੈ-ਤੇ ਹੁਣ ਸਾਡੇ ਹੱਥ ਦੇਖੀਂ!'' ਡਲਾ ਮਾਰ ਕੇ ਬੇਰ ਵੱਲ ਝਾਕੀ ਜਾਣਾ, ਗਿੱਲ ਦੀ ਆਦਤ ਨਹੀਂ ਸੀ। ਉਹ ਕਿੱਕਰ ਤੋਂ ਕਾਟੋ ਲਾਹੁੰਣ ਦਾ ਸ਼ੌਕੀਨ ਸੀ।

-''ਮਾੜਾ ਜਿਹਾ ਕਾਰਵਾਈ ਤੋਂ ਵਿਹਲੇ ਹੋ ਲੈਣ ਦੇ ਸਰਪੈਂਚਾ! ਜੇ ਨਾ ਚੱਪਣੀਆਂ ਖਿੱਲਰਦੀਆਂ ਫਿਰੀਆਂ ਤਾਂ ਆਖੀਂ!'' ਬਰਾੜ ਬੋਲਿਆ। ਕੁੰਢੀ ਮੁੱਛ ਨੂੰ ਉਸ ਨੇ ਕਸੀਸ ਵੱਟ ਕੇ ਤਾਅ ਦਿੱਤਾ ਸੀ। ਜੜ੍ਹਾਂ 'ਚੋਂ ਤਣੇਂ ਖਿੱਚੇ ਗਏ ਸਨ।

-''ਜੇ ਨਾ ਬੱਕਰੇ ਮਾਂਗੂੰ ਉਲੱਦ ਕੇ ਸਿੱਟਿਆ ਤਾਂ ਹੈਂ ਬਈ, ਸਾਨੂੰ ਕਾਮਰੇਡ ਕੌਣ ਕਹੂ?'' ਇੰਦਰ ਨੇ ਮੱਲੋਮੱਲੀ

ਹੁੰਗਾਰਾ ਭਰਵਾਉਣ ਦਾ ਯਤਨ ਕੀਤਾ। ਲੰਡੇ ਨੂੰ ਮੀਣਾਂ ਸੌ ਕੋਹ ਦਾ ਵਲ ਪਾ ਕੇ ਮਿਲਿਆ ਹੋਇਆ ਸੀ।

-"ਇਹ ਗੱਲਾਂ ਬਾਅਦ ਦੀਆਂ ਨੇ-ਤੁਸੀਂ ਹੁਣ ਦੀ ਸੋਚੋ!" ਸਰਪੰਚ ਨੇ ਗੱਲ ਕੱਟੀ। ਚਾਦਰੇ ਦਾ ਲੜ ਉਸ ਨੇ ਖੁੱਚਾਂ ਹੇਠ ਦੱਬ ਲਿਆ ਸੀ।

-"ਹੈਂ ਬਈ! ਤੁਸੀਂ ਹਮੇਸ਼ਾ ਸਾਡੇ ਪੱਖ ਦੀ ਗੱਲ ਕੀਤੀ ਐ-ਤੁਸੀਂ ਆਖੋਂ-ਅਸੀਂ ਫਾਹੇ ਲੱਗਣ ਨੂੰ ਤਿਆਰ ਐਂ।" ਇੰਦਰ ਨੇ ਕੱਢ ਕੇ ਜਿਵੇਂ ਤਲੀ 'ਤੇ ਰੱਖ ਲਈ ਸੀ। ਮੈਦਾਨ ਵਿਚ ਖੜ੍ਹਾ ਉਹ ਜਿਵੇਂ ਬਹੁੜੀਆਂ ਪਾਈ ਜਾ ਰਿਹਾ ਸੀ।

-"ਆਪਾਂ ਬੰਦਾ ਪੇਸ਼ ਕਰੋ ਤੇ ਮਗਰ ਕਰੋ ਤਕੜੀ ਪੈਰਵਾਈ-ਫੇਰ ਕਿਤੇ ਜਾ ਕੇ ਤਣ ਪੱਤਣ ਲੱਗਾਂਗੇ।" ਸਰਪੰਚ ਨੇ ਅਸਲੋਂ ਸੱਚੀ ਗੱਲ ਆਖੀ। ਬਾਂਦਰ-ਵੰਡ ਦੇ ਵਿਚ ਉਹ ਕਦੇ ਨਹੀਂ ਪੈਂਦਾ ਸੀ।

ਸਾਰੇ ਚੁੱਪ ਹੋ ਗਏ।

-"ਜਿੱਥੇ ਸਰਪੈਂਚਾ ਉਹ ਮਰਗੀ-ਉਥੇ ਮੈਂ ਮਰਜੂੰ-ਕੀ ਫਰਕ ਪੈਂਦੈ? ਤੁਸੀਂ ਗੱਲ ਕਿਸੇ ਸਿਰੇ ਲਾਓ।" ਕਰਮੇਂ ਨੇ ਕਿਹਾ। ਉਹ ਢੇਰੀ ਢਾਹੀ ਬੈਠਾ ਸੀ।

-"ਗੱਲ ਘਰ 'ਚ ਈ ਨਿੱਬੜ ਜਾਣੀ ਸੀ-ਜੇ ਨ੍ਹੇਰੀ ਨਾ ਕੋਈ ਚੱਕ ਚੱਕਦਾ।" ਸਰਪੰਚ ਦਿਲੋਂ ਉਧੜ੍ਹੀ ਜਾ ਰਿਹਾ ਸੀ।

-"ਪਹਿਲਾਂ ਉਹਦੇ ਆਲਾ ਨਾ ਟੈਂਟਾ ਨਬੇੜੀਏ?" ਗਿੱਲ ਫਿਰ ਹਿੱਲ ਪਿਆ।

-"ਸਿੱਧਾ ਈ ਕਮਲ ਮਾਰੋਂਗੇ-ਸਿਆਣਾ ਬੰਦਾ ਉਹ ਜਿਹੜਾ ਮੌਕਾ ਸਾਂਭਲੇ।" ਸਰਪੰਚ ਨੇ ਮੱਤ ਦਿੱਤੀ।

-"ਜਿਮੇਂ ਕਹੋਂ ਕਰ ਲੈਨੇਂ ਐਂ।" ਬਰਾੜ ਨੇ ਅਖੀਰਲੀ ਸੁਣਨੀ ਚਾਹੀ।

-"ਕੇਸ ਮਸਾਂ ਈ ਦਫ਼ਾ ਤਿੰਨ ਸੌ ਦੋ ਕਟਾ ਕੇ ਤਿੰਨ ਸੌ ਛੇ ਦਾ ਬਣਾਇਐ-ਬੰਦਾ ਪੇਸ਼ ਕਰ ਦਿਆਂਗੇ-ਪੁਲਸ ਦੇ ਮੂੰਹ ਮੱਥੇ ਲੱਗਣ ਜੋਗੇ ਰਹਿਜਾਂਗੇ-ਨਹੀਂ ਪੁਲਸ ਕੀਹਦੀ ਮਿੱਤ ਐ? ਫ਼ਸਲਾਂ ਉਜਾੜੂ-ਪਸ਼ੂ ਖੋਹਲੂ-ਬੀਹ ਕੁਛ ਕਰੂ! ਇਹਨਾਂ ਮੂਹਰੇ ਕਿਹੜਾ ਕੋਈ ਜੋਰ ਐ? ਬਾਹਲਾ ਗਿਆ ਅੱਤਬਾਦੀ ਬਣਾ ਧਰਨਗੇ---!" ਸਰਪੰਚ ਦੀਆਂ ਗੱਲਾਂ ਨੇ ਉਹਨਾਂ ਨੂੰ ਕੀਲ ਲਿਆ ਸੀ। ਝੂਠ ਬੋਲਣ ਅਤੇ ਲਾਰਾ ਲਾਉਣ ਵਾਲਾ ਸਰਪੰਚ ਹੈ ਨਹੀਂ ਸੀ।

ਫ਼ੈਰ! ਅਗਲੀ ਸਵੇਰ ਬੰਦਾ ਪੇਸ਼ ਕਰਨ ਦਾ ਫ਼ੈਸਲਾ ਹੋ ਗਿਆ। ਸਾਰੀ ਜਿੰਮੇਵਾਰੀ ਸਰਪੰਚ ਨੇ ਓਟੀ। ਜੁਆਕਾਂ ਦੇ ਮਿੱਟੀ ਦੇ ਬਾਵੇ ਬਣਾਉਣ ਵਾਂਗ, ਉਹ ਸਕੀਮਾਂ ਢਾਹ-ਢਾਹ ਕੇ ਬਣਾ ਰਹੇ ਸਨ।

ਚਾਹ ਆ ਗਈ।

ਚਾਹ ਪੀਤੀ ਗਈ।

ਸਵੇਰੇ ਸਾਝਰੇ ਮਿਲਣ ਦਾ ਵਾਅਦਾ ਸਰਪੰਚ ਨਾਲ ਕਰਕੇ ਸਾਰੇ ਚਲੇ ਗਏ। ਸਰਪੰਚ ਦੇ ਸਿਰੋਂ ਜਿਵੇਂ ਮਣਾਂਮੂੰਹੀਂ ਭਾਰ ਲੱਥ ਗਿਆ ਸੀ। ਸਾਰੇ ਪਿੰਡ ਦੀ ਜ਼ਿੰਮੇਵਾਰੀ ਨਿਭਾਉਣੀ ਉਹ ਆਪਣਾ ਪਹਿਲਾ ਫ਼ਰਜ਼ ਸਮਝਦਾ ਸੀ।

----------------ਕਾਂਡ ਗਿਆਰ੍ਹਾਂ-----------

ਸਵੇਰ ਹੋਈ।

ਹਰ ਕੌਰ ਅਤੇ ਉਸ ਦਾ ਭਰਾ ਗੱਜਣ ਸਿੰਘ ਫੁੱਲ ਲੈ ਕੇ ਤੁਰਨ ਲਈ ਤਿਆਰ ਸਨ। ਜਿਸ ਨੂੰ ਜਿੰਨਾਂ ਕੁ ਸਰਿਆ, ਉਨਾਂ ਦਾਨ ਉਹਨਾਂ ਫੁੱਲਾਂ ਨੂੰ ਅਰਪਨ ਕਰ ਦਿੱਤਾ। ਫੁੱਲ ਲੈ ਕੇ ਤੁਰਦੀ ਹਰ ਕੌਰ ਨੂੰ ਆਪਣੇ ਪੈਰ ਗੱਡੇ ਵਾਂਗ ਭਾਰੇ ਲੱਗ ਰਹੇ ਸਨ। ਦਾਦੀ ਪੋਤੀਆਂ ਦੇ ਫੁੱਲ ਲੈ ਕੇ ਚੱਲੀ ਸੀ। ਸੱਸ ਨੂੰਹ ਦੇ ਫੁੱਲ ਲੈ ਕੇ ਚੱਲੀ ਸੀ। ਧਰਤੀ ਦਾ ਜਿਵੇਂ ਪੁੜ ਹਿੱਲਿਆ ਸੀ। ਅਸਮਾਨ ਜਿਵੇਂ ਪਸੀਜਿਆ ਜਿਹਾ ਖੜ੍ਹਾ ਸੀ। ਕੀ ਰੱਬ ਦਾ ਕਹਿਰ ਸੀ? ਫੁੱਲਾਂ ਵਰਗੀਆਂ ਪੋਤੀਆਂ ਨੂੰ ਖਿਡਾਉਣਾ ਤਾਂ ਸ਼ਾਇਦ ਹਰ ਕੌਰ ਦੇ ਭਾਗਾਂ ਵਿਚ ਨਹੀਂ ਲਿਖਿਆ ਸੀ। ਜੇ ਲਿਖਿਆ ਸੀ ਤਾਂ ਉਹਨਾਂ ਦੇ ਫੁੱਲ ਤਾਰਨੇ ਹੀ ਰੱਬ ਦਾ ਹੁਕਮ ਸੀ। ਜੋ ਕਿਸੇ ਹਾਲਤ ਵਿਚ ਵੀ ਅਦੂਲ ਨਹੀਂ ਕੀਤਾ ਜਾ ਸਕਦਾ ਸੀ। ਉਸ ਦਾ ਭਾਣਾ ਸਿਰ ਮੱਥੇ ਮੰਨਣਾ ਪੈਣਾ ਸੀ। ਉਸ ਦਾ ਕਰਿਆ ਹੱਸ ਕੇ ਭੋਗਣਾ ਪੈਣਾ ਸੀ। ਉਸ ਦਾ ਫ਼ੈਸਲਾ ਮਿੱਠਾ ਕਰਕੇ ਹੀ ਜਰਨਾ ਪੈਣਾ ਸੀ।

ਇੰਦਰ ਅਤੇ ਸ਼ਿੰਦਾ ਬੇਬੇ ਅਤੇ ਮਾਮੇਂ ਗੱਜਣ ਸਿੰਘ ਨੂੰ ਜੀਪ 'ਤੇ ਅੱਡਿਓਂ ਬੱਸ ਚਾੜ੍ਹ ਗਏ। ਬੱਸ ਦੀਆਂ ਪੌੜੀਆਂ ਚੜ੍ਹਦੀ ਬੇਬੇ ਨੇ ਰੋ ਕੇ, "ਕੁਲਵਿੰਦਰੇ ਆਜਾ ਭਾਈ!" ਅਤੇ "ਬਬਲੀ, ਗੁੱਡੋ, ਪਰਮੀਂ ਤੁਸੀਂ ਵੀ ਆਜੋ ਭਾਈ!" ਕਿਹਾ ਸੀ। ਇਹ ਜੱਗ ਦੀ ਰੀਤ ਸੀ। ਇਹ ਆਖਣਾ ਹੀ ਪੈਣਾ ਸੀ। ਸਿਆਣਿਆਂ ਦੀਆਂ ਰੀਤਾਂ ਤੋਰੀਆਂ ਹੋਈਆਂ ਸਨ ਕਿ ਜੇ ਲੜ ਲਮਕਾ ਕੇ ਇੰਜ ਨਾ ਬੁਲਾਵੋ ਤਾਂ ਮਰਨ ਵਾਲੇ ਕਦੇ ਗੰਗਾ ਤੱਕ ਨਾਲ ਨਹੀਂ ਜਾਂਦੇ! ਜੱਗ ਦੀਆਂ ਅੰਨ੍ਹੀਆਂ ਰੀਤਾਂ ਸਨ। ਵੀਹਵੀਂ ਸਦੀ ਵਿਚ ਪੈਰ ਧਰਕੇ ਸੰਸਾਰ ਅਜੇ ਵੀ ਅੰਧ-ਵਿਸ਼ਵਾਸਾਂ ਦੇ ਸਕੰਜਿਆਂ ਵਿਚ ਜਕੜਿਆ ਪਿਆ ਸੀ।

ਬੱਸ ਤੁਰ ਗਈ।

ਇੰਦਰ ਹੋਰੀਂ ਪਰਤ ਆਏ।

-''ਟੈਮ ਬਹੁਤ ਹੋ ਗਿਆ-ਸਰਪੈਂਚ ਕੋਲੇ ਵੀ ਜਾਣੈਂ।'' ਬਰਾੜ ਨੇ ਵਾਅਦਾ ਯਾਦ ਕਰਵਾਇਆ। ਵਾਅਦਾ ਕਰਕੇ ਮੁਕਰਨ ਵਾਲੇ ਨੂੰ ਉਹ ਬੰਦਾ ਹੀ ਨਹੀਂ ਸਮਝਦਾ ਸੀ, ''ਅੰਨ੍ਹਾਂ ਬਾਂਗਿਆ ਸਾਧ ਬਿਸਤਰੇ'' ਵਾਲੀ ਗੱਲ 'ਤੇ ਉਸ ਨੂੰ ਫ਼ਾਸ ਚਿੜ੍ਹ ਸੀ।

ਉਹ ਸਰਪੰਚ ਵੱਲ ਨੂੰ ਹੋ ਤੁਰੇ।

ਸੂਰਜ ਥੋੜ੍ਹਾ ਗਲ ਉਗੀਸ ਕੇ ਉਚਾ ਹੋ ਗਿਆ ਸੀ।

ਸਾਰੇ ਸਰਪੰਚ ਦੇ ਘਰੇ ਪਹੁੰਚੇ। ਸਰਪੰਚ ਪਹਿਲਾਂ ਹੀ ਤਿਆਰ ਸੀ। ਸਭ ਨੇ ਫ਼ਤਹਿ ਬੁਲਾਈ ਅਤੇ ਬੈਠ ਗਏ।

-''ਉਏ ਗੱਗੜ੍ਹਾ ਚਾਹ ਲੈ ਕੇ ਆ!'' ਸਰਪੰਚ ਨੇ ਆਪਣੇ ਸੀਰੀ ਨੂੰ ਅਵਾਜ਼ ਮਾਰੀ।

ਚਾਹ ਆ ਗਈ।

-''ਗੱਲ ਧਹੱਮਲ ਨਾਲ ਕਰਨ ਦੀ ਜਰੂਰਤ ਹੁੰਦੀ ਐ-ਪੁਲਸ ਮੂਹਰੇ ਅੱਜ ਕੱਲ੍ਹ ਬੰਦੇ ਦਾ ਕੋਈ ਜੋਰ ਨਹੀਂ-ਤੱਤਾ ਲੱਕਿਆਂ ਮੂੰਹ ਮੱਚ ਜਾਂਦੈ।'' ਚਾਹ ਪੀਂਦਾ ਸਰਪੰਚ ਉਹਨਾਂ ਨੂੰ ਸਮਝਾ ਰਿਹਾ ਸੀ।

-''ਅਸੀਂ ਥੋਡੇ ਮਗਰ ਈ ਐਂ-ਜਿਵੇਂ ਕਹੋਂਗੇ ਇੰਚ ਬਾਹਰ ਨਹੀਂ ਹੁੰਦੇ!'' ਬਰਾੜ ਨੇ ਕਿਹਾ। ਉਹ ਸਰਪੰਚ ਦੀ ਸਾਦਗੀ ਦੀ ਦਿਲੋਂ ਦਾਦ ਦੇ ਰਿਹਾ ਸੀ।

-''ਅੱਬਲ ਤਾਂ ਤੁਸੀਂ ਠਾਣੇਂ ਚੱਲੋ ਹੀ ਨਾ-ਜੇ ਜਾਣਾ ਈ ਐ ਤਾਂ ਬਾਹਰ ਈ ਖੜ੍ਹ ਜਾਇਓ।'' ਸਰਪੰਚ ਨੇ ਚਾਹ ਵਾਲਾ ਗਿਲਾਸ ਥੱਲੇ ਰੱਖ ਦਿੱਤਾ।

-''ਹੈਂ ਬਈ! ਗੱਲ ਠੀਕ ਐ-ਆਪਾਂ ਬਾਹਰ ਈ ਖੜ੍ਹਾਂਗੇ।''

-''ਠੀਕ ਐ-ਆਪਾਂ ਬਾਹਰ ਈ ਠੀਕ ਐਂ।''

-''ਜਦੋਂ ਮੈਂ ਹਾਂ-ਤੁਹਾਨੂੰ ਫਿਕਰ ਕਰਨ ਦੀ ਲੋੜ ਈ ਨ੍ਹੀ-ਕੋਈ ਚੰਦ 'ਤੇ ਥੁੱਕੇ ਤੁਸੀਂ ਪ੍ਰਵਾਹ ਨ੍ਹੀ ਕਰਨੀ।'' ਸਰਪੰਚ ਨੇ ਹਿੱਕ ਠੋਕੀ।

ਉਹ ਜੀਪ ਲੈ ਠਾਣੇ ਨੂੰ ਸਿੱਧੇ ਹੋ ਗਏ। ਪਿੰਡ ਵਿਚੋਂ ਲੰਘੀ ਜੀਪ ਵਿਚ ਬੈਠੇ ਸਰਪੰਚ ਸਮੇਤ ਬੰਦਿਆਂ ਨੂੰ ਤੱਕ ਕੇ ਲੋਕ ਭਾਂਤ-ਭਾਂਤ ਦੇ ਲੱਖਣ ਲਾ ਰਹੇ ਸਨ। ਹਵਾ ਚੀਰਦੀ, ਸੜਕਾਂ ਦਾ ਸੀਨਾਂ ਲਤਾੜਦੀ, ਜੀਪ ਠਾਣੇ ਦੇ ਅੱਗੇ ਤਣ ਗਈ।

ਸਰਪੰਚ ਅਤੇ ਕਰਮਾਂ ਉਤਰੇ।

ਜੀਪ ਅੱਗੇ ਤੁਰ ਗਈ।

-''ਸਤਿ ਸ੍ਰੀ ਅਕਾਲ--!'' ਪਹਿਰੇ 'ਤੇ ਖੜ੍ਹੇ ਸੰਤਰੀ ਨੇ ਸਰਪੰਚ ਨੂੰ ਕਿਹਾ।

-''ਸਤਿ ਸ੍ਰੀ ਅਕਾਲ--!''

ਸਰਪੰਚ ਕਰਮੇਂ ਸਮੇਤ ਅੰਦਰ ਲੰਘ ਗਿਆ।

ਜਿਉਂ-ਜਿਉਂ ਕਰਮਾਂ ਠਾਣੇ ਦੇ ਅੰਦਰ ਨੂੰ ਜਾ ਰਿਹਾ ਸੀ, ਉਸ ਦਾ ਕਾਲਜਾ ਘਿਰਦਾ ਸੀ। ਜਿੰਦ ਸਹਿ-ਸਹਿ ਕਰਦੀ ਸੀ। ਜਾਨ ਕਿਰ-ਕਿਰ ਪੈਂਦੀ ਸੀ। ਲੱਤਾਂ ਥਿੜਕ ਰਹੀਆਂ ਸਨ ਅਤੇ ਸਰੀਰ ਕੰਬ ਰਿਹਾ ਸੀ।

-''ਜਦੋਂ ਉਖਲੀ 'ਚ ਸਿਰ ਦੇ ਈ ਲਿਆ-ਹੁਣ ਮੂੰਗਲੀਆਂ ਦਾ ਕਾਹਦਾ ਡਰ?'' ਸੋਚ ਕੇ ਕਰਮੇਂ ਨੇ ਦਿਲ ਕਰੜਾ ਕੀਤਾ। ਪਰ ਅੰਦਰੋਂ ਉਹ ਧੀਰਜ ਨਹੀਂ ਬੰਨ੍ਹ ਰਿਹਾ ਸੀ।

-''ਧੰਨਭਾਗ-ਧੰਨਭਾਗ! ਮਸਾਂ ਈ ਦਰਸ਼ਣ ਦਿੱਤੇ ਐ-ਸਰਪੈਂਚ ਸਾਹਬ?'' ਮੁਣਸ਼ੀ ਦਫ਼ਤਰ ਵਿਚੋਂ ਭੱਜਿਆ ਹੀ ਆਇਆ। ਉਸ ਨੇ ਪੂਛੋਂ ਫੜ ਕੇ ਬੱਕਰਾ ਤੋਲਣ ਵਾਂਗ, ਇਕਹਿਰੀ ਜਿਹੀ ਨਜ਼ਰ ਨਾਲ ਕਰਮੇਂ ਨੂੰ ਤਾੜਿਆ ਸੀ।

-''ਸੁੱਖ ਵੇਲੇ ਤਾਂ ਥੋਡੇ ਕੋਲੇ ਆਈਦਾ ਈ ਨਹੀਂ।'' ਸਰਪੰਚ ਨੇ ਕਿਹਾ।

-''ਕਿਹੜੀਆਂ ਗੱਲਾਂ ਕਰਦੇ ਓਂ ਅੱਡ ਹੋਣ ਆਲੀਆਂ? ਆਓ ਅੰਦਰ ਬੈਠੋ!''

ਉਹ ਦਫ਼ਤਰ ਅੰਦਰ ਚਲੇ ਗਏ।

-''ਸਰਦਾਰ ਕਿੱਥੇ ਐ?''

-''ਰਾਤ ਦੇਰ ਗਈ ਤੱਕ ਡਿਊਟੀ 'ਤੇ ਸੀ-ਬੱਸ ਆਉਣ ਈ ਆਲੇ ਐ-ਉਏ ਗੁਰਮੀਤ---!''

-''ਹਾਂ ਜੀ--?'' ਬੰਦੂਕ ਸੰਭਾਲਦਾ ਸਿਪਾਹੀ ਹਾਜ਼ਰ ਸੀ।

-''ਜਾਹ ਬਿੱਲੇ ਨੂੰ ਤਿੰਨ ਕੱਪ ਚਾਹ ਕਹਿ ਕੇ ਆ-ਚੰਗੀ ਜੀ।''

-''ਜੀ ਹਜ਼ੂਰ--!'' ਸਿਪਾਹੀ ਚਲਾ ਗਿਆ।

-''ਚਾਹ ਤਾਂ ਮੁਣਸ਼ੀ ਜੀ ਹੁਣੇ ਬੱਸ ਪੀ ਕੇ ਈ ਤੁਰੇ ਸੀ।''

-''ਫੇਰ ਕੀ ਹੋ ਗਿਆ? ਇਹ ਕਿਹੜਾ ਚਿੱਥਣੀ ਐਂ?'' ਮੁਣਸ਼ੀ ਨੇ ਰਵਾਇਤੀ ਜਿਹੀ ਗੱਲ ਕਹੀ।

ਉਹਨਾਂ ਦੇ ਚਾਹ ਪੀਂਦੇ-ਪੀਂਦੇ ਠਾਣੇਦਾਰ ਆ ਗਿਆ। ਉਸ ਨੇ ਬੜੀ ਗਰਮਜੋਸ਼ੀ ਨਾਲ ਸਰਪੰਚ ਨਾਲ ਹੱਥ ਮਿਲਾਇਆ। ਉਸ ਦੇ ਮੋਢੇ 'ਤੇ ਲੱਗੇ ਸਟਾਰ ਲਿਸ਼ਕ ਰਹੇ ਸਨ। ਫ਼ੱਬਦੀ ਵਰਦੀ, ਚੁੱਕਵੀਆਂ ਮੁੱਛਾਂ ਅਤੇ ਸਿਰ 'ਤੇ ਬੰਨ੍ਹੀ ਪਟਿਆਲਾ ਸ਼ਾਹੀ ਪੱਗ ਨਾਲ ਉਹ ਕੋਈ 'ਸਰਦਾਰ' ਨਜ਼ਰ ਆਉਂਦਾ ਸੀ।

ਸਰਪੰਚ ਉਸ ਨੂੰ ਠਾਣੇ ਦੇ ਇੱਕ ਪਾਸੇ ਲੈ ਗਿਆ।

ਘੋੜਿਆਂ ਦੇ ਤਬੇਲੇ 'ਚੋਂ ਅਜੀਬ ਜਿਹੀ ਹੌਂਕ ਆ ਰਹੀ ਸੀ। ਇਕ ਪਾਸੇ ਹਵਾਲਾਤ ਵਿਚ ਬੰਦੇ ਕੁੱਕੜਾਂ ਵਾਂਗ ਤਾੜੇ ਹੋਏ ਸਨ। ਕੋਈ ਗੁੱਝੀਆਂ ਸੱਟਾਂ ਨਾਲ ਹੂੰਗਾ ਮਾਰ ਰਿਹਾ ਸੀ।

-''ਸਰਦਾਰ ਬੰਦਾ ਤਾਂ ਹਾਜਰ ਕਰ ਦਿੱਤਾ-ਪਰ ਹੁਣ ਇਕ ਬੇਨਤੀ ਐ।'' ਸਰਪੰਚ ਦਿਲੋਂ ਪਾਣੀ-ਪਾਣੀ ਹੋਇਆ ਖੜ੍ਹਾ ਸੀ।

-''ਬੇਨਤੀ ਨਹੀਂ-ਹੁਕਮ ਫ਼ੁਰਮਾਓ!'' ਠਾਣੇਦਾਰ ਸਰਪੰਚ 'ਤੇ ਅੰਤਾਂ ਦਾ ਖ਼ੁਸ਼ ਲੱਗਦਾ ਸੀ। ਕਿਸੇ ਫ਼ੁਸ਼ੀ ਵਿਚ ਉਸ ਦੇ ਅੰਦਰ ਜਲੂਣ ਹੋ ਰਹੀ ਸੀ।

-''ਸਰਦਾਰ ਰੱਬ ਨੂੰ ਜਾਨ ਦੇਣੀ ਐਂ-ਬੱਸ ਮੁੰਡੇ ਨੂੰ ਕੁਛ ਨਾ ਆਖਿਓ-ਸਹੁੰ ਢਾਂਡੀ ਦੀ ਵਿਚਾਰਾ ਜਮਾਂ ਈ ਬੇਕਸੂਰ ਐ।''

-''ਫੁੱਲ ਦੀ ਨਹੀਂ ਲਾਉਂਦੇ।'' ਠਾਣੇਦਾਰ ਨੇ ਉਸ ਦਾ ਸੰਸਾ ਨਵਿਰਤ ਕਰ ਦਿੱਤਾ।

-''ਦੇਖਿਓ ਸਰਦਾਰ ਮੈਨੂੰ ਫੇਰ ਨਾ ਆਉਣਾ ਪਵੇ?''

-''ਤੁਸੀਂ ਬੇਚਿੰਤ ਰਹੋ!'' ਠਾਣੇਦਾਰ ਬੜੀਆਂ ਹੀ ਸਰਸਰੀ ਗੱਲਾਂ ਨਬੇੜ ਰਿਹਾ ਸੀ।

ਉਹ ਵਾਪਿਸ ਆ ਗਏ।

ਫਿਰ ਸਰਪੰਚ ਨੇ ਕਰਮੇਂ ਨੂੰ ਵੱਖ ਕਰ ਲਿਆ।

-''ਮੈਂ ਠਾਣੇਦਾਰ ਨੂੰ ਠੋਕ ਕੇ ਕਹਿਤੈ-ਸਿਪਾਹੀਆਂ ਦੇ ਫੂੱਦੂ ਦਬਕਾੜਿਆਂ ਤੋਂ ਡਰਨ ਦੀ ਲੋੜ ਨ੍ਹੀ-ਜੇ ਕੋਈ ਚਿਰ-ਫਿਰ ਕਰਨ-ਸੁਨੇਹਾਂ ਭੇਜ ਦੇਈਂ-ਖੜ੍ਹਾ ਖੜੋਤਾ ਈ ਪਹੁੰਚੂੰ।'' ਉਸ ਨੇ ਕਰਮੇਂ ਨੂੰ ਸਮਝਾਇਆ।

-''----।''

-''ਇਕ ਗੱਲ ਯਾਦ ਰੱਖੀਂ! ਇਹ ਮਾਰ ਕੁੱਟ ਘੱਟ ਕਰਦੇ ਐ ਤੇ ਜਰਕਾਉਂਦੇ ਬਾਹਲਾ ਹੁੰਦੇ ਐ-ਬੱਸ ਮੇਰੀ ਗੱਲ ਪੱਲੇ ਬੰਨ੍ਹ ਲਈਂ-ਇਹਨਾਂ ਦੇ ਫੈਂਟਰਾਂ 'ਚ ਨਾ ਆਈਂ--!''

ਕਰਮਾਂ ਸੁਣ ਰਿਹਾ ਸੀ। ਪਰ ਚੁੱਪ ਸੀ।

-''ਇਕ ਗੱਲ ਹੋਰ ਐ! ਜਿੰਨਾਂ ਡਰੇਂਗਾ-ਓਨਾਂ ਈ ਜਿਆਦਾ ਡਰਾਉਣਗੇ।'' ਸਰਪੰਚ ਨੇ ਕਰਮੇਂ ਨੂੰ ਨਹਿਬ ਦਿੱਤਾ ਸੀ।

ਉਹ ਵਾਪਿਸ ਆ ਗਏ।

-''ਚੰਗਾ ਸਰਦਾਰ ਮੈਂ ਤਾਂ ਫਿਰ ਚੱਲਦੈਂ।'' ਸਰਪੰਚ ਨੇ ਕਿਹਾ।

-''ਰੋਟੀ ਖਾ ਕੇ ਜਾਂਦੇ ਰਿਹੋ?'' ਮੁਣਸ਼ੀ ਪਹਿਲਾਂ ਹੀ ਬੋਲ ਪਿਆ।

-''ਬੱਸ ਇਕੋ ਈ ਗੱਲ ਐ-ਐਧਰ ਮਾੜਾ ਜਿਆ ਖਿਆਲ ਰੱਖਿਓ!'' ਹੱਥ ਮਿਲਾਉਂਦਾ ਸਰਪੰਚ ਇਕ ਤਰ੍ਹਾਂ ਨਾਲ ਤਾੜਨਾ ਕਰ ਰਿਹਾ ਸੀ।

-''ਫਿਕਰ ਈ ਨਾ ਕਰੋ!''

-''ਚੰਗਾ ਕਰਮਿਆਂ---!'' ਜਾਂਦੇ ਸਰਪੰਚ ਨੇ ਹੱਥ ਚੁੱਕਿਆ।

ਕਰਮੇਂ ਦਾ ਧਾਹ ਮਾਰਨ ਨੂੰ ਦਿਲ ਕੀਤਾ। ਪਰ ਉਹ ਵਿਚੇ-ਵਿਚ ਹੀ ਘੁੱਟ ਕੇ ਰਹਿ ਗਿਆ। ਕਸਾਈਆਂ ਕੋਲ ਬੱਕਰੇ ਨੂੰ ਛੱਡ ਕੇ ਜਾਂਦਾ ਮਾਲਕ ਜਿਵੇਂ ਬੱਕਰੇ ਨੂੰ ਪਿਆਰ ਕਰਕੇ ਗਿਆ ਸੀ, ਜਿਸ ਨੇ ਕੁਝ ਪਲਾਂ ਵਿਚ ਹੀ ਸੂਲੀ ਚੜ੍ਹ ਜਾਣਾ ਸੀ!

ਸਰਪੰਚ ਬਾਹਰ ਨਿਕਲ ਗਿਆ।

ਬਰਾੜ ਹੋਰਾਂ ਦੀ ਜੀਪ ਉਸ ਨੂੰ ਬਿਠਾ ਕੇ ਲੈ ਗਈ।

ਧੂੜ ਦਾ ਬੱਦਲ ਖਿੰਡ ਗਿਆ ਸੀ।

ਕਰਮਾਂ ਠਾਣੇ ਦੇ ਵਿਹੜੇ ਵਿਚ ਹੀ ਸੁੰਨ ਹੋਇਆ ਖੜ੍ਹਾ ਸੀ।

ਠਾਣੇਦਾਰ ਹਾਜ਼ਰੀ ਪਾ ਕੇ ਘਰ ਚਲਾ ਗਿਆ।

-''ਆਹ ਕਿਵੇਂ ਮੀਲ ਪੱਥਰ ਬਣਿਆਂ ਖੜ੍ਹੈ?'' ਇਕ ਸਿਆਣੀ ਜਿਹੀ ਉਮਰ ਦੇ ਸਿਪਾਹੀ ਨੇ ਮੁਣਸ਼ੀ ਨੂੰ ਆ ਕੇ ਪੁੱਛਿਆ। ਕਰਮੇਂ ਵੱਲ ਨੂੰ ਸਿੱਧੀ ਕੀਤੀ ਉਂਗਲੀ, ਤਿੰਨ ਸੌ ਤਿੰਨ ਬੰਦੂਕ ਦੀ ਗੋਲੀ ਵਰਗੀ ਲੱਗਦੀ ਸੀ।

-''ਇਹਨੂੰ ਬਹੂ ਮਾਰਨੇ ਨੂੰ ਚੱਕ ਕੇ ਹਵਾਲਾਤ 'ਚ ਤੁੰਨੋਂ-ਇਹਦੀ ਮੈਂ ਭੈਣ ਨੂੰ ਨਵੇਂ ਦੁੱਧ ਕਰ ਦਿਆਂ---!'' ਮੁਣਸ਼ੀ ਨੇ ਇਕ ਦਮ ਹੁਕਮ ਦਾ ਮਰੋੜਾ ਚਾੜ੍ਹਿਆ। ਠਾਣੇਦਾਰ ਤੋਂ ਬਾਅਦ ਉਹ ਹੀ ਠਾਣੇ ਦਾ ਰਿੰਡ ਪ੍ਰਧਾਨ ਹੁੰਦਾ ਸੀ। ਪੁਰਾਣਾ ਬੰਦਾ ਹੋਣ ਕਰਕੇ ਸਾਰੇ ਪੁਲਸ ਵਾਲੇ ਉਸ ਦਾ ਤਹਿਤ ਮੰਨਦੇ ਸਨ।

-''ਇਹਨੂੰ ਕੁੱਟੋ ਘੱਟ ਤੇ ਘੜ੍ਹੀਸੋ ਜਿਆਦਾ ਗੜ੍ਹਾਵੇ ਨੂੰ।'' ਪਾਸਿਓਂ ਹੌਲਦਾਰ ਨੇ ਅੜੀ 'ਚ ਅੜੀ ਫ਼ਸਾਈ।

-''ਅੱਬਲ ਤਾਂ ਇਹਦਾ ਮੁਕਾਬਲਾ ਬਣਾਓ ਅੱਜ ਰਾਤ ਨੂੰ।'' ਪਾਸਿਓਂ ਕਿਸੇ ਸਿਪਾਹੀ ਨੇ ਬਲਦੀ 'ਤੇ ਤੇਲ ਛਿੜਕਿਆ।

-''ਝਾਕਦਾ ਦੇਖ ਮੇਰਾ ਸਾਲਾ ਕਿਵੇਂ ਐਂ!''

-''ਪਤਾ ਤਾਂ ਪੁੱਤ ਉਦੋਂ ਲੱਗੂ ਜਦੋਂ ਤੁੰਗ-ਭੱਦਰਾਂ ਬਣਾਇਆ।''

-''ਜਦੋਂ ਜੰਮੂਰਾਂ ਨਾਲ ਖਿੱਚੇ ਨਹੁੰ-ਭੁੱਟ ਭੁੱਟ ਬੋਲੇਂਗਾ।'' ਇਕ ਨੇ ਉਸ ਨੂੰ ਧੱਕ ਕੇ ਹਵਾਲਾਤ ਅੰਦਰ ਤਾੜ ਦਿੱਤਾ। ਜਿਵੇਂ ਆਜੜੀ ਭੇਡ ਨੂੰ ਧੱਕ ਕੇ ਵਾੜੇ 'ਚ ਵਾੜਦੈ!

ਹਵਾਲਾਤ ਅੰਦਰੋਂ ਇੰਜ ਸੜ੍ਹਾਂਦ ਮਾਰ ਰਹੀ ਸੀ, ਜਿਵੇਂ ਕੋਈ ਜਾਨਵਰ ਅੰਦਰ ਮਰ ਕੇ ਸੜ ਗਿਆ ਸੀ। ਕਰਮੇਂ ਦਾ ਸਾਹ ਗੁੱਟ ਹੋਇਆ। ਉਸ ਨੇ ਸੀਖਾਂ ਕੋਲੇ ਹੋ ਕੇ, ਨਾਸਾਂ ਰਾਹੀਂ ਬਾਹਰੋਂ ਹਵਾ ਲੈਣੀ ਸ਼ੁਰੂ ਕਰ ਦਿੱਤੀ। ਹਨ੍ਹੇਰੀ ਜਿਹੀ ਹਵਾਲਾਤ ਵਿਚੋਂ ਮੱਛਰ ਬੁਰਕੀਆਂ ਵੱਢਦਾ ਸੀ। ਕਰਮਾਂ ਆਪਣੇ ਪਿੰਡੇ ਨੂੰ ਬੁਰੀ ਤਰ੍ਹਾਂ ਨਾਲ ਖੁਰਕ ਨਹੀਂ, ਸਗੋਂ ਵੱਢ ਰਿਹਾ ਸੀ।

-''ਕੋਈ ਨਾ ਜੁਆਨਾਂ ਇਕ ਦੋ ਦਿਨ ਈ ਤਕਲੀਪ ਹੁੰਦੀ ਐ-ਫੇਰ ਉਹੋ ਜਿਆ ਈ ਹੋਜੇਂਗਾ।'' ਇਕ ਬਜੁਰਗ ਹਵਾਲਾਤੀ ਨੇ ਕਿਹਾ।

-''ਪਹਿਲਾਂ ਪਹਿਲ ਮੱਛਰ ਬੰਦੇ ਨੂੰ ਖਾਂਦੈ-ਫੇਰ ਬੰਦਾ ਮੱਛਰ ਨੂੰ ਖਾਣ ਲੱਗ ਪੈਂਦੈ।'' ਦੂਜੇ ਨੇ ਹੱਸ ਕੇ 'ਫ਼ੀਂ-ਫ਼ੀਂ' ਕੀਤਾ।

-''ਇੱਥੇ ਕਿਹੜਾ ਬੇਬੇ ਰੋਟੀ ਲਈ ਬੈਠੀ ਐ।''

ਬੇਬੇ ਦੇ ਨਾਂ ਨੂੰ ਕਰਮੇਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਦਿਲ ਪਸੀਜਿਆ ਗਿਆ। ਉਹ ਦਰੱਖਤ ਦੇ ਦੁਸਾਂਗ ਵਿਚ ਫ਼ਸੇ ਪੰਛੀ ਵਾਂਗ ਬੇਵੱਸ ਸੀ। ਕੁਝ ਨਹੀਂ ਕਰ ਸਕਦਾ ਸੀ। ਉਸ ਦਾ ਦਿਲ ਕਰਦਾ ਸੀ ਕਿ ਕਾਸ਼! ਉਸ ਅੰਦਰ ਕੋਈ ਗ਼ੈਬੀ ਸ਼ਕਤੀ ਆ ਜਾਵੇ ਅਤੇ ਉਹ ਠਾਣੇ ਦੀਆਂ ਕੰਧਾਂ ਤੋੜ ਕੇ ਗਾਇਬ ਹੋ ਜਾਵੇ! ਪਰ ਮੁੰਡੇ ਦੀ ਸੋਚ ਕਲਪਨਾ ਵਿਚ ਧੱਕਾ ਖਾ ਕੇ ਹੀ ਸਾਹ ਛੱਡ ਜਾਂਦੀ। ਉਸ ਦਾ ਦਿਲ ਜਿਵੇਂ ਕਪੜਛਾਣ ਹੋ ਕੇ ਦੇਹ ਵਿਚੋਂ ਛਣ-ਛਣ ਬਾਹਰ ਡਿੱਗ ਰਿਹਾ ਸੀ। ਮੁਣਸ਼ੀ ਤੋਂ ਪੀਤੀ ਹੋਈ ਚਾਹ ਬਾਹਰ ਨੂੰ ਆ ਰਹੀ ਸੀ।

ਦੁਪਿਹਰਾ ਹਵਾਲਾਤੀਆਂ ਨੇ ਬਾਹਵਾ ਸੁਖ-ਅਰਾਮ ਨਾਲ ਕੱਟਿਆ। ਪ੍ਰਛਾਵੇਂ ਢਲਦਿਆਂ ਹੀ ਸਿਪਾਹੀਆਂ ਨੇ ਜਾਨੀਆਂ ਵਾਂਗ ਠਾਣੇ ਦੇ ਵਿਹੜੇ ਵਿਚ ਗੇੜੇ ਦੇਣੇ ਸ਼ੁਰੂ ਕਰ ਦਿੱਤੇ। ਦੁਪਿਹਰ ਦੀ

ਨੀਂਦ ਲਾਹ ਕੇ ਉਹ ਹੌਲੇ ਫੁੱਲ ਹੋਏ ਜਾਪਦੇ ਸਨ। ਕੁਝ ਕੁ ਅੜਬ ਕੁੱਕੜ ਵਾਂਗ ਹਵਾਲਾਤੀਆਂ ਨੂੰ ਤਾੜਾਂ ਮਾਰਨ ਲੱਗ ਪਏ ਸਨ। ਫ਼ਾਕੀ ਚਾਦਰੇ ਵਿਹੜਾ ਹੂੰਝਦੇ ਸਨ।

-''ਅੱਜ ਆਥਣੇ ਕਿਮੇਂ ਪ੍ਰਬੰਧ ਹੋਊ?'' ਇਕ ਬੇਸ਼ਰਮ ਜਿਹੇ ਸਿਪਾਹੀ ਨੇ ਦੂਸਰੇ ਨੂੰ ਹਵਾਲਾਤੀਆਂ ਦੇ ਸਾਹਮਣੇ ਹੀ ਪੁੱਛ ਲਿਆ।

-''ਅੱਜ ਬਹੂ ਮਾਰ ਤੋਂ ਪੀਵਾਂਗੇ---!'' ਦੂਜੇ ਨੇ ਫੱਟ ਜਵਾਬ ਸੁੱਟਿਆ। ਕਰਮੇਂ ਦਾ ਸਾਰੇ ਸਿਪਾਹੀਆਂ ਨੇ ''ਬਹੂ-ਮਾਰ'' ਹੀ ਨਾਂ ਧਰ ਲਿਆ ਸੀ। ਜਿਵੇਂ ਕਿਸੇ ਨਵੇਂ ਜਨਮੇ ਬਾਲ ਦਾ ਮਾਂ-ਬਾਪ ਲਾਡ ਨਾਲ ਨਾਂ ਧਰਦੇ ਹਨ!

ਕਰਮੇਂ ਦਾ ਦਿਲ ਥਾਵੇਂ ਆਇਆ ਕਿ ਮਾਰਦੇ ਕੁੱਟਦੇ ਨਹੀਂ, ਖਾਣ-ਪੀਣ 'ਚ ਹੀ ਬੁੱਤਾ ਸਾਰ ਲੈਣਗੇ।

-''ਕਿਉਂ ਉਏ ਬਹੂਮਾਰਾ! ਝੱਲਦੀ ਐ ਜੇਬ ਭਾਰ ਕਿ ਨਹੀਂ?'' ਇਕ ਨੇ ਉਸ ਨੂੰ ਦੰਦੀਆਂ ਜਿਹੀਆਂ ਕੱਢ ਕੇ ਪੁੱਛਿਆ।

ਕਰਮੇਂ ਨੇ ਚੁੱਪ-ਚਾਪ ਪੰਜਾਹਾਂ ਦਾ ਨੋਟ ਕੱਢ ਕੇ ਸਿਪਾਹੀ ਵੱਲ ਨੂੰ ਕੀਤਾ। ਜੋ ਸਿਪਾਹੀ ਨੇ ਉਂਗਲਾਂ ਦਾ ਮੋਚਨਾ ਬਣਾ ਕੇ ਫੜ ਲਿਆ। ਸਿਪਾਹੀ ਦਾ ਦਿਲ ਠਰ ਗਿਆ। ਹੁਣ ਉਸ ਨੂੰ ਪੈਂਦੀ ਸ਼ਾਮ ਚੂੰਢੀਆਂ ਵੱਢਦੀ ਨਜ਼ਰ ਨਹੀਂ ਆਉਂਦੀ ਸੀ।

-''ਸਾਲੇ 'ਚ ਰੰਘੜਊ ਦੇਖ ਕਿੱਡੈ-ਮੂੰਹੋਂ ਈ ਨ੍ਹੀ ਬੋਲਦਾ-ਜਿਮੇਂ ਰੋਪਨਾ 'ਤੇ ਬੈਠਾ ਹੁੰਦੈ!''

-''ਇਹਨੂੰ ਆਬਦੀ ਬਹੂ ਦੀਆਂ ਗੱਲਾਂ ਚੇਤੇ ਆਉਂਦੀਆਂ ਹੋਣਗੀਆਂ-ਜਦੋਂ ਕਹਿੰਦੀ ਹੋਊ ਸੇਜ 'ਤੇ ਪਈ: ਆਜੋ ਜੀ ਮੈਂ ਤਾਂ ਤਿਆਰ ਐਂ!''

-''ਉਏ ਉਥੇ ਕਿਹੜਾ ਇਹ ਵੰਝ ਗੱਡ ਦਿੰਦਾ ਹੋਣੈਂ?''

-''ਵੰਝ ਗੱਡਣ ਨੂੰ ਇਹਦੇ ਕਿਹੜਾ ਚਿੜੇ ਖਾਧੇ ਵੇ ਸੀ?''

ਗੱਲਾਂ ਕਰਦੇ, ਮੱਛਰੇ ਸਿਪਾਹੀ ਪਰ੍ਹਾਂ ਨੂੰ ਤੁਰ ਗਏ।

-''ਮੱਲਾ ਇਹਨਾਂ ਨੂੰ ਕਾਹਨੂੰ ਹੱਡ ਦੇਣਾ ਸੀ? ਇਹ ਤਾਂ ਮਾਂਗੇਆਲੀਏ ਤੇਰੀ ਪੀ ਕੇ ਤੇਰੇ ਈ ਮੋਛੇ ਪਾਉਣਗੇ!'' ਇਕ ਹਵਾਲਾਤੀ ਨੇ ਦੱਸਿਆ। ਉਸ ਦੀ ਬੱਗੀ ਦਾਹੜ੍ਹੀ ਵਿਚ ਸਾਰੇ ਭੇਦ ਹੀ ਲੁਕੇ ਹੋਏ ਸਨ।

-''ਪਰ ਬਾਬਾ ਕੀ ਕਰੀਏ--- ?'' ਘੋਰ ਮਾਯੂਸੀ ਵਿਚ ਕਰਮੇਂ ਨੇ ਸਿਰ ਫੇਰਿਆ, ''ਕੁੱਟੋਂ ਡਰਦੇ ਕਰਦੇ ਐਂ!''

-''ਇਹਨਾਂ ਨੂੰ ਤੂੰ ਭਾਵੇਂ ਸੌ ਹੋਰ ਦੇ-ਦੇ-ਪਰਾਗਾ ਇਹਨਾਂ ਨੇ ਤੇਰਾ ਪਾਉਣਾ ਈ ਪਾਉਣੈਂ-ਤੂੰ ਖ਼ੁਦ ਸਿਆਣੈਂ-ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨਿਕਲੀ ਐ?''

ਕਰਮਾਂ ਰੋਣ ਲੱਗ ਪਿਆ।

-''ਰੋਣ ਨਾਲ ਕੁਛ ਨ੍ਹੀ ਬਣਨਾ-ਜੇਰਾ ਮਹਿੰ ਵਰਗਾ ਕਰੇਂਗਾ-ਤਾਂ ਸਰੂ--!''

-''ਨਹੀਂ ਤਾਂ ਲੱਲ੍ਹੇ ਮਾਰ ਮਾਰ ਤੈਥੋਂ ਸਾਰਾ ਕੁਛ ਬਕਵਾ ਲੈਣਗੇ! ਕੁੱਟ ਤਾਂ ਇਕ ਪਾਸੇ ਰਹੀ।''

-''ਪਰ ਬਾਬਾ ਮੈਂ ਤਾਂ ਬਿਲਕੁਲ ਬੇਕਸੂਰ ਐਂ।'' ਉਸ ਨੇ ਦੁੱਧ ਵਰਗੀ ਸੱਚਾਈ ਜ਼ਾਹਿਰ ਕਰਨੀ ਚਾਹੀ। ਉਸ ਨੇ ਰੋਂਦੇ ਹੋਏ ਦੱਸਿਆ ਸੀ।

-''ਹੈ ਕਮਲਾ! ਕਸੂਰ ਬੇਕਸੂਰ ਨੂੰ ਐਥੇ ਕੋਈ ਨ੍ਹੀ ਪੁੱਛਦਾ!''

-''ਦਿਲ ਕਰੜਾ ਕਰ-ਮਰਦ ਬਣ! ਸਾਡੇ ਅੱਲੀਂ ਦੇਖਲੈ-ਪੂਰਾ ਮਹੀਨਾਂ ਹੋ ਗਿਆ 'ਸੀ' ਨ੍ਹੀ ਕੀਤੀ।''

ਕਰਮਾਂ ਚੁੱਪ ਕਰ ਗਿਆ।

ਸ਼ਾਮ ਪੈ ਗਈ।

ਠਾਣੇਦਾਰ ਪੁੱਜ ਗਿਆ।

ਠਾਣੇਦਾਰ ਅਤੇ ਮੁਣਸ਼ੀ ਨੇ ਸਾਂਝਾ ਪੈੱਗ ਪੀਤਾ। ਇਕ ਨਹੀਂ ਸਗੋਂ ਕਈ ਪੈੱਗ ਪੀਤੇ। ਉਪਰੋਥਲੀ ਪੀਤੀ ਦਾਰੂ ਨੇ ਉਹਨਾਂ ਅੰਦਰ ਭੰਦਰੋਲ ਪਾ ਦਿੱਤਾ ਸੀ। ਠਾਣੇਦਾਰ ਨੇ ਗਰਮੀ ਹੋਣ ਕਾਰਨ ਪੱਗ ਲਾਹ ਰੱਖੀ ਸੀ। ਮੱਥੇ ਨੂੰ ਸੱਖਣੀਂ ਲਾਲ ਫ਼ਿਫ਼ਟੀ ਸੱਜ ਵਿਆਹੀ ਵਾਂਗ ਚਿੰਬੜੀ ਪਈ ਸੀ।

ਕਰਮੇਂ ਨੂੰ ਹਵਾਲਾਤ ਵਿਚੋਂ ਬਾਹਰ ਕੱਢ ਲਿਆ ਅਤੇ ਉਸ ਨੂੰ ਠਾਣੇ ਦੇ ਦੂਸਰੇ ਵਿਹੜ੍ਹੇ ਵਿਚ ਲੈ ਗਏ। ਸਿਪਾਹੀਆਂ ਦੀ ਖਿੱਚੀ ਤਿਆਰੀ ਦੇਖ ਕੇ ਉਸ ਦੇ ਪ੍ਰਾਣ ਖੁਸ਼ਕ ਹੋ ਗਏ। ਬੁੱਲ੍ਹਾਂ 'ਤੇ ਝੱਗ ਜੰਮ ਗਈ।

-''ਧੀ ਦਿਆ ਯਾਰਾ-ਤੂੰ ਆਬਦੀ ਬਹੂ ਮਾਰਤੀ-ਤੇਰਾ ਕੀ ਖਾਂਦੀ ਸੀ ਉਏ?'' ਪੈਂਦੀ ਸੱਟੇ ਠਾਣੇਦਾਰ ਨੇ ਸਲੋਕ ਪੜ੍ਹਿਆ।

-''ਮਾਪਿਓ ਧੀ ਆਲੀ ਆਣ ਐਂ-ਮੈਂ ਤਾਂ ਬਿਲਕੁਲ ਈ ਬੇਕਸੂਰ ਐਂ-ਕਹੋਂ ਤਾਂ ਗਾਂ ਦੀ ਪੂਛ ਨੂੰ ਹੱਥ ਲਾ ਦਿੰਨੈਂ-ਸਾਰੇ ਪਿੰਡ ਨੂੰ ਪਤੈ।'' ਕਰਮੇਂ ਦੇ ਜੋੜੇ ਹੱਥ ਕੰਬ ਰਹੇ ਸਨ।

-''ਕੁੱਟ ਤੋਂ ਡਰਦਾ ਤਾਂ ਤੂੰ ਗਧੇ ਨੂੰ ਵੀ ਬਾਪੂ ਆਖੇਂਗਾ।''

-''ਪਿੰਡ ਕਿਹੜਾ ਤੇਰਾ ਸੁਪੱਤਾ ਐ? ਜਿਹੋ ਜਿਆ ਤੂੰ ਉਹੋ ਜਿਆ ਤੇਰਾ ਪਿੰਡ!'' ਮੁਣਸ਼ੀ ਦੀ ਦਿੱਤੀ ਉਂਗਲ 'ਤੇ ਠਾਣੇਦਾਰ ਕੁੜ੍ਹਿਆ ਪਿਆ ਸੀ।

-''ਜਿਹੋ ਜੀ ਨੰਦੋ ਬਾਹਮਣੀਂ ਉਹੋ ਜਿਆ ਘੁੱਦੂ ਜੇਠ!'' ਠਾਣੇਦਾਰ ਨੇ ਕਰਮੇਂ 'ਤੇ ਡੰਡਿਆਂ ਦਾ ਮੀਂਹ ਵਰ੍ਹਾ ਦਿੱਤਾ। ਹੱਥਾਂ ਪੈਰਾਂ ਦੀਆਂ ਉਂਗਲਾਂ 'ਤੇ ਵੱਜਦੇ ਡੰਡੇ ''ਟੱਕ-ਟੱਕ'' ਦੀ ਅਵਾਜ਼ ਕਰਦੇ ਸਨ।

ਲੈਂਦੇ ਹੱਥੀਂ ਠਾਣੇਦਾਰ ਨੇ ਕਰਮੇਂ ਨੂੰ ਰੂੰ ਵਾਂਗ ਪਿੰਜ ਸੁੱਟਿਆ ਸੀ। ਉਸ ਦਾ ਬਰੜਾਹਟ ਕੰਧਾਂ ਵਿਚ ਵੱਜ-ਵੱਜ ਮੁੜਦਾ ਸੀ। ਉਹ ਉਹਨਾਂ ਦਾ ਮਿੰਨਤ ਤਰਲਾ ਕਰਦਾ ਰਿਹਾ ਸੀ। ਉਸ ਦੀਆਂ ਨਾਸਾਂ 'ਚੋਂ ਖ਼ੂਨ ਧਰਾਲੀਂ ਵਹਿ ਰਿਹਾ ਸੀ। ਪਤਾ ਨਹੀਂ ਠਾਣੇਦਾਰ ਦਾ ਡੰਡਾ ਕਦੋਂ ਨੱਕ 'ਤੇ ਵਾਰ ਕਰ ਗਿਆ ਸੀ?

-''ਬੋਲ! ਬੋਲਦਾ ਨ੍ਹੀ ਕਰੇਵਾ ਦੇਣਿਆਂ-ਤੇਰੀ ਮੈਂ ਭੈਣ 'ਤੇ ਚੜ੍ਹਜਾਂ ਬੁੱਕ ਕੇ!'' ਠਾਣੇਦਾਰ ਨੇ ਇੱਕ ਕਰੜੀ ਝੁੱਟੀ ਹੋਰ ਲਾਈ। ਕਰਮੇਂ ਵਿਚ ਸਾਹ ਸਤ ਨਹੀਂ ਛੱਡਿਆ ਸੀ।

-''ਇਕ ਸਾਨੂੰ ਅੱਤਵਾਦੀ ਵਾਹਣੀਂ ਪਾਈ ਫਿਰਦੇ ਐ-ਦੂਜੇ ਮੇਰੇ ਸਾਲੇ ਹੁਣ ਬਹੂ ਮਾਰ ਉਠ ਖੜ੍ਹੇ!'' ਠਾਣੇਦਾਰ ਨੇ ਪੈਂਦੀ ਸੱਟੇ ਉਸ ਨੂੰ ਝੋਨੇ ਵਾਂਗ ਝਾੜ ਦਿੱਤਾ ਸੀ।

ਧਰਤੀ 'ਤੇ ਪਿਆ ਕਰਮਾਂ ਬੱਕਰੇ ਵਾਂਗ ਮਿਆਂਕ ਰਿਹਾ ਸੀ।

ਫੜ ਕੇ ਨਹੀਂ, ਇਕ ਤਰ੍ਹਾਂ ਨਾਲ ਮਰੇ ਹੋਏ ਕੱਟੇ ਵਾਂਗ ਘੜ੍ਹੀਸ ਕੇ ਸਿਪਾਹੀ ਕਰਮੇਂ ਨੂੰ ਹਵਾਲਾਤ ਵਿਚ ਸੁੱਟ ਗਏ। ਉਹ ਬੁਰੀ ਤਰ੍ਹਾਂ ਪੀੜਿਆ ਪਿਆ ਸੀ। ਹੂੰਗਾ ਮਾਰਦਾ ''ਹਾਏ-ਹਾਏ'' ਕੂਕ ਰਿਹਾ ਸੀ।

-''ਪਹਿਲੀ ਤਾਂ ਪਾਸ ਕਰ ਆਇਆ।'' ਬਜ਼ੁਰਗ ਹਵਾਲਾਤੀ ਨੇ ਦੂਜੇ ਹਵਾਲਾਤੀਏ ਨੂੰ ਕਿਹਾ।

-''ਬੱਸ ਕੈਮ ਹੋ ਜੁਆਨਾ-ਪਸ਼ੂ ਦੀ ਮੋਕ ਦਾ ਤੇ ਗੌਰਮਿਲਟ ਦੇ ਝਿੜ੍ਹਕੇ ਦਾ ਰੋਸ ਨ੍ਹੀ ਕਰੀਦਾ ਹੁੰਦਾ!'' ਦੂਜਾ ਬੋਲਿਆ।

-''ਸਾਹਨ ਬਣ ਸਾਹਨ! ਇਹੀ ਸੱਟਾਂ ਤੈਨੂੰ ਘਿਉ ਮਾਂਗੂੰ ਲੱਗਣਗੀਆਂ-ਜਾਹ ਕਦੇ ਨ੍ਹੀ ਡੋਲਦਾ।'' ਉਸ ਨੇ ਮੁੱਠੀ ਬੰਦ ਕਰ, ਖੋਲ੍ਹ ਕੇ ਫਿਰ ਲਹਿਰਾਈ।

-''ਸਾਡੇ ਅੱਲੀਂ ਦੇਖਲਾ-ਕਿੰਨੇਂ ਦਿਨਾਂ ਦੇ ਬੈਠੇ ਐਂ-ਕੋਈ ਹੱਥ ਨ੍ਹੀ ਲਾਉਂਦਾ-ਪਹਿਲਾਂ ਪਹਿਲ ਮੇਰੇ ਸਾਲੇ ਸਾਹਣ ਮਾਂਗੂੰ ਗੇੜਾ ਦੇ ਕੇ ਉਤੇ ਚੜ੍ਹ ਜਾਂਦੇ ਸੀ।''

ਉਹ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ।

ਕਾਫ਼ੀ ਰਾਤ ਗਈ ਇੰਦਰ ਰੋਟੀ ਲੈ ਕੇ ਪਹੁੰਚ ਗਿਆ।

ਕਰਮੇਂ ਦੀ ਹੂੰਗਰ ਸੁਣ ਕੇ ਉਹ ਮਿੱਟੀ ਹੋ ਗਿਆ।

ਕਰਮੇਂ ਨੇ ਨਹੀਂ, ਹਵਾਲਾਤੀ ਨੇ ਸਾਰੀ ਕਹਾਣੀ ਦੱਸੀ।

ਇੰਦਰ ਸੋਚਾਂ ਵਿਚ ਡੁੱਬ ਗਿਆ।

-''ਹੈਂ ਬਈ! ਮੂੰਹ 'ਚ ਹੱਡ ਦਿੱਤੇ ਬਿਨਾ ਕੁੱਤੇ ਲੋਟ ਨ੍ਹੀ ਆਉਣੇ।'' ਉਸ ਨੇ ਕਾਫ਼ੀ ਦੇਰ ਬਾਅਦ ਗੱਲ ਕਹੀ ਸੀ।

-''ਸਰਦਾਰ ਦਾ ਮੂੰਹ ਸੁੰਘੋ-ਨਹੀਂ ਤਾਂ ਮੈਨੂੰ ਮੇਰੇ ਸਾਲੇ ਪਾਰ ਬੁਲਾ ਦੇਣਗੇ-।'' ਕਰਮਾਂ ਬੜੀ ਮੁਸ਼ਕਿਲ ਨਾਲ ਬੋਲਿਆ। ਉਸ ਦੇ ਸਾਰੇ ਸਰੀਰ ਵਿਚ ਚਸਕਾਂ ਵੱਜ ਰਹੀਆਂ ਸਨ। ਅਫ਼ੀਮ ਛੱਡੀ ਵਾਲੇ ਅਮਲੀ ਵਾਂਗ ਉਸ ਦੇ ਕੜੱਲਾਂ ਪੈ ਰਹੀਆਂ ਸਨ। ਉਹ ਖੱਸੀ ਹੋਏ ਬਲਦ ਵਾਂਗ ਪੀੜ ਨਾਲ ਕਸੀਸ ਵੱਟੀ ਬੈਠਾ ਸੀ।

-''ਹੈਂ ਬਈ! ਮਾੜੀ ਮੋਟੀ ਰੋਟੀ ਤਾਂ ਖਾ ਲੈ-ਕੱਲ੍ਹ ਨੂੰ ਅਸੀਂ ਸਾਰਾ ਕੁਛ ਸਾਂਭ ਲਵਾਂਗੇ।''

-''ਤੂੰ ਰੋਟੀ ਦੀ ਗੱਲ ਕਰਦੈਂ? ਮੈਂ ਮਰਨ 'ਤੇ ਪਿਐਂ--।'' ਕਰਮੇਂ ਨੇ ਲੱਤ ਸਿੱਧੀ ਕਰਨੀ ਚਾਹੀ। ਪਰ ਲੱਤ ਸਿੱਧੀ ਨਾ ਹੋ ਸਕੀ।

-''ਅਖੇ ਬੁੜ੍ਹੀ ਮਰਨ ਨੂੰ ਫਿਰੇ ਤੇ ਬਾਬਾ --- ਨੂੰ ਫਿਰੇ!'' ਕਿਸੇ ਹੋਰ ਨੇ ਟਾਂਚ ਕੀਤੀ।

-''ਹੈ ਬਈ! ਕਰਲੈ ਟਿੱਚਰਾਂ।'' ਉਸ ਨੇ ਹਵਾਲਾਤੀ ਨੂੰ ਕਿਹਾ।

-''ਟਿੱਚਰਾਂ ਕਾਹਦੀਐਂ ਬਾਈ! ਸਾਰਿਆਂ ਤੇ ਈ ਇਹੋ ਟੈਮ ਬੀਤ ਕੇ ਗਏ ਐ-ਅਸੀਂ ਕਿਹੜਾ ਮਾਸੀ ਕੋਲੇ ਆਏ ਵੇ ਐਂ?''

-''ਮੇਰੇ ਸਹੁਰੇ ਭੱਬੂ ਸਾਨੂੰ ਬਣਾ ਲੈਂਦੇ ਸੀ।''

ਕੱਲ੍ਹ ਦਾ ਵਾਅਦਾ ਕਰਕੇ ਇੰਦਰ ਚਲਾ ਗਿਆ।

ਠਾਣੇ ਵਿਚ ਸੁੰਨ ਵਰਤ ਗਈ ਸੀ। ਕਦੇ-ਕਦੇ ਤਬੇਲੇ ਵਿਚੋਂ ਕਿਸੇ ਘੋੜੇ ਦੇ ਹਿਣਕਣ ਦੀ ਅਵਾਜ਼ ਆਉਂਦੀ ਸੀ ਅਤੇ ਕਦੇ ਸ਼ਰਾਬੀ ਸਿਪਾਹੀਆਂ ਦਾ ਹਾਸਾ ਉਚਾ ਹੋ ਜਾਂਦਾ ਸੀ। ਕਦੇ ਕਿਸੇ ਦੀ ਹਵਾਲਾਤ 'ਚੋਂ ਘੁਰਾੜ੍ਹਿਆਂ ਦੀ ਅਵਾਜ਼ ਸੁਣਦੀ ਸੀ ਅਤੇ ਕਦੇ ਕਰਮੇਂ ਦਾ ਲੰਮਾਂ ਹੂੰਗਾ!

ਕਰਮਾਂ ਪੂੜੇ ਵਾਂਗ ਉਠੇ ਸਰੀਰ ਨੂੰ ਪਲੋਸਦਾ ਸੋਚਾਂ ਵਿਚ ਡੁੱਬ ਗਿਆ----!

------------- ਕਾਂਡ ਬਾਰ੍ਹਾਂ -----------

----ਅਸਲ ਵਿਚ ਕਰਮੇਂ ਦਾ ਘਰ ਘੁੱਗ ਵਸਦਾ ਸੀ। ਲੜਾਈ ਤਾਂ ਕੀ? ਕਦੇ ਕਿਸੇ ਨੇ ਘਰ ਵਿਚ "ਚੂੰ" ਵੀ ਨਹੀਂ ਕੀਤੀ ਸੀ! ਸਾਰੇ ਜੀਅ ਰੱਬ ਦੀ ਰਜ਼ਾ ਵਿਚ ਰਾਜ਼ੀ ਸਨ। ਜੇ ਉਹਨਾਂ ਨੂੰ ਦੁੱਖ ਸੀ ਤਾਂ ਸਿਰਫ਼ ਆਪਣੇ ਬਾਪ ਦਾ, ਜੋ ਅੱਠੇ ਪਹਿਰ ਦਾਰੂ ਵਿਚ ਗੁੱਟ ਰਹਿੰਦਾ ਸੀ। ਪਰਿਵਾਰ ਦੇ ਸਾਰੇ ਜੀਅ ਉਸ ਨੂੰ ਹਮੇਸ਼ਾ ਸਮਝਾਉਂਦੇ ਰਹਿੰਦੇ। ਪਰ ਉਹ ਸੁਧਰਨ ਵਾਲੀ ਜੜ੍ਹੀ ਨਹੀਂ ਲੱਗਦਾ ਸੀ। ਹਰ ਕੌਰ ਨੇ ਬਥੇਰ੍ਹਾ ਪੁੜਪੜੀਆਂ ਦਾ ਭੇੜ੍ਹ ਕੀਤਾ। ਪਰ ਕਰਮੇਂ ਦਾ ਪਿਉ ਕਿਸੇ ਲੀਹ 'ਤੇ ਨਾ ਆਇਆ। ਉਹ ਹਮੇਸ਼ਾ ਇੱਕੋ ਹੀ ਰਟ ਲਾਈ ਰੱਖਦਾ, "ਮੈਂ ਕਿਹੜਾ ਕਿਸੇ ਕੰਜਰ ਤੋਂ ਮੰਗ ਕੇ ਪੀਨੈਂ? ਜੇ ਪੀਨੈਂ ਤਾਂ ਆਬਦੀ ਪੀਨੈਂ! ਹੱਥੀਂ ਕਮਾਈ ਕੀਤੀ ਵੀ ਐ-ਕੋਈ ਬੈਂਕ ਨ੍ਹੀ ਲੁੱਟੀ!" ਪਰ ਹਰ ਕੌਰ ਫੇਰ ਸਮਝਾਉਣ ਦਾ ਯਤਨ ਕਰਦੀ ਤਾਂ ਉਹ ਜਾੜ੍ਹ ਘੁੱਟ ਕੇ ਪੈਂਦਾ, "ਮੈਨੂੰ ਤੇਰਾ ਪਿਉ ਬੋਤਲਾਂ ਦੇ ਕੇ ਜਾਂਦੈ ਕਜਾਤੇ--?" ਹਰ ਕੌਰ ਚੁੱਪ ਕਰ ਜਾਂਦੀ।

ਕਰਮਾਂ ਰਾਮਗੜ੍ਹ ਵਿਆਹਿਆ ਹੋਇਆ ਸੀ। ਸਹੁਰੇ ਉਸ ਦੇ ਚੰਗੇ ਖਾਂਦੇ-ਪੀਂਦੇ ਸਨ। ਬਹੂ ਵੀ ਕਰਮੇਂ ਦੀ ਸੋਹਣੀ ਸੁਨੱਖੀ ਅਤੇ ਲੋਕਾਂ ਦੇ ਮੂੰਹ ਮੱਥੇ ਲੱਗਦੀ ਕਰਦੀ ਸੀ।

ਵਿਆਹ ਤੋਂ ਤਿੰਨ ਸਾਲਾਂ ਦੇ ਵਿਚ-ਵਿਚ ਕੁਲਵਿੰਦਰ ਦੇ ਪੇਟੋਂ ਦੋ ਕੁੜੀਆਂ ਹੋਈਆਂ ਸਨ। ਫ਼ੁਬਸੂਰਤ ਔਲਾਦ! ਫੁੱਲਾਂ ਵਰਗੀਆਂ ਬੱਚੀਆਂ! ਹੁਣ ਕੁਲਵਿੰਦਰ ਨੂੰ ਤੀਸਰਾ ਬੱਚਾ ਹੋਣ ਵਾਲਾ ਸੀ। ਹਰ ਕੌਰ ਨੇ ਨਹਿਰ ਵਾਲੇ ਸੰਤਾਂ ਤੋਂ ਕੁਲਵਿੰਦਰ ਨੂੰ "ਮੁੰਡਾ ਹੋਣ" ਵਾਲੀ ਦੁਆਈ ਖੁਆਈ ਸੀ। ਸੰਤਾਂ 'ਤੇ ਹਰ ਕੌਰ ਨੂੰ ਅਥਾਹ ਵਿਸ਼ਵਾਸ ਸੀ। ਹਰ ਕੌਰ ਕਦੇ-ਕਦੇ ਕਲਪਨਾ ਵਿਚ ਆਪਣੇ ਹੋਣ ਵਾਲੇ ਪੋਤੇ ਨਾਲ ਕਲੋਲਾਂ ਕਰਨ ਲੱਗ ਜਾਂਦੀ। ਕਰਮੇਂ ਦਾ ਬਾਪੂ ਵੀ ਖੁਸ਼ ਸੀ।

-"ਕਰਮਿਆਂ! ਐਤਕੀਂ ਤਾਂ ਮੇਰੇ ਪੋਤਾ ਈ ਹੋਣੈਂ-ਜਿੱਦੇਂ ਜੰਮਿਆਂ ਤੈਥੋਂ ਰੱਜ ਕੇ ਪੀਣੀ ਐਂ।" ਉਹ ਆਮ ਹੀ ਆਖ ਦਿੰਦਾ ਸੀ। ਖੁਸ਼ੀ ਉਸ ਅੰਦਰ ਵੀ ਚਾਂਭੜ੍ਹਾਂ ਮਾਰਦੀ। ਕਰਮੇਂ ਨੂੰ ਪਤਾ ਨਹੀਂ ਕਿਉਂ ਸੰਤਾਂ 'ਤੇ ਵਿਸ਼ਵਾਸ ਨਹੀਂ ਸੀ। ਉਹ ਗੱਲਾਂ ਕਰਦਾ ਟਾਲ ਜਾਂਦਾ, "ਦਾਰੂ ਦੀ ਗੱਲ ਕੀ ਕਰਦੈਂ ਬਾਪੂ? ਨ੍ਹਾ ਦਿਆਂਗੇ ਨ੍ਹਾ!"

ਕੁਲਵਿੰਦਰ ਦੇ ਦਿਨ ਪੂਰੇ ਹੋ ਗਏ ਸਨ।

ਸਾਰੇ ਟੱਬਰ ਦੀਆਂ ਅੱਖਾਂ ਕੁਲਵਿੰਦਰ 'ਤੇ ਹੀ ਲੱਗੀਆਂ ਰਹਿੰਦੀਆਂ ਸਨ ਕਿ ਕਿਹੜਾ ਦਿਨ ਆਵੇ ਅਤੇ ਸਾਡੇ ਘਰੇ ਮੁੰਡਾ ਖੇਡੇ! ਸ਼ਿੰਦੇ ਨੇ ਤਾਂ ਇਕ ਦਿਨ ਹਾਸੇ ਨਾਲ ਆਖ ਵੀ ਦਿੱਤਾ, "ਕਿਉਂ ਭਾਬੀ ਸਾਡੀਆਂ ਅੱਖਾਂ ਪਕਾਈ ਜਾਨੀ ਐਂ? ਚੱਲ ਤੈਨੂੰ ਬਿਠਾਈਏ ਟਰਾਲੀ 'ਚ ਤੇ ਦੇਈਏ ਕੱਲਰ ਆਲੀ

ਜਮੀਨ 'ਚ ਗੇੜਾ-ਤੇਰਾ ਅੰਦਰ ਹਿੱਲੂ ਕੁਛ-ਜੁਆਕ ਛੇਤੀ ਜੰਮਲੇਂਗੀ!" ਕੁਲਵਿੰਦਰ ਹੱਸ ਕੇ ਬੋਲੀ ਸੀ, "ਵੇ ਜਾਹ ਵਗਜਾ ਪਰ੍ਹਾਂ-ਕਿਤੇ ਮੈਥੋਂ ਹੁਣੇਂ ਨਾ ਕੁੱਢਣ ਖਾਲੀਂ!"

ਸ਼ਿੰਦਾ ਹੱਸ ਕੇ ਬਾਹਰ ਨਿਕਲ ਗਿਆ ਸੀ।

ਫ਼ੈਰ! ਉਹ ਦਿਨ ਆਇਆ, ਜਿਸ ਦੀ ਸਾਰੇ ਟੱਬਰ ਨੂੰ ਬੇਸਬਰੀ ਨਾਲ ਉਡੀਕ ਸੀ। ਹਰ ਕੌਰ ਨੇ ਕੁਲਵਿੰਦਰ ਦੀ ਹਾਲਤ ਠੀਕ ਹੋਣ ਦੇ ਬਾਵਜੂਦ ਵੀ ਉਸ ਨੂੰ ਸ਼ਹਿਰ ਦੇ ਹਸਪਤਾਲ ਦਾਖਲ ਕਰਵਾ ਦਿੱਤਾ। ਉਹ ਨਹੀਂ ਚਾਹੁੰਦੀ ਸੀ ਕਿ ਉਸ ਦਾ ਪੋਤਾ ਕਿਸੇ ਅਨਪੜ੍ਹ, ਕੁੱਢਰ ਦਾਈ ਦੇ ਹੱਥਾਂ ਵਿਚ ਜੰਮੇਂ! ਉਹ ਚਾਹੁੰਦੀ ਸੀ ਕਿ ਉਸ ਦਾ ਪੋਤਾ ਕਿਸੇ ਪੜ੍ਹੀ ਲਿਖੀ ਡਾਕਟਰਨੀ ਦੇ ਹੱਥਾਂ ਵਿਚ ਪੈਦਾ ਹੋਵੇ। ਹਰ ਕੌਰ ਸੁਬਾਹ ਤੋਂ ਹੀ ਸੰਤਾਂ ਨੂੰ ਧਿਆ ਰਹੀ ਸੀ।

ਸ਼ਿੰਦੇ ਦਾ ਸਭ ਤੋਂ ਛੋਟਾ ਭਰਾ ਸਵਰਨਾ ਸ਼ਹਿਰੋਂ ਫ਼ਬਰ ਲੈ ਕੇ ਘਰ ਪਹੁੰਚਿਆ।

ਧੀ ਜੰਮੀ ਸੀ!!

ਸੁਣਦਿਆਂ ਹੀ ਸਾਰੇ ਪ੍ਰੀਵਾਰ ਦੇ ਪਿੱਸੂ ਪੈ ਗਏ। ਉਹਨਾਂ ਦੇ ਹੌਸਲੇ ਟੁੱਟ ਗਏ ਸਨ। ਹਰ ਕੌਰ ਦਾ ਜਿਵੇਂ ਨਹਿਰ ਵਾਲੇ ਸੰਤਾਂ ਤੋਂ ਵਿਸ਼ਵਾਸ ਉਠ ਗਿਆ ਸੀ। ਪਰ ਫਿਰ ਵੀ ਉਹ ਹੌਸਲਾ ਦਿਖਾਉਂਦੀ ਹੋਈ ਬੋਲੀ, "ਫੇਰ ਕੀ ਆਫ਼ਤ ਆ ਗਈ ਜੇ ਕੁੜੀ ਹੋ ਗਈ? ਲੋਕਾਂ ਦੀਆਂ ਬਹੂਆਂ ਕੋਲੇ ਪੰਜ-ਪੰਜ ਕੁੜੀਐਂ-ਧੀਆਂ ਧਿਆਣੀਆਂ ਕਿਤੇ ਸਿੱਟੀਆਂ ਥੋੜ੍ਹੋ ਜਾਂਦੀਐਂ? ਨਾਲੇ ਧੀ ਤਾਂ ਭਾਈ ਲੱਛਮੀ ਦਾ ਰੂਪ ਹੁੰਦੀ ਐ! ਕੀ ਪਤੈ ਕੀਹਦੇ ਕਰਮ ਖਾਨੇਂ ਐਂ?" ਬੇਬੇ ਪੰਜੀਰੀ ਰਲਾਉਂਦੀ ਗੁੱਝੀ-ਗੁੱਝੀ ਰੋ ਰਹੀ ਸੀ। ਜਿਸ ਚੀਜ਼ ਦੀ ਪੂਰਨ ਆਸ ਅਤੇ ਇੱਛਾ ਹੋਵੇ, ਉਹ ਵੀ ਰੱਬ ਪੂਰੀ ਨਾ ਕਰੇ ਤਾਂ ਆਦਮੀ ਨੂੰ ਰੋਣ ਆਉਣਾ ਕੁਦਰਤੀ ਗੱਲ ਹੈ। ਜਿੱਥੇ ਕਿਤੇ ਕਿਸੇ ਦਾ ਜੋਰ ਨਾ ਚੱਲਦਾ ਹੋਵੇ, ਉਥੇ ਰੋ ਕੇ ਹੀ ਸਾਰ ਲਿਆ ਜਾਂਦਾ ਹੈ। ਬੇਵਸੀ ਅਤੇ ਬੇਕਦਰੀ ਦਾ ਇਹੋ ਹੀ ਤਾਂ ਇਕ ਇਲਾਜ ਹੈ!

-"ਬੇਬੇ ਕਿਉਂ ਢਿੱਲੀ ਜੀ ਹੋਈ ਬੈਠੀ ਐਂ? ਜਿਸ ਦਿਨ ਸਾਡਾ ਲਾਲ ਝੰਡੇ ਦਾ ਰਾਜ ਆ ਗਿਆ-ਉਸ ਦਿਨ ਅਸੀਂ ਕੁੜੀ ਮੁੰਡੇ 'ਚ ਫਰਕ ਈ ਨ੍ਹੀ ਰਹਿਣ ਦੇਣਾ।" ਕਾਮਰੇਡ ਸ਼ਿੰਦਾ ਆਖ ਰਿਹਾ ਸੀ, "ਸੰਤ ਤਾਂ ਸਾਰਿਆਂ ਨੂੰ ਮੁੰਡੇ ਈ ਦਿੰਦੇ ਐ!"

-"ਵੇ ਮੈਂ ਕਾਹਨੂੰ ਢਿੱਲੀ ਆਂ ਪੁੱਤ-ਮੈਂ ਕਾਹਤੋਂ ਰੱਬ ਦੀ ਸ਼ਰੀਕ ਬਣਾਂ? ਧੀ ਧਿਆਣੀ ਐਂ-ਰੱਬ ਰਾਜੀ ਖ਼ੁਸ਼ੀ ਰੱਖੇ!" ਬੇਬੇ ਨੇ ਧੂੰਏਂ ਦੇ ਪੱਜ ਅੱਖਾਂ ਪੂੰਝੀਆਂ ਸਨ।

-"ਬੇਬੇ ਬੈਠ ਕੇ ਧੂੰਏਂ ਦੇ ਪੱਜ ਰੋਈ-ਸੰਤਾਂ ਨੇ ਕੁੜੀ ਦਿੱਤੀ।" ਸ਼ਿੰਦਾ ਮਸ਼ਕਰੀਆਂ ਕਰੀ ਜਾ ਰਿਹਾ ਸੀ।

-''ਮੈਥੋਂ ਕਿਤੇ ਪਾਥੀਆਂ ਨਾ ਖਾ ਲਈਂ! ਅਖੇ ਅੰਨ੍ਹਾਂ ਜੁਲਾਹਾ ਮਾਂ ਨਾਲ ਮਸ਼ਕਰੀਆਂ? ਜਾਹ ਜਾਂਦਾ ਰਹਿ!''

ਸ਼ਿੰਦਾ ਬਾਹਰ ਨੂੰ ਤੁਰ ਗਿਆ ਸੀ।

ਸ਼ਾਮ ਨੂੰ ਰਲਵੀਆਂ ਮਿਲਵੀਆਂ ਗੱਲਾਂ ਕਰਦੇ ਸਾਰੇ ਪੀ ਰਹੇ ਸਨ। ਬਰਾੜ, ਗਿੱਲ ਅਤੇ ਇੰਦਰ ਪਾਰਟੀ ਦੀ ਸ਼ਾਨ ਸਨ। ਧੀ ਜੰਮੀ ਦਾ ਕੋਈ ਅਫ਼ਸੋਸ ਨਾ ਪ੍ਰਗਟ ਕਰਦੇ ਹੋਏ ਕਾਮਰੇਡ ਇਕ-ਦੂਜੇ ਨੂੰ ਹੁੱਝਾਂ ਮਾਰ ਕੇ ਹੱਸਦੇ ਸਨ। ਕਈਆਂ ਨੇ ਤਾਂ ''ਬੇਟੀ ਮੁਬਾਰਕ ਹੋਵੇ'' ਵੀ ਆਖਿਆ ਸੀ।

ਅਚਾਨਕ ਕਰਮੇਂ ਦੇ ਸਾਲੇ ਦਾ ਅੱਗੇ ਸਾਲਾ ਬਿੱਲੂ ਆ ਗਿਆ। ਬਣਦਾ ਤਣਦਾ ਸੋਹਣਾ ਗੱਭਰੂ ਬਿੱਲੂ ਕਾਮਰੇਡਾਂ ਵਿਚ ਆਮ ਹੀ ਆ ਬੈਠਦਾ ਸੀ। ਉਸ ਦੇ ਸੁਨੱਖੇ ਚਿਹਰੇ 'ਤੇ ਲਾਲੀ ਦਗਦੀ ਸੀ। ਉਸ ਦੀਆਂ ਫ਼ਤ ਕੱਢੀਆਂ ਮੁੱਛਾਂ, ਪਰ ਦਾਹੜੀ ਖੋਦੀ ਸੀ। ਇੰਜ ਭੁਲੇਖਾ ਪੈਂਦਾ ਸੀ, ਜਿਵੇਂ ਕੂਹਣੀਂ ਨੂੰ ਸਾਗ ਲੱਗਿਆ ਹੁੰਦੈ! ਪਰ ਖੋਦੀ ਦਾਹੜੀ ਵੀ ਉਸ ਦੇ ਭਰਵੇਂ ਚਿਹਰੇ 'ਤੇ ਜਚਦੀ ਸੀ। ਬਿੱਲੂ ਅਕਲੋਂ ਥੋੜਾ ਜਿਹਾ ਹੌਲਾ, ਪਰ ਗਾਲੜੀ ਪੂਰਾ ਸੀ। ਗੱਲ ਕਰਦਿਆਂ ਠਾਹ ਸੋਟਾ ਮਾਰਨਾ ਉਸ ਦਾ ਕਰਮ ਸੀ। ਕਰਮ ਸਿੰਘ ਕੋਲ ਉਹ ਆਪਣੇ ਭਣੋਈਏ ਦੇ ਰੋਕੇ ਹੋਏ ਵੀ ਜ਼ਮੀਰ ਕੁੱਟ ਕੇ ਆਉਂਦਾ ਸੀ।

-''ਉਏ ਆ ਬਈ ਸਰਬੰਧੀਆ!'' ਸਾਰੇ ਕਾਮਰੇਡ ਉਸ ਦੇ ਭਣੋਈਏ ਬਣ ਕੇ ਬੈਠ ਗਏ। ਉਹ ਅੰਨ੍ਹੇ ਹੱਥ ਬਟੇਰਾ ਦੇਖ ਕੇ ਚੁੱਪ ਹੀ ਕਰ ਗਿਆ। ਕਾਮਰੇਡਾਂ ਨਾਲ ਮਗਜ਼ ਮਾਰਨਾ ਉਹ ਬੇਵਕੂਫ਼ੀ ਹੀ ਸਮਝਦਾ ਸੀ। ਗਿੱਦੜਾਂ ਹੱਥ ਪਟੋਲ੍ਹਾ ਆਇਆ, ਲੀਰੋ ਲੀਰ ਹੀ ਕਰਨਗੇ? ਗਧੇ ਨੂੰ ਹੀਰੇ ਦੀ ਕੀ ਸਾਰ? ਸੋਚਦਾ ਉਹ ਚੁੱਪ ਕਰਿਆ ਬੈਠਾ ਸੀ।

-''ਸੁਣਿਐਂ ਕੁਲਵਿੰਦਰ ਕੋਲੇ ਫੇਰ ਕੁੜੀ ਐ?'' ਉਹ ਕਾਫ਼ੀ ਦੇਰ ਬਾਅਦ ਧੀਮਾਂ ਜਿਹਾ ਬੋਲਿਆ। ਪਹਿਲੇ ਤੋੜ ਦੀ ਬੋਤਲ ਦੇ ਦੋ ਪੈੱਗਾਂ ਨੇ ਉਸ ਨੂੰ ''ਬਾਬੂ'' ਬਣਾ ਦਿੱਤਾ ਸੀ।

-''ਫੇਰ ਕੀ ਗੋਲੀ ਵੱਜਗੀ? ਹੀਰ ਮੁੱਕਗੀ ਜਾਂ ਸਾਰੰਗੀ ਟੁੱਟਗੀ? ਇਹ ਕੋਈ ਕੁੰਭ ਦਾ ਮੇਲੈ ਜਿਹੜਾ ਬਾਰ੍ਹਾਂ ਵਰ੍ਹਿਆਂ ਮਗਰੋਂ ਆਊਗਾ? ਅਗਲੇ ਸਾਲ ਲੈ ਫੇਰ ਗੱਭਣ ਕੀਤੀ! ਗੱਲਾਂ ਕੀ ਕਰਨ ਲੱਗ ਪਿਆ ਸਾਲਾ ਢੇਡ! ਦਾਰੂ ਪੀਤੀ ਦਾ ਮੈਖਿਆ ਊਂਈਂ ਨਾਸ ਮਾਰਤਾ!'' ਗਿੱਲ ਚਾਰੇ ਚੁੱਕ ਕੇ ਬਿੱਲੂ ਨੂੰ ਪਿਆ।

-''ਇਹਨੂੰ ਪਾਰਟੀ 'ਚੋਂ ਕੱਢੋ ਜਾਂ ਮੇਰੇ ਸਾਲੇ ਦੇ ਗੋਲੀ ਮਾਰੋ!'' ਬਰਾੜ ਬੋਲਿਆ। ਉਹ ਦੋਵੇਂ ਬਾਹਾਂ ਦਾ ਮੰਜੇ ਦੀਆਂ ਬਾਹੀਆਂ 'ਤੇ ਭਾਰ ਦੇਈ ਬੈਠਾ ਸੀ।

-''ਅੱਬਲ ਤਾਂ ਇਹਦੇ ਸਿਰ 'ਚ ਮੂਤੋ! ਇਹ ਗੱਲ ਤੂੰ ਕੀਤੀ ਤਾਂ ਕਿਉਂ ਕੀਤੀ?'' ਕਾਮਰੇਡ 'ਭੂੰਡ' ਬੋਲਿਆ। ਸਾਢੇ ਪੰਜ ਫੁੱਟਾ ਗੱਦਰ ਭੂੰਡ ਸਾਹਮਣੇਂ ਮੰਜੇ 'ਤੇ ਬੈਠਾ ਪਾਥੀਆਂ ਦਾ ਗਹੀਰਾ ਹੀ ਲੱਗਦਾ ਸੀ।

-''ਬਹੁੜ੍ਹੀ ਉਏ ਬਾਪੂ! ਮੈਂ ਤਾਂ ਸੋਬਤੀ ਈ ਕਿਹਾ ਸੀ-ਤੁਸੀਂ ਮਤੇਈ ਮਾਂ ਮਾਂਗੂੰ ਮੇਰੇ ਗਲ ਈ ਪੈਗੇ?'' ਬਿੱਲੂ ਨੂੰ ਭਰਿੰਡਾਂ ਦੀ ਖੱਖਰ ਛੇੜ ਕੇ ਕਿਧਰੇ ਭੱਜਣ ਨੂੰ ਰਾਹ ਨਹੀਂ ਲੱਭਦਾ ਸੀ।

-''ਹੈਂ ਬਈ! ਤੂੰ ਸੋਬਤੀ ਕਿਹਾ ਤਾਂ ਕਿਹਾ ਕਿਉਂ?'' ਰਹਿੰਦੀ ਖੂੰਹਦੀ ਰੜਕ ਇੰਦਰ ਨੇ ਪੂਰੀ ਕਰ ਦਿੱਤੀ।

-''ਮੈਂ ਕੋਡਾ ਹੋ ਜਾਨੈਂ ਮੇਰੀ -- ਲੈਲੋ!'' ਖਹਿੜਾ ਛੁਡਾਉਣ ਲਈ ਬਿੱਲੂ ਨੇ ਦਾਅ ਪੇਚ ਵਰਤਿਆ। ਉਹ ਸੱਚ-ਮੁੱਚ ਉਠ ਕੇ ਖੜ੍ਹਾ ਹੋ ਗਿਆ ਸੀ।

-''ਚੰਗਾ ਜਾਹ ਪਾਣੀ ਲੈ ਕੇ ਆ।'' ਗਿੱਲ ਨੇ ਜਿਵੇਂ ਉਸ ਨੂੰ ਮੁਆਫ਼ ਕਰ ਦਿੱਤਾ ਸੀ। ਉਸ ਨੇ ਉਸ ਨੂੰ ਡੋਲੂ ਫੜਾ ਦਿੱਤਾ।

-''ਸਾਲਾ ਜਦੋਂ ਕੋਈ ਗੱਲ ਕਰੂ-ਸੜੀ ਵੀ ਕਰੂ!'' ਪਰ ਭੂੰਡ ਅਜੇ ਸੇਕ ਮਾਰੀ ਜਾ ਰਿਹਾ ਸੀ।

-''ਤੂੰ ਹੁਣ ਬੋਲ ਕੇ ਦੇਖੀਂ-ਜੇ ਨਾ ਤੇਰੀ --- 'ਚ ਬਾਂਹ ਦਿੱਤੀ!''

-''ਚੱਲ ਹੁਣ ਜਾਣ ਦੇ ਸਾਥੀ!'' ਗਿੱਲ ਨੇ ਰੋਕਿਆ।

ਸਾਰੇ ਫਿਰ ਪੀਣ ਲੱਗ ਪਏ। ਬਿੱਲੂ ਨੇ ਉਹਨਾਂ ਤੋਂ ਫਿਰ ਮੁਆਫ਼ੀ ਮੰਗੀ ਸੀ। ਜੋ ਕਾਮਰੇਡਾਂ ਨੇ ਖਿੜੇ ਮੱਥੇ ਮੰਨ ਲਈ ਸੀ। ਫਿਰ ਰੋਟੀ ਖਾ ਕੇ ਪਤਾ ਨਹੀਂ ਮੇਲਾ ਕਦੋਂ ਵਿਛੜਿਆ ਸੀ।

ਕੁਲਵਿੰਦਰ ਨੂੰ ਹਸਪਤਾਲੋਂ ਛੁੱਟੀ ਮਿਲ ਗਈ

ਉਹ ਸੁੱਖ-ਸਾਂਦ ਨਾਲ ਘਰੇ ਆ ਗਈ।

ਅਚਾਨਕ ਇਕ ਮਨਹੂਸ ਭਾਣਾ ਵਰਤਿਆ। ਕਰਮੇਂ ਦਾ ਬਾਪੂ 'ਚੜ੍ਹਾਈ' ਕਰ ਗਿਆ। ਘਰ ਵਿਚ ਰੋਣ ਪਿੱਟਣ ਪੈ ਗਿਆ। ਕੁਝ ਤੋਹਮਤਾਂ ਲਾਉਣ ਵਾਲੀਆਂ ਬੁੜ੍ਹੀਆਂ ਨੇ ਕੁਲਵਿੰਦਰ ਦੀ ਨਵ-ਜੰਮੀਂ ਧੀ ਨੂੰ 'ਕੜਮੀਂ' ਕਹਿਣੋਂ ਵੀ ਸੰਕੋਚ ਨਹੀਂ ਕੀਤਾ। ਪਰ ਪਰਿਵਾਰ ਦੇ ਮਨ ਵਿਚ ਅਜਿਹੀ ਕੋਈ ਗੱਲ ਨਹੀਂ ਸੀ। ਹਰ ਕੌਰ ਨੂੰ ਵੀ ਪੋਤੀ 'ਤੇ ਕੋਈ ਸ਼ਿਕਵਾ ਨਹੀਂ ਸੀ। ਵਿਤੋਂ ਵੱਧ ਦਾਰੂ ਪੀਣ ਵਾਲੇ ਆਦਮੀ ਦਾ ਅਕਸਰ ਇਹੀ ਹਾਲ ਹੋਣਾ ਸੀ। ਜਿਵੇ ਹਰ ਕੌਰ ਨੂੰ ਪਹਿਲਾਂ ਹੀ ਪਤਾ ਸੀ। ਬਾਪੂ ਮਰੇ ਦਾ ਸਾਰੇ ਪਰਿਵਾਰ ਨੂੰ ਸੋਗ ਸੀ। ਪਰ ਕੁੜੀ ਵੱਲੋਂ ਸਾਰਿਆਂ ਨੂੰ ਸੰਤੁਸ਼ਟੀ ਸੀ। ਉਹਨਾਂ ਨੇ ਕਦੇ ਕਹਿ ਕੇ ਵੀ ਨਹੀਂ ਚਿਤਾਰਿਆ ਸੀ। ਮੱਥੇ ਵੱਟ ਨਹੀਂ ਪਾਇਆ ਸੀ। ਬਾਪੂ ਤਾਂ ਦਾਰੂ ਨੇ 'ਚਰ' ਲਿਆ ਸੀ। ਉਸ ਦਾ ਜਿਗਰ ਨਸ਼ਟ ਹੋ ਚੁੱਕਾ ਸੀ, ਸ਼ੂਗਰ ਅਤੇ ਹਾਈ ਬਲੱਡ-ਪ੍ਰੈਸ਼ਰ ਦਾ ਮਰੀਜ਼ ਵੀ ਸੀ, ਡਾਕਟਰ ਦੇ ਰੋਕਣ ਦੇ ਬਾਵਜੂਦ ਦਾਰੂ ਪੀਣੋਂ ਉਹ ਫਿਰ ਵੀ ਨਹੀਂ ਹਟਿਆ ਸੀ, ਇਸ ਵਿਚ ਕੰਨਿਆਂ ਦਾ ਕੀ ਦੋਸ਼ ਸੀ? ਜਾਭਾਂ ਦਾ ਭੇੜ੍ਹ ਕਰਨ ਵਾਲੇ ਚਾਰ ਦਿਨ ਬੋਲ ਕੇ ਚੁੱਪ ਹੋ ਗਏ ਸਨ।

ਸਰਦੀ-ਪੁਰਦੀ ਬਾਪੂ ਦੀ ਮਿੱਟੀ ਕਿਉਂਟੀ ਗਈ।

ਆਖੰਡ ਪਾਠ ਪ੍ਰਕਾਸ਼ ਕਰਵਾ ਕੇ ਭੋਗ ਪਾਇਆ ਗਿਆ। ਬਾਪੂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸਾਂ ਹੋਈਆਂ ਸਨ। ਕਾਣਾਂ-ਮਕਾਣਾਂ ਆਉਣੋਂ ਬੰਦ ਹੋ ਗਈਆਂ ਸਨ।

ਬਿੱਲੂ ਕਰਮੇਂ ਕੇ ਪਿੰਡ ਹੀ ਰਹਿਣ ਲੱਗ ਪਿਆ ਸੀ। ਕਰਮਾਂ ਤਾਂ ਆਪਣੇ ਕੰਮ ਵਿਚ ਲੁਧਿਆਣੇ ਹੀ ਮਸਤ ਸੀ। ਸ਼ਾਮ ਨੂੰ ਆਉਂਦਾ, ਸਵੇਰੇ ਚਲਾ ਜਾਂਦਾ ਅਤੇ ਕਦੇ ਲੁਧਿਆਣੇ ਹੀ ਰਾਤ ਰਹਿ ਪੈਂਦਾ।

ਕਈ ਵਾਰ ਬਿੱਲੂ ਨੂੰ ਉਸ ਦੇ ਭਣੋਈਏ ਮਤਲਬ ਕਰਮ ਸਿੰਘ ਦੇ ਸਾਲੇ ਨੇ ਆ ਕੇ ਘੂਰਿਆ।

-"ਕੱਢ ਕੇ ਕੁੱਚ ਅਰਗੀ ਦਾਹੜੀ ਐਥੇ ਛਾਪਲਿਆ ਬੈਠੈਂ-ਪਿੰਡ ਜਾ ਕੇ ਕੰਮ ਨਹੀਂ ਕਰਿਆ ਜਾਂਦਾ ਉਏ?"

-"ਮੈਂ ਤਾਂ ਪ੍ਰਾਹੁਣਿਆਂ ਮਾਸੜ ਮਰੇ ਕਰਕੇ ਇਹਨਾਂ ਦੀ ਮੱਦਤ ਕਰਦੈਂ-ਦੋ ਚਾਰ ਦਿਨ ਹੋਰ ਐ-ਜਦੋਂ ਬਖਤ ਜਿਆ ਨਿਕਲ ਗਿਆ-ਮੈਂ ਉਦੋਂ ਚਲਿਆ ਜਾਊਂ-ਨਾਲੇ ਇੱਜਤ ਤਾਂ ਇਹਦੇ 'ਚ ਤੇਰੀ ਐ ਬਈ ਸਾਲੇ ਦਾ ਸਰਬੰਧੀ ਭੀੜ੍ਹ ਪਈ 'ਚ ਕੰਮ ਆਇਆ।" ਬਿੱਲੂ ਨੇ ਆਪਣੇ ਭਣੋਈਏ ਨੂੰ ਇਕੋ ਗੱਲ ਨਾਲ ਹੀ ਖੂੰਜੇ ਲਾ ਦਿੱਤਾ। ਉਸ ਦਾ ਮੂੰਹ ਠਾਕਿਆ ਗਿਆ ਸੀ। ਦੁਬਾਰਾ ਕਹਿਣ ਲਈ ਉਸ ਦਾ ਹੀਆਂ ਹੀ ਨਹੀਂ ਪਿਆ ਸੀ।

ਇਕ ਰਾਤ ਕਰਮਾਂ ਪਿੰਡ ਆਇਆ ਤਾਂ ਕੁਲਵਿੰਦਰ ਨੇ ਇਕ ਨਵੀਂ ਹੀ ਗੱਲ ਉਸ ਨੂੰ ਪੁੱਛੀ।

-"ਬਣਦਾ ਤਣਦਾ ਮੁੰਡੈ-ਜੇ ਭਲਾ ਆਪਾਂ ਉਹਨੂੰ ਰਿਸ਼ਤਾ ਈ ਕਰਵਾ ਦੇਈਏ?" ਉਹ ਕਰਮੇਂ ਤੋਂ ਬਿੱਲੂ ਬਾਰੇ ਪੁੱਛ ਰਹੀ ਸੀ।

-"ਸਾਲਾ ਬਲੱਜ ਜਿਆ ਕਰਦਾ ਨ੍ਹੀ ਕੁਛ ਕੱਤਰਦਾ ਨ੍ਹੀ-ਉਹਨੂੰ ਮਾਂ ਨੂੰ ਖੁਆਊ ਕੀ? ਬਚੋਲੇ ਦੇ ਤਾਂ ਚਾਰੇ ਪਾਸਿਓਂ ਡਾਂਗ ਈ ਖੜਕਦੀ ਹੁੰਦੀ ਐ-ਨਾ ਆਬਦੇ ਆਪ ਘੁਲਾੜ੍ਹੀ 'ਚ ਹੱਥ ਦੇਹ!" ਕਰਮੇਂ ਨੇ ਸਮਝਾਇਆ।

-"ਦਸ ਕਿੱਲੇ ਜਮੀਨ ਦੇ ਆਉਂਦੇ ਐ-ਖੁਆਉਣ ਨੂੰ ਉਹਦੇ ਕੋਲੇ ਹੈ ਕੀ ਨ੍ਹੀ?" ਉਹ ਕਰਮੇਂ ਨੂੰ ਛਾਂਟੇ ਮਾਰ-ਮਾਰ ਰਾਹ 'ਤੇ ਲਿਆਉਣਾ ਚਾਹੁੰਦੀ ਸੀ। ਪਰ ਕਰਮਾਂ ਹੀ ਸੀ, ਜਿਹੜਾ ਛਾਂਟਾ ਖਾ ਕੇ ਵੀ ਫਿਰ ਥਾਂ 'ਤੇ ਲੱਤ ਰੱਖ ਲੈਂਦਾ ਸੀ।

-"ਜਮੀਨ ਕਿਤੇ 'ਕੱਲੀ ਪਈ ਤਾਂ ਨ੍ਹੀ ਦੇਈ ਜਾਊ? ਜੇ ਇਹ ਵੀ ਕੋਈ ਹੱਥ ਪੈਰ ਹਿਲਾਵੇ ਤਾਂ ਈ ਐ ਨਾ?" ਕਰਮੇਂ ਨੂੰ ਅੰਦਰੋਂ ਡਰ ਖਾ ਰਿਹਾ ਸੀ।

-"ਜਦੋਂ ਕਬੀਲਦਾਰੀ ਸਿਰ ਪਈ ਆਪੇ ਕਰੂ-ਬੁਸ਼ਕਾਰੇ ਪਸ਼ੂ ਕਿਤੇ ਲੋਟ ਆਏ ਐ? ਡੈਹਾ ਪਏ ਤੋਂ ਈ ਕਿੱਲੇ 'ਤੇ ਖੜ੍ਹਦੇ ਐ!" ਉਹ ਕਰਮੇਂ ਦੇ ਵੀ ਇਕ ਤਰ੍ਹਾਂ ਨਾਲ ਰੱਸੇ-ਪੈੜੇ ਨਰੜੀ ਜਾਂਦੀ ਸੀ।

-"ਦੇਖ ਲੈ! ਮੈਨੂੰ ਫੇਰ ਦੋਸ਼ ਨਾ ਦੇਈਂ-ਜਦੋਂ ਅਗਲਿਆਂ ਨੇ ਸੰਨ੍ਹੋ-ਸੰਨ੍ਹ ਤੇਰੀ ਗੁਤਨੀ ਪੱਟੀ!" ਕਰਮਾਂ ਜਿਵੇਂ ਵੱਟੇ-ਵੱਟ ਜਾਂਦਾ ਖਾਲੇ ਵਿਚ ਲਹਿ ਗਿਆ ਸੀ।

-"ਦੇਖਣ ਨੂੰ ਕੀ ਐ? ਅੰਮਾਂ ਜੀ ਨਿੱਤ ਆ ਕੇ ਕਹਿੰਦੀ ਐ-ਕੁੜ੍ਹੇ ਬਹੂ ਕੁੜੀ ਆਸਤੇ ਕੋਈ ਮੁੰਡਾ ਲੱਭ-ਕਿਸੇ ਦੀ ਕੁੜੀ ਵਸਜੂ-ਕਿਸੇ ਦਾ ਮੁੰਡਾ ਨਰੜਿਆ ਜਾਊ-ਤੈਨੂੰ ਸ਼ਾਬਾਸ਼ੇ ਮੁਖਤ ਦੀ!" ਕੁਲਵਿੰਦਰ ਨੇ ਧਲ੍ਹਿਆਰਾ ਪਾ ਕੇ ਅੜਬ ਵਹਿੜਕਾ ਜਿਵੇਂ ਕਿੱਲੇ 'ਤੇ ਬੰਨ੍ਹ ਦਿੱਤਾ ਸੀ।

-"ਬਾਪੂ ਜੀ ਦੀ ਮਕਾਣ ਆਈ ਤਾਂ ਅੰਮਾਂ ਜੀ ਮੈਨੂੰ ਹਨ੍ਹੋਰੇ ਵੀ ਦੇ ਗਈ ਅਖੇ, ਬਹੂ ਤੂੰ ਆਹ ਸਾਡਾ ਕੰਮ ਤਾਂ ਕਰਦੀ ਨ੍ਹੀ-ਹੋਰ ਕੀ ਤੂੰ ਮੋਘਾ ਪੱਟਦੇਂਗੀ? ਕੁੜੀ ਕਿਸੇ ਦੀ-ਮੁੰਡਾ ਕਿਸੇ ਦਾ-ਆਪਣੀ ਲੱਤ ਸਾਰੀ ਉਮਰ ਬਾਧੂ ਉਤੇ ਰਹੂ!" ਉਸ ਨੇ ਗੋਲ ਗੰਢ ਮਾਰ ਕੇ ਕਰਮੇਂ ਨੂੰ ਚਿੱਤ ਕਰ ਦਿੱਤਾ।

-"ਤੇਰੀ ਮਰਜੀ ਐ-ਤੇਰੇ ਅਰਗੀ ਸੰਨ੍ਹ 'ਚ ਦੋ ਲੱਤਾਂ ਨ੍ਹੀ ਝੱਲਦੀ ਹੁੰਦੀ-ਝੱਟ ਮਿਆਂਕ ਉਠਦੀ ਐ-ਨਾਲੇ ਵਿਚੋਲਗਿਰੀ ਦੀਆਂ ਸੱਟਾਂ ਤਾਂ ਲੁਹਾਰ ਦੇ ਘਣ ਅਰਗੀਆਂ ਹੁੰਦੀਐਂ।" ਕਰਮਾਂ ਅੰਦਰੋਂ ਰਾਜ਼ੀ, ਪਰ ਬਾਹਰੋਂ ਕੁਲਵਿੰਦਰ ਨੂੰ ਪੈਰੋਂ ਕੱਢੀ ਆ ਰਿਹਾ ਸੀ।

-"ਵੇ ਤੂੰ ਬੰਦਿਆਂ ਆਲਾ ਦਿਲ ਕੱਢਿਆ ਕਰ! ਲੱਗ ਜਾਨੈਂ ਮਾੜੀ ਜੀ ਗੱਲ ਤੋਂ ਮੂਤਣ!" ਉਸ ਨੇ ਕਰਮੇਂ ਨੂੰ ਚੇਹ ਚੜ੍ਹਾਉਣੀ ਚਾਹੀ। ਪਰ ਕਰਮਾਂ ਹੱਸ ਪਿਆ।

ਕੁਲਵਿੰਦਰ ਅੰਦਰੋਂ ਖੁਸ਼ ਸੀ।

ਗੱਲ ਤੁਰ ਪਈ ਸੀ।

ਉਸ ਨੇ ਤੜਕਿਓਂ ਕੱਪੜੇ ਪੁਆ ਕੇ ਕਰਮੇਂ ਨੂੰ ਤੋਰ ਦਿੱਤਾ। ਕਰਮੇਂ ਦੀ ਦੂਰੋਂ ਲੱਗਦੀ ਮਾਸੀ ਕੁਲਵਿੰਦਰ ਨੂੰ ਵਾਕਿਆ ਹੀ ਨੌਲਦੀ ਰਹਿੰਦੀ ਸੀ।

ਸ਼ਾਮ ਨੂੰ ਸਾਰੀ ਗੱਲ ਕਰਕੇ ਉਹ ਵਾਪਿਸ ਆ ਗਿਆ। ਇਕ ਰਾਤ ਪਿੰਡ ਕੱਟ ਕੇ ਉਹ ਫਿਰ ਲੁਧਿਆਣੇ ਚਲਾ ਗਿਆ। ਦੁਕਾਨ 'ਤੇ ਰੱਖੇ ਮੁੰਡੇ ਨੂੰ ਉਹ ਕੁਝ ਹਦਾਇਤਾਂ ਦੇ ਕੇ ਫਿਰ ਪਿੰਡ ਆ ਗਿਆ।

ਬਿੱਲੂ ਦੇ ਭਣੋਈਏ ਨੂੰ ਜਦ ਪਤਾ ਲੱਗਿਆ ਤਾਂ ਉਹ ਕਰਮੇਂ ਕੋਲ ਆ ਵੱਜਿਆ।

-"ਕਿਹੜੀਆਂ ਮੋਹੜ੍ਹੀਆਂ 'ਚ ਹੱਥ ਪਸਾਈ ਜਾਨੈਂ ਕਰਮ ਸਿਆਂ-ਔਖਾ ਹੋਵੇਂਗਾ! ਇਹ ਟੱਬਰ ਅਮਰ ਵੇਲ ਦੀ ਜੜ੍ਹ ਐ-ਜਿਹੜੇ ਦਰੱਖਤ 'ਤੇ ਬੈਠਣਗੇ-ਉਸੇ ਦਾ ਈ ਭੱਠਾ ਬਿਠਾਉਣਗੇ!"

-"ਵੇ ਵੀਰਾ! ਕਿਹੜੀਆਂ ਗੱਲਾਂ ਕਰਨ ਪਿਆ? ਸਾਨੂੰ ਵੀ ਦੇਖ ਲੈਣਦੇ ਵਿਚੋਲਪੁਣੇਂ ਦਾ ਸੁਆਦ।" ਕੁਲਵਿੰਦਰ ਭੱਜ ਕੇ ਵਿਚ ਹੋਈ ਸੀ। ਚੰਗੀ ਤਰ੍ਹਾਂ ਸੇਕਿਆ ਭੱਠਾ ਉਸ ਨੂੰ ਪਿੱਲਾ ਮਹਿਸੂਸ ਹੋਣ ਲੱਗ ਪਿਆ ਸੀ!

-"ਕੁੜੀਏ! ਬੁੜ੍ਹੀਆਂ ਦੀ ਮੱਤ ਗਿੱਚੀ ਪਿੱਛੇ ਹੁੰਦੀ ਐ-ਤੇਰੇ ਆਲੀ ਭਰਜਾਈ ਜਿੱਦਣ ਦੀ ਆਈ ਐ-ਘਰ 'ਚ ਭੰਦਰੋਲ ਈ ਪਾਈ ਫਿਰਦੀ ਐ-ਕਿਸੇ ਲੰਡੇ ਲਾਟ ਦੀ ਪ੍ਰਵਾਹ ਨ੍ਹੀ ਕਰਦੀ-ਇਹ ਵੀ ਉਹਨਾਂ ਦੇ ਖਲਣੇਂ 'ਚੋਂ ਈ ਐਂ! ਜਿਹੋ ਜਿਹੇ ਆਲੇ ਉਹੋ ਜੇ ਕੁੱਜੇ-ਨਾ ਪੰਗਾ ਲਓ--!" ਉਸ ਨੇ ਤਾੜਨਾ ਜਿਹੀ ਕੀਤੀ।

-"ਵੇ ਕੁਛ ਨ੍ਹੀ ਹੁੰਦਾ-!"

-"ਚੰਗਾ ਥੋਡੀ ਮਰਜੀ ਐ-ਮੁੜ ਕੇ ਮੈਨੂੰ ਦੋਸ਼ ਨਾ ਦੇਇਓ-ਮੈਂ ਖਬਰਦਾਰ ਕਰਨਾ ਸੀ ਕਰਤਾ!" ਕਹਿ ਕੇ ਕੁਲਵਿੰਦਰ ਦਾ ਭਰਾ ਤੁਰ ਗਿਆ।

ਫ਼ੈਰ! ਅਖੀਰ ਮੰਗਣਾ ਹੋ ਗਿਆ। ਸਭ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ਸਨ। ਮੰਗਣੇਂ 'ਤੇ ਹੀ ਇਤਨਾ ਕੁਝ ਦਿੱਤਾ ਸੀ, ਵਿਆਹ 'ਤੇ ਪਤਾ ਨਹੀਂ ਕੀ ਕੁਝ ਦੇਣਗੇ? ਸਾਰੇ ਅਸਚਰਜ ਸਨ।

ਮੰਗਣਾਂ ਹੋਏ ਨੂੰ ਪੰਜ ਮਹੀਨੇ ਬੀਤ ਗਏ ਸਨ।

ਕੁੜੀ ਦਾ ਬਾਪੂ ਵਿਆਹ ਲਈ ਗੇੜੇ ਦੇਣ ਲੱਗ ਪਿਆ ਸੀ। ਪਰ ਕੁਲਵਿੰਦਰ ਉਸ ਨੂੰ "ਆਲੇ ਕੌਡੀ-ਛਿੱਕੇ ਕੌਡੀ" ਕਰਕੇ ਮੋੜ ਦਿੰਦੀ। ਫਿਰ ਬਜੁਰਗ ਨੇ ਲੁਧਿਆਣੇ ਕਰਮੇਂ ਕੋਲ ਪਹੁੰਚ ਕੀਤੀ। ਕਰਮਾਂ ਤੁਰੰਤ ਪਿੰਡ ਪਹੁੰਚਿਆ। ਸਾਰੀ ਗੱਲ ਬਾਤ ਕਰਨ ਤੋਂ ਬਾਅਦ ਕਰਮੇਂ ਨੇ ਕੁਲਵਿੰਦਰ ਨੂੰ ਆਥਣੇ ਜਿਹੇ ਬਿੱਲੂ ਦੇ ਪਿੰਡ ਨੂੰ ਬੱਸ ਚਾਹੜ ਦਿੱਤਾ ਅਤੇ 'ਹਾਂ' ਜਾਂ 'ਨਾਂਹ' ਦਾ ਜਵਾਬ ਲੈ ਕੇ ਹੀ ਮੁੜਨ ਦੀ ਤਾਕੀਦ ਕੀਤੀ।

-"ਲਹਿ ਜਾਣੇਂ ਬਿਆਹ ਈ ਬਾਹਲੀ ਛੇਤੀ ਮੰਗਦੇ ਐ!" ਬਿੱਲੂ ਨਾਲ ਰਜਾਈ ਵਿਚ ਪਈ ਕੁਲਵਿੰਦਰ ਦੱਸ ਰਹੀ ਸੀ! ਉਹ ਅੱਧੀ ਰਾਤ ਗਈ, ਬਿੱਲੂ ਕੇ ਖੇਤ ਬੋਰ 'ਤੇ ਪਏ ਸਨ। ਉਸ ਦੇ ਕੇਸੂ ਬੁੱਲ੍ਹ ਕਿਸੇ ਅੰਦਾਜ਼ ਵਿਚ ਹਿੱਲੇ ਸਨ।

-"ਜਿਹੜੇ ਕੰਮ ਲਈ ਹੂਲਾ ਫੱਕਿਆ ਸੀ-ਉਹ ਤਾਂ ਓਡੋ ਕੈਡ ਖੜ੍ਹੈ!" ਬਿੱਲੂ ਤੂੜੀ ਦੀ ਪੰਡ ਵਾਂਗ ਖਿੱਲਰਿਆ ਜਿਹਾ ਪਿਆ ਸੀ।

-"ਤੂੰ ਮਰਦ ਬਣੀਂ-ਮੈਂ ਤਾਂ ਘਰ ਛੱਡਣ ਨੂੰ ਵੀ ਤਿਆਰ ਐਂ!" ਉਹ ਜਬ੍ਹੇ ਨਾਲ ਹਿੱਕ ਥਾਪੜ ਰਹੀ ਸੀ।

–''ਜੇ ਤੂੰ ਕੰਨ੍ਹਾਂ ਦੇਵੇਂ–ਵਿਚਾਲਿਓਂ ਤਾਂ ਵੱਢਿਆ ਜਾਊਂ–ਪਰ ਤੈਨੂੰ ਪਿੱਛਾ ਨਹੀਂ ਦਿੰਦਾ!'' ਬਿੱਲੂ ਮਰਦਾਂ ਵਾਲਾ ਬਚਨ ਪੁਗਾ ਕੇ ਦਿਖਾਉਣਾ ਚਾਹੁੰਦਾ ਸੀ। ਔਰਤ ਜ਼ਾਤ 'ਤੇ ਉਹ ਘੱਟ ਹੀ ਵਿਸ਼ਵਾਸ ਰੱਖਣ ਵਾਲਾ ਬੰਦਾ ਸੀ।

–''ਮੈਨੂੰ ਚਾਹੇ ਜਮੀਨ 'ਚ ਗੱਡਦੀਂ–ਸਾਹ ਨ੍ਹੀ ਭਰਦੀ!'' ਕੁਲਵਿੰਦਰ ਅੰਦਰਲੀ ਔਰਤ ਭਬਕੇ ਮਾਰ ਰਹੀ ਸੀ।

–''ਪਰ ਇਕ ਗੱਲ ਐ!'' ਬਿੱਲੂ ਅਟਕ ਕੇ ਫਿਰ ਬੋਲਿਆ।

–''ਕੀ?''

–''ਇਉਂ ਲੁਕ ਛਿਪ ਕੇ ਕਿੰਨਾ ਕੁ ਚਿਰ ਕੰਮ ਚੱਲੂ? ਜਾਂ ਤਾਂ ਸਾਹ ਪਿਆ–ਮਾਰੀਏ ਕਿਸੇ ਪਾਸੇ ਉਡਾਰੀ!'' ਬਿੱਲੂ ਝੱਟ ਮਿਰਜ਼ਾ ਬਣ ਗਿਆ ਸੀ। ਉਹ ਕੁਲਵਿੰਦਰ ਨੂੰ ਸਾਹਿਬਾਂ ਵਾਂਗ ਟੁਣਕਾ ਕੇ ਦੇਖਣਾ ਚਾਹੁੰਦਾ ਸੀ।

–''ਜਾਹ ਵੇ ਜੱਟਾ! ਇਹ ਵੀ ਕਰ ਕੇ ਦੇਖ ਲੈ! ਜਿੱਧਰ ਗਿਆ ਬਾਣੀਆਂ–ਉਧਰੇ ਗਿਆ ਬਜਾਰ–ਮੈਂ ਸਾਰੇ ਜੱਗ ਢੰਡੋਰਾ ਪਿੱਟ ਦਿਊਂ ਬਈ ਮੈਂ ਬਿੱਲੂ ਦੀ ਐਂ! ਤੂੰ ਵੀ ਕੀ ਜਾਣੇਂਗਾ ਬਈ ਜੱਟੀ ਨਾਲ ਲਾਈ ਸੀ ਤੇ ਦਗਾ ਦੇ ਗਈ–ਚੱਲ ਜਿੱਧਰ ਲੈ ਕੇ ਚੱਲਦੈਂ! ਪਰ ਇਕ ਗੱਲ ਯਾਦ ਰੱਖੀਂ! ਤੁਰੂੰ ਤਾਂ, ਜੇ ਜਿੰਦਗੀ ਭਰ ਤੋੜ ਨਿਭਾਵੇਂਗਾ–ਆਦਮੀ ਬਿਨਾ ਤਾਂ ਤੀਮੀਂ ਖੜਸੁੱਕ ਟਾਹਲੀ ਰਹਿ ਜਾਂਦੀ ਐ–ਪਿੱਛੋਂ ਗਿਰਝਾਂ ਤੇ ਘੋਗੜ ਈ ਬਿੱਠਾਂ ਕਰਦੇ ਐ–ਫੇਰ ਨਾ ਕਹੀਂ ਬਈ ਦੱਸਿਆ ਨ੍ਹੀ!'' ਉਹ ਕਿਸੇ ਪਾਸੇ ਰੌਲਾ ਨਹੀਂ ਰੱਖਣਾ ਚਾਹੁੰਦੀ ਸੀ। ਗੱਲ ਨਿਖਾਰ ਲੈਣ ਵਿਚ ਹੀ ਸਿਆਣਪ ਸਮਝਦੀ ਸੀ।

–''ਜੇ ਇੰਚ ਪਾਸੇ ਹੋਵਾਂ, ਘੰਡੀ ਲਾਹ ਦੇਈਂ!'' ਬਿੱਲੂ ਸਾਰੀ ਜਿੰਦਗੀ ਇਕੱਠੇ ਬਿਤਾਉਣ ਲਈ ਸਹੁੰ ਚੁੱਕਣ ਲਈ ਤਿਆਰ ਸੀ। ਕੁਲਵਿੰਦਰ ਲਈ ਉਹ ਮਰ ਮਿਟਣ ਵਾਲਾ ਇਨਸਾਨ ਸੀ। ਕਦੋਂ ਦਾ ਤਿਹਾਇਆ ਉਹ ਝੀਲ ਕੋਲ ਆ ਗਿਆ ਸੀ।

–''ਜੱਟਾ, ਤੀਮੀਂ ਦਾ ਪਿਆਰ ਫੁੱਲ ਤੇ ਨਫ਼ਰਤ ਸੱਪ ਦੀ ਜਹਿਰ ਹੁੰਦੀ ਐ–ਦੇਖ ਲੈ! ਤੇਰੇ ਪਿੱਛੇ ਤਿੰਨ ਜੁਆਕ ਵੀ ਛੱਡਣ ਨੂੰ ਤਿਆਰ ਐਂ–ਨਹੀਂ ਢਿੱਡ ਦੀ ਅੱਗ ਨੂੰ ਕੌਣ ਪਿੱਛਾ ਦਿੰਦੈ?'' ਕੁਲਵਿੰਦਰ ਅੰਦਰ ਮਾਂ ਵਾਲੀ ਮਮਤਾ ਚੀਰ ਪਾ ਰਹੀ ਸੀ। ਉਸ ਦਾ ਮਨ ਭਰ ਆਇਆ।

–''ਕਿਮੇਂ 'ਤਬਾਰ ਵੀ ਕਰੇਂਗੀ? ਤੇਰੇ ਕਹੇ ਗੁਰਦੁਆਰੇ ਚੜ੍ਹਨ ਲਈ ਵੀ ਤਿਆਰ ਐਂ–ਹੋਰ ਦੱਸ? ਦਿਲ ਪਾੜ ਕੇ ਦਿਖਾਵਾਂ–ਤੂੰ ਈ ਨਜਰ ਆਵੇਂਗੀ!'' ਜਾਹਿਰਾ ਤੌਰ 'ਤੇ ਬਿੱਲੂ ਦਾ ਮਨ ਬੋਲ ਰਿਹਾ ਸੀ।

ਉਹ ਇਕ ਦੂਜੇ ਦਾ ਖਰ-ਖੋਟ ਪਹਿਚਾਨਣ ਦਾ ਯਤਨ ਕਰ ਰਹੇ ਸਨ। ਕਿਸੇ ਪਾਸਿਓਂ, ਕੋਈ ਵੀ ਰਿਸਕਦਾ ਨਜ਼ਰ ਨਹੀਂ ਆ ਰਿਹਾ ਸੀ। ਜਜ਼ਬਾਤੀ ਪ੍ਰੇਮ ਵਿਚ ਦੋਵੇਂ ਹੀ ਪਾਗਲ ਹੋਏ ਪਏ ਸਨ। ਦੋ ਸਰੀਰਾਂ ਦਾ ਮੇਲ ਉਹਨਾਂ ਲਈ ਕਿਸੇ ਸਵਰਗੀ ਝੂਟੇ ਨਾਲੋਂ ਘੱਟ ਨਹੀਂ ਸੀ। ਉਹਨਾਂ ਜ਼ਿੰਦਗੀ ਭਰ ਇਕੱਠੇ ਰਹਿਣ ਦਾ ਪ੍ਰਣ ਪ੍ਰਪੱਕ ਕੀਤਾ ਅਤੇ ਖਾਧੀਆਂ ਕਸਮਾਂ ਨੂੰ ਇਕ ਤਰ੍ਹਾਂ ਨਾਲ ਵਿਚੋਲਾ ਧਰ ਲਿਆ। ਪ੍ਰਮਾਤਮਾ ਉਹਨਾਂ ਦਾ ਜ਼ਾਮਨ ਸੀ। ਇਕ ਵਿਆਹੀ ਔਰਤ ਅਤੇ ਕੁਆਰੇ ਮੁੰਡੇ ਦੇ ਜਜ਼ਬਾਤੀ ਪ੍ਰੇਮ ਦਾ ਪਹਾੜ੍ਹ ਹਿੱਲਿਆ ਸੀ! ਪਤਾ ਨਹੀਂ ਕੀ ਭੂਚਾਲ ਆਉਣ ਵਾਲਾ ਸੀ?

ਕੁਲਵਿੰਦਰ ਨੇ ਤਨ ਦੇ ਕੱਪੜੇ ਲਾਹ-ਲਾਹ ਕੇ ਸੁੱਟਣੇ ਸੁਰੂ ਕਰ ਦਿੱਤੇ।

-"ਮੈਥੋਂ ਨ੍ਹੀ ਰੱਖੇ ਜਾਂਦੇ ਅੱਗ ਲੱਗੜੇ--!" ਉਹ ਡਲੀ ਵਾਂਗ ਬਿੱਲੂ ਸਾਹਮਣੇ ਪਈ ਸੀ।

ਬਿੱਲੂ ਨੂੰ ਗਧੇ ਵਾਂਗ ਹੀਂਗਣਾਂ ਛੁੱਟ ਪਿਆ। ਜਿਵੇਂ ਉਹ ਹਲਕ ਗਿਆ ਸੀ!

ਤੀਜੇ ਦਿਨ ਵੀ ਕੁਲਵਿੰਦਰ ਘਰ ਨਾ ਪਹੁੰਚੀ!

ਸੱਸ ਨੇ ਫ਼ਿਕਰ ਕੀਤਾ।

ਉਸ ਨੇ ਸਾਰੀ ਗੱਲ ਸ਼ਿੰਦੇ ਦੇ ਕੰਨ ਵਿਚ ਪਾਈ।

-"ਉਏ ਬੇਬੇ ਆਜੂਗੀ! ਫੇਰ ਵੀ ਵਿਚੋਲਣ ਐਂ! ਦੋ ਘਰਾਂ ਦੇ ਪਰੌਂਠੇ ਛਕਦੀ ਹੋਊ-ਘਰੇ ਮੁੜਨ ਦੀ ਉਹਨੂੰ ਕੋਈ ਸੁਰਤ ਐ?"

ਪਰ ਬੇਬੇ ਨੇ ਹਿੰਡ ਕੀਤੀ।

ਬਿੱਲੂ ਕੇ ਘਰੋਂ, ਪਿੰਡ ਜਾ ਕੇ ਪਤਾ ਕੀਤਾ ਗਿਆ ਤਾਂ ਪਤਾ ਚੱਲਿਆ ਕਿ ਕੁਲਵਿੰਦਰ ਤਾਂ ਇੱਥੇ ਆਈ ਹੀ ਨਹੀਂ ਸੀ! ਬਿੱਲੂ ਦੀ ਬੇਬੇ ਹੈਰਾਨੀ ਜਿਹੀ ਵਿਚ ਪੇਸ਼ ਆਈ ਸੀ।

ਬਿੱਲੂ ਦੇ ਸਹੁਰਿਆਂ ਤੋਂ ਪਤਾ ਕੀਤਾ ਗਿਆ।

ਪਰ ਕੁਲਵਿੰਦਰ ਦੀ ਉਘ-ਸੁੱਘ ਨਹੀਂ ਸੀ।

ਘਰੇ ਜੁਆਕ ਮਾਂ ਨੂੰ ਬਿਲਕ ਰਹੇ ਸਨ।

ਸਾਰਾ ਟੱਬਰ ਹੀ ਹੱਥਾਂ ਪੈਰਾਂ ਵਿਚ ਆ ਗਿਆ ਸੀ।

ਕਰਮੇਂ ਨੂੰ ਸੱਦਾ ਭੇਜਿਆ ਗਿਆ। ਸ਼ਾਮ ਨੂੰ ਹੀ ਕਰਮਾਂ ਪਹੁੰਚ ਗਿਆ। ਸਾਰੇ ਰਿਸ਼ਤੇਦਾਰਾਂ ਤੋਂ ਪਤਾ ਕੀਤਾ ਗਿਆ। ਪਰ ਕੁਲਵਿੰਦਰ ਦੀ ਕਿਤੇ ਪੈੜ ਨਹੀਂ ਲੱਭਦੀ ਸੀ। ਸਾਰੇ ਹੈਰਾਨ ਜਿਹੇ ਹੋਏ ਜਿਵੇਂ ਅੱਕਾਂ ਵਿਚ ਡਾਂਗਾਂ ਮਾਰ ਰਹੇ ਸਨ। ਹਰ ਕਿਸੇ ਦੀ ਗੱਲ ਵੱਖਰੀ ਹੀ ਸੀ। ਅੱਡੋ-ਅੱਡੀ ਸਾਰੇ ਦਿਮਾਗ

ਨੂੰ ਸੋਚਾਂ ਦੇ ਗੇੜ ਵਿਚ ਪਾਈ ਫਿਰਦੇ ਸਨ। ਕਿਸੇ ਨੂੰ ਕਿਸੇ ਗੱਲ ਦਾ ਲੱਲ ਨਹੀਂ ਲੱਗ ਰਿਹਾ ਸੀ। ਸਾਰੇ ਹੀ ਘੋਰ ਹੈਰਾਨ ਸਨ ਕਿ ਘਰ ਵਿਚ ਸਭ ਸੁੱਖ-ਸਾਂਦ ਸੀ। ਕੋਈ ਲੜਾਈ ਝਗੜਾ ਨਹੀਂ ਹੋਇਆ ਸੀ। ਜਿਸ ਕਰਕੇ ਕੋਈ ਸ਼ੱਕ ਕੀਤੀ ਜਾ ਸਕਦੀ? ਸਾਰਾ ਪ੍ਰੀਵਾਰ ਹੀ ਰੰਗੀਂ ਵਸਦਾ ਸੀ।

ਸ਼ਾਮ ਨੂੰ ਗਿੱਲ ਹੋਰੀਂ ਆ ਗਏ।

ਸਹੁਰੀ ਗੱਲ ਹੀ ਕੁਝ ਇਹੋ ਜਿਹੀ ਸੀ, ਜਿਸ 'ਤੇ ਕੋਈ ਮੂੰਹ ਪਾੜ ਕੇ ਕੁਝ ਆਖ ਨਹੀਂ ਸਕਦਾ ਸੀ। ਹਰ ਇਕ ਦੇ ਚਿਹਰੇ 'ਤੇ ਗੰਭੀਰਤਾ ਛਾਈ ਹੋਈ ਸੀ। ਕੋਈ ਬੋਲ ਨਹੀਂ ਰਿਹਾ ਸੀ। ਅਜੀਬ ਚੁੱਪ ਸੀ। ਵੱਖੋ-ਵੱਖ ਚਿਹਰੇ ਕਿਸੇ ਡੂੰਘੀ ਸੋਚ ਵਿਚ ਸਕੋੜੇ ਹੋਏ ਸਨ।

-"ਸਾਥੀ ਮੈਂ ਇਕ ਗੱਲ ਕਹਾਂ? ਪਰ ਗੁੱਸਾ ਨਾ ਕਰਿਓ!" ਕਾਮਰੇਡ ਭੂੰਡ ਬੋਲਿਆ। ਉਸ ਨੇ ਕਾਫ਼ੀ ਦੇਰ ਬਾਅਦ ਸਿਰ ਉਪਰ ਚੁੱਕਿਆ ਸੀ।

-"ਬੋਲ--- ?" ਗਿੱਲ ਨੇ ਕਿਹਾ। ਉਹ ਮੁੱਛ ਨੂੰ ਵਟਾ ਦੇਣਾ ਛੱਡ ਕੇ ਭੂੰਡ ਵੱਲ ਤੱਕਣ ਲੱਗ ਪਿਆ। ਭੂੰਡ ਦੀ ਲੰਮੀਂ ਦਾਹੜੀ ਅਤੇ ਬਿੱਜੜੇ ਦੇ ਆਲ੍ਹਣੇਂ ਵਰਗੇ ਵਾਲਾਂ ਤੋਂ ਉਹ 'ਟੈਗੋਰ' ਨਜ਼ਰ ਆਉਂਦਾ ਸੀ।

-"ਗੱਲ ਵੱਡੀ ਐ-ਮੂੰਹ ਛੋਟੈ!" ਭੂੰਡ ਕੁਝ ਜਕ ਰਿਹਾ ਸੀ।

-"ਸਾਰੇ ਘਰ ਦੇ ਈ ਬੈਠੇ ਐਂ।" ਬਰਾੜ ਨੇ ਹੱਲਾਸ਼ੇਰੀ ਦਿੱਤੀ। ਉਸ ਦੀ ਭਰਵੀਂ ਦਾਹੜੀ ਦੇ ਹੇਠਾਂ ਖੱਬੇ ਪਾਸੇ ਬੱਗੇ ਵਾਲਾਂ ਦਾ ਰਕਬਾ ਜਿਵੇਂ ਸਾਰਿਆਂ 'ਤੇ ਹੱਸ ਰਿਹਾ ਸੀ।

-"ਸਾਥੀ! ਖ਼ੈਰ ਸੱਚ ਕਹਿਣ ਵਿਚ ਕੋਈ ਸੰਕੋਚ ਵੀ ਨਹੀਂ! ਮੁਆਫ਼ ਕਰਨਾ, ਸ਼ਾਇਦ ਇਹ ਸੱਚ ਨਾ-ਸਿਰਫ਼ ਮੇਰਾ ਸ਼ੱਕ ਹੋਵੇ? ਪਰ ਮੈਨੂੰ ਬਿੱਲੂ ਦੀ ਚਾਲ ਢਾਲ 'ਤੇ ਜਰੂਰ ਸ਼ੱਕ ਐ।" ਆਖ ਕੇ ਭੂੰਡ ਨੇ ਸਾਰਿਆਂ 'ਤੇ ਗਹਿਰੀ, ਘੋਖਵੀਂ ਨਜ਼ਰ ਸੁੱਟੀ। ਸਾਰਿਆਂ ਦੇ ਚਿਹਰੇ ਰੇਲ ਗੱਡੀ ਦੇ ਸਿਗਨਲ ਵਾਂਗ ਉਪਰ ਨੂੰ ਉਠੇ। ਬਰਾੜ ਟੇਢਾ ਬੈਠਾ ਸਿੱਧਾ ਹੋ ਕੇ ਬੈਠ ਗਿਆ, ਜਿਵੇਂ ਉਸ ਦੀ ਗੱਡੀ ਨੇ ਅਚਾਨਕ ਕਾਟਾ ਬਦਲਿਆ ਸੀ। ਗਿੱਲ ਨੇ ਮੂੰਹ 'ਚੋਂ ਡੱਕਾ ਚਲਾ ਕੇ ਮਾਰਿਆ, ਜਿਵੇਂ ਉਸ ਦੀ ਜਾੜ੍ਹ ਹੇਠਾਂ ਡੱਕਾ ਨਹੀਂ, ਕੋਈ ਸੁੰਡ ਆ ਗਿਆ ਸੀ।

ਕਾਮਰੇਡਾਂ ਨੇ ਬਿੱਲੂ ਕੇ ਪਿੰਡ ਜਾ ਕੇ ਪਤਾ ਕੀਤਾ। ਪਰ ਕੁਝ ਹੱਥ ਪੱਲੇ ਨਾ ਪਿਆ। ਪਰ ਬਿੱਲੂ ਦਾ ਸਿੱਧੜ ਪਿਉ ਅੱਕਿਆ ਹੋਇਆ ਬੋਲਣੋਂ ਨਾ ਰਹਿ ਸਕਿਆ।

-"ਮੈਨੂੰ ਤਾਂ ਉਹਦੀਆਂ ਭਦਰਕਾਰੀਆਂ ਦਾ ਪਹਿਲਾਂ ਈ ਪਤਾ ਸੀ-ਪਰ ਤੁਸੀਂ ਉਹਨੂੰ ਜਲਸਿਆਂ ਡਰਾਮਿਆਂ 'ਚ ਲਿਜਾਣੋਂ ਬਾਜ ਨਾ ਆਏ-ਉਹ ਤਾਂ ਚੋਬਰੋ ਓਸ ਗੱਲ ਦੇ ਆਖਣ ਮਾਂਗੂੰ ਆਬਦਾ

ਇੰਨ-ਉਨਕਲਾਬ ਲੈ ਗਿਆ-ਹੁਣ ਤੁਸੀਂ ਕੋਈ ਇੰਨਕਲਾਬ ਲੈ ਆਓ!" ਬਜ਼ੁਰਗ ਸਿੱਧਾ-ਸਾਧੂ ਬੰਦਾ ਸੀ।

ਕਾਮਰੇਡ ਛਿੱਥੇ ਜਿਹੇ ਪੈ ਕੇ ਵਾਪਸ ਆ ਗਏ। ਅਚਾਨਕ ਹੀ ਕੱਛ ਵਿਚੋਂ ਮੂੰਗਲਾ ਵੱਜਿਆ ਸੀ। ਕਾਮਰੇਡਾਂ ਦੀ ਹਾਲਤ ਉਸ ਬਿੱਲੇ ਵਰਗੀ ਸੀ, ਜਿਸ ਦੇ ਵਿਚਾਲੇ ਮਾਸ ਅਤੇ ਪਿੱਛੇ ਗਿੱਦੜਮਾਰ ਖੜ੍ਹੇ ਸਨ। ਉਹ ਭਿੱਜੇ ਚੂਹੇ ਵਾਂਗ ਰੀਂਘਦੇ ਜਿਹੇ ਵਾਪਸ ਮੁੜ ਆਏ। ਹੁਣ ਸਿਰਫ਼ ਇਕ ਹੀ ਸੁਆਲ ਉਹਨਾਂ ਦੇ ਮੂੰਹ ਪਿੱਟ ਰਿਹਾ ਸੀ ਕਿ ਬਿੱਲੂ ਅਤੇ ਕੁਲਵਿੰਦਰ ਨੂੰ ਕਿੱਥੋਂ ਭਾਲਿਆ ਜਾਵੇ?

ਉਸ ਰਾਤ ਤੋਂ ਬਾਅਦ ਬਿੱਲੂ ਕੁਲਵਿੰਦਰ ਨੂੰ ਲੈ ਕੇ ਆਕਲੀਏ ਵਾਲੇ ਜਗਦੇਵ ਦੇ ਖੇਤ ਜਾ ਵੜਿਆ ਸੀ। ਆਕਲੀਏ ਵਾਲੇ ਜਗਦੇਵ ਦਾ ਬਿਹਾਰ ਵਿਚ ਠੇਕੇਦਾਰੀ ਦਾ ਪੂਰਾ ਕੰਮ ਚੱਲਿਆ ਹੋਇਆ ਸੀ। ਉਹ ਕਦੇ ਕਦਾਈਂ ਹੀ ਪਿੰਡ ਚੱਕਰ ਮਾਰਦਾ ਸੀ। ਹੁਣ ਉਹ ਕੁਦਰਤੀਂ ਹੀ ਪਿੰਡ ਆਇਆ ਹੋਇਆ ਸੀ। ਜਦੋਂ ਉਸ ਨੇ ਬਿੱਲੂ ਤੋਂ ਅਸਲ ਖਬਰ ਸੁਣੀਂ ਤਾਂ ਉਹ ਭੂਤਰ ਗਿਆ।

-"ਮੇਰਿਆ ਛਾਲਿਆ-ਏਛ ਕੁੱਤੀ ਨੂੰ ਲੈ ਕੇ ਤੂੰ ਛਾਡੇ ਖੇਤ ਆਇਆ ਤਾਂ ਕਿਉਂ ਆਇਆ?" ਉਸ ਨੇ ਬਿੱਲੂ ਅਤੇ ਕੁਲਵਿੰਦਰ ਨੂੰ ਜੁੱਤੀ ਲਾਹ ਲਈ। ਖਿੜਿਆ ਮੱਥਾ ਘੁੱਟਿਆ ਗਿਆ ਸੀ।

-"ਬੱਸ ਬਾਈ ਆਹ ਚਾਰ ਦਿਨਾਂ ਦੀ ਤਾਂ ਘਾਣੀਂ ਐਂ-ਜਦੋਂ ਕੋਈ ਟਿਕਾਣਾ ਬਣ ਗਿਆ-ਅਸੀਂ ਇੱਥੋਂ ਕਿਨਾਰਾ ਕਰਜਾਂਗੇ-ਹੁਣ ਮੂਲੋਂ ਨਾ ਲੋਹੇ ਦਾ ਥਣ ਬਣ!" ਬਿੱਲੂ ਤਰਲਿਆਂ 'ਤੇ ਉਤਰ ਆਇਆ। ਉਹ ਜਗਦੇਵ ਦੇ ਪੈਰੀਂ ਪਿਆ ਖੜ੍ਹਾ ਸੀ।

-"ਤੁਛੀਂ ਆਬਦਾ ਛੇਤੀ ਬੰਦੋਬਛਤ ਕਰੋ ਤੇ ਉਜੜੋ ਏਥੋਂ! ਲੰਗਰ ਥੋਨੂੰ ਪਹੁੰਚ ਜਾਇਆ ਕਰੂ-ਤੁਛੀਂ ਭੈਣ ਦਿਓ ਜਾਰੋ ਛਾਨੂੰ ਕੰਜਰ ਈ ਛਮਝ ਲਿਆ?" ਕਰੜ-ਬਰੜੀ ਦਾਹੜੀ ਖੁਰਕਦਾ ਉਹ ਚੋਰ ਅੱਖ ਨਾਲ ਕੁਲਵਿੰਦਰ ਵੱਲ ਵੇਖ ਰਿਹਾ ਸੀ। ਕੁਲਵਿੰਦਰ ਉਸ ਨੂੰ ਸੱਜਰੀ ਧੋਤੀ ਮੂਲੀ ਵਾਂਗ ਲੱਗ ਰਹੀ ਸੀ। ਜਿਸ ਨੂੰ ਸਿਰਫ਼ "ਗਰਚ" ਕਰਨ ਦੀ ਹੀ ਲੋੜ ਸੀ?

-"ਨਾਲੇ ਕੋਠੇ ਦੇ ਅੰਦਰ ਈ ਰਹਿਣੈਂ-ਜੇ ਬਾਹਰ ਨਿਕਲੇ ਛਿੱਤਰ ਫੇਰੂੰ!" ਉਸ ਨੇ ਆਖਰੀ ਸੁਣਵਾਈ ਕੀਤੀ।

ਸੁਬਾਹ ਸ਼ਾਮ ਕੁਲਵਿੰਦਰ ਅਤੇ ਬਿੱਲੂ ਦੀ ਰੋਟੀ ਜਗਦੇਵ ਦੇ ਘਰਵਾਲੀ ਬਲਬੀਰ ਉਹਨਾਂ ਨੂੰ ਪਕਾ ਕੇ ਪਹੁੰਚਦੀ ਕਰ ਦਿੰਦੀ। ਪਰ ਉਹ ਫ਼ਸੀ-ਫ਼ਸੀ ਮਾਰ ਖਾ ਰਹੀ ਸੀ। ਬਿੱਲੂ ਅਤੇ ਕੁਲਵਿੰਦਰ ਦਾ ਉਹਨਾਂ ਦੇ ਖੇਤ ਆਉਣਾ ਉਸ ਨੂੰ ਚੰਗਾ ਨਹੀਂ ਲੱਗਿਆ ਸੀ।

-"ਤੁਸੀਂ ਕਾਹਨੂੰ ਐਂਵੇਂ ਕਿਸੇ ਦੀ ਬਲਦੀ 'ਚ ਹੱਥ ਸੇਕਦੇ ਐਂ? ਅਗਲਿਆਂ ਨੂੰ ਡਾਂਟ ਕੇ ਕਹੋ-ਆਬਦਾ ਰਾਹ ਫੜਨ!" ਬਲਬੀਰ ਨੇ ਇਸ ਵਾਰ ਜਗਦੇਵ ਨੂੰ ਆਖ ਵੀ ਦਿੱਤਾ ਸੀ। ਜਗਦੇਵ ਉਸ ਨੂੰ ਪਿਆਰ ਨਾਲ "ਬਲਬੀਰੋ ਭਾਬੀ" ਆਖ ਕੇ ਬੁਲਾਉਂਦਾ ਸੀ। ਪਰ ਅੱਜ ਉਹ ਜਿੰਨ ਵਾਂਗ ਟੱਪਿਆ।

-''ਮੈਂ ਦੱਛ ਕੀ ਫੇਰੇ ਦੇਮਾਂ-ਜਦੋਂ ਮੇਰਾ ਛਾਅਲਾ ਉਹਨੂੰ ਕੁੱਤੀ ਨੂੰ ਲੈ ਕੇ ਈ ਏਥੇ ਆ ਗਿਆ?'' ਉਸ ਨੂੰ ਭੱਜਣ ਨੂੰ ਕਿਸੇ ਪਾਸੇ ਰਾਹ ਨਹੀਂ ਦਿਖਾਈ ਦਿੱਤਾ ਸੀ।

-''ਤੁਸੀਂ ਉਹਨਾਂ ਦੇ ਘਰਦਿਆਂ ਨੂੰ ਖਬਰ ਕਰੋ ਖਾਂ! ਐਮੇਂ ਕਿਸੇ ਨਾਲ ਬਾਧੂ ਦੀ ਦੁਸ਼ਮਣੀਂ ਚੰਗੀ ਨ੍ਹੀ ਹੁੰਦੀ!'' ਬਲਬੀਰ ਨੇ ਉਸ ਦੇ ਦਿਮਾਗ ਨੂੰ ਠ੍ਹੋਕਰਿਆ।

ਜਗਦੇਵ ਦੇ ਦਿਮਾਗ ਨੂੰ ਹਲੋਰਾ ਵੱਜਿਆ। ਉਸ ਨੇ ਜਾੜ੍ਹਾਂ ਜਿਹੀਆਂ ਕੱਢ ਕੇ ਬਲਬੀਰ ਵੱਲ ਤੱਕਿਆ। ਗੱਲ ਉਸ ਨੂੰ ਸਾਫ਼ ਜਚੀ ਸੀ। ਉਸ ਨੇ ਸਕੂਟਰ ਚੁੱਕਿਆ ਅਤੇ ਕਰਮੇਂ ਕੇ ਪਿੰਡ ਪਹੁੰਚ ਗਿਆ।

ਖ਼ਬਰ ਸੁਣ ਕੇ ਸਾਰਿਆਂ ਦੇ ਥੰਮ੍ਹ ਹਿੱਲ ਗਏ। ਉਹਨਾਂ ਜੀਪ ਲਈ ਅਤੇ ਆਕਲੀਏ ਨੂੰ ਚਾਲੇ ਪਾ ਦਿੱਤੇ।

ਜੀਪ ਜਗਦੇਵ ਦੇ ਖੇਤ ਜਾ ਰੁਕੀ।

ਉਹਨਾਂ ਅੰਦਰ ਜਾ ਕੇ ਦੇਖਿਆ ਤਾਂ ਕੋਠਾ ਛੜੇ ਦੇ ਚੁੱਲ੍ਹੇ ਵਾਂਗ ''ਭਾਂ-ਭਾਂ'' ਕਰ ਰਿਹਾ ਸੀ। ਸਾਰਿਆਂ ਨੇ ਲੰਮੇ ਸਾਹ ਲੈ ਕੇ ਇਕ ਦਮ ਛੱਡੇ ਸਨ। ਸਭ ਆਵਾਕ ਸਨ। ਕੋਈ ਸੁਆਲ ਉਹਨਾਂ ਦੇ ਚਿਹਰਿਆਂ 'ਤੇ ਇੱਲ੍ਹ ਵਾਂਗ ਗੇੜੇ ਦੇ ਰਿਹਾ ਸੀ।

-''ਸਰਦਾਰ ਜੀ ਸੱਸਰੀਕਾਲ---!'' ਜਗਦੇਵ ਦਾ ਖੇਤ ਰੱਖਿਆ ਭਈਆ ਹੱਥ ਜੋੜੀ ਖੜ੍ਹਾ ਸੀ। ਉਸ ਦੇ ਕਾਲੇ ਜਿਹੇ ਮੂੰਹ 'ਚੋਂ ਬੀੜੀਆਂ ਦੀ ਬਦਬੂ ਆ ਰਹੀ ਸੀ।

-''ਉਏ ਬੱਈਆ ਤੂੰ ਕਿੱਥੇ ਗਿਆ ਥਾ?'' ਸਕੂਲ ਕੋਲ ਦੀ ਕੱਟਾ ਲੈ ਕੇ ਲੰਘੇ ਜਗਦੇਵ ਨੇ ਹਿੰਦੀ ਨੂੰ ਪੰਜਾਬੀ ਵਿਚ ਰੋਲ ਕੇ ਜਿਹੇ ਪੁੱਛਿਆ।

-''ਮੈਂ ਤੋ ਜੀ ਅਪਨੇ ਭਾਈ ਕੋ ਮਿਲਨੇ ਕੇ ਲੀਏ ਗਯਾ ਥਾ।'' ਉਹ ਪਿਚਕ ਕੇ ਅੱਧਾ ਕੁ ਹੀ ਰਹਿ ਗਿਆ ਸੀ।

-''ਕੰਮ ਤੇਰਾ ਪਿਉ ਕਰੂ? ਛਾਲਿਆ ਕੁੱਤੇ ਖੱਛੀ ਕਰਦਾ ਰਹਿੰਨੈਂ?''

ਭਈਏ ਨੂੰ ਅੱਧੀਆਂ ਗਾਲ੍ਹਾਂ ਦੀ ਸਮਝ ਆਈ, ਅੱਧੀਆਂ ਦੀ ਸ਼ਾਇਦ ਨਹੀਂ ਆਈ ਸੀ।

-''ਉਏ ਛੱਚ! ਯਹਾਂ ਤੀਮੀਂ ਆਦਮੀ ਥੇ-ਮਾਲੂਮ ਹੈ ਕਿਧਰ ਗਏ?'' ਜਗਦੇਵ ਨੂੰ ਅਚਾਨਕ ਯਾਦ ਆਇਆ।

-''ਵੋਹ ਬੋਲਤਾ ਥਾ ਲੁਧਿਆਨਾ ਜਾ ਰਹੇ ਹੈਂ।''

ਸਾਰਿਆਂ ਨੇ ਇਕ ਦਮ ਇਕ-ਦੂਜੇ ਵੱਲ ਤੱਕਿਆ।

-''ਲੁਧਿਆਣੇ ਕੀਹਦੇ ਕੋਲੇ ਗਏ ਹੋਏ?'' ਭੂੰਡ ਨੇ ਦਿਮਾਗ 'ਤੇ ਜੋਰ ਪਾ ਕੇ ਸੋਚਿਆ। ਉਸ ਨੇ ਆਪਣੇ ਦਿਮਾਗ 'ਤੇ ਦੋ-ਤਿੰਨ ਵਾਰ ਹੱਥ ਮਾਰਿਆ। ਜਿਵੇਂ ''ਘਿਰੜ-ਘਿਰੜ'' ਕਰਦੇ ਰੇਡੀਓ ਨੂੰ ਧੱਫ਼ੇ ਮਾਰ-ਮਾਰ ਕੇ ਦੇਖੀਦੈ ਕਿ ਸ਼ਾਇਦ ਚੱਲ ਹੀ ਪਵੇ?

-''ਉਏ ਭਈਆ! ਇਹ ਨਹੀਂ ਬਤਾ ਕਰ ਗਏ ਬਈ ਕਿਛ ਕੋਲ ਚੱਲੇ ਹੈਂ?''

ਭਈਏ ਨੇ ਸਿਰ ਫੇਰ ਦਿੱਤਾ। ਆਮ ਪੰਜਾਬੀਆਂ ਵਿਚ ਰਹਿੰਦਾ ਉਹ ਕਾਫ਼ੀ ਪੰਜਾਬੀ ਬੋਲ ਅਤੇ ਸਮਝ ਲੈਂਦਾ ਸੀ।

ਉਹਨਾਂ ਨੇ ਜੀਪ ਲੁਧਿਆਣੇਂ ਨੂੰ ਸਿੱਧੀ ਕਰ ਲਈ।

----------------- ਕਾਂਡ ਤੇਰ੍ਹਾਂ -------------

ਭੂੰਡ ਦੀ ਸੋਚਾਂ ਦੀ ਲੜੀ ਬਰਾਬਰ ਕਾਇਮ ਸੀ। ਉਸ ਨੂੰ ਆਪਣੇ ਦਿਮਾਗ ਤੇ ਪੂਰਨ ਵਿਸ਼ਵਾਸ ਸੀ ਕਿ ਉਸ ਦਾ ਦਿਮਾਗ ਲੁਧਿਆਣੇ ਪਹੁੰਚਣ ਤੱਕ ਕੋਈ ਨਾ ਕੋਈ ਸਕੀਮ ਜਰੂਰ ਉਤਪੰਨ ਕਰੇਗਾ। ਉਸ ਨੂੰ ਪੂਰਾ ਭਰੋਸਾ ਸੀ ਕਿ ਮੱਝ ਕੱਟੀ ਹੀ ਦੇਵੇਗੀ।

ਆਰਤੀ ਸਿਨਮੇਂ ਨੇੜਿਓਂ ਉਹਨਾਂ ਨੇ ਠੇਕੇ 'ਤੇ ਖੜ੍ਹ ਚਾਰ ਬੋਤਲਾਂ ਲੈ ਲਈਆਂ ਅਤੇ ਕਰਮੇਂ ਦੀ ਦੁਕਾਨ ਨੂੰ ਰਵਾਨਾ ਹੋ ਗਏ।

ਸਾਰਿਆਂ ਨੇ ਅੰਦਰ ਵੜ ਕੇ ਸ਼ਟਰ ਬੰਦ ਕਰ ਦਿੱਤਾ ਅਤੇ ਬੱਤੀ ਬਾਲ ਲਈ। ਬੋਤਲ ਉਹਨਾਂ ਅੱਗੇ ਹਥਿਆਰ ਸੁੱਟਦੀ ਜਾ ਰਹੀ ਸੀ। ਸੁੱਕੀ ਦਾਰੂ ਨਾਲ ਕੁਝ ਹੋਰ ਨਹੀਂ, ਗੱਲਾਂ ਹੀ ਚੱਬੀਆਂ ਜਾ ਰਹੀਆਂ ਸਨ।

-''ਜਾਹ ਕਰਮਿਆਂ ਕੁਛ ਖਾਣ ਨੂੰ ਲੈ ਕੇ ਆ-ਸੁੱਕੀ ਤਾਂ ਸਾਲੀ ਅੰਦਰ ਆਰੀ ਮਾਂਗੂੰ ਵਾਢ ਕਰੀ ਜਾਂਦੀ ਐ।'' ਗਿੱਲ ਨੇ ਪੰਜਾਹਾਂ ਦਾ ਨੋਟ ਕਰਮੇਂ ਅੱਗੇ ਕੀਤਾ, ਪਰ ਕਰਮੇਂ ਨੇ ਫੜਿਆ ਨਾ।

-''ਮੈਖਿਆ ਫੜ ਵੀ!''

-''ਕਾਹਨੂੰ ਬੇਸ਼ਰਮੀਂ ਦਿੰਨੈਂ?'' ਕਰਮਾਂ ਬਾਹਰ ਨਿਕਲ ਗਿਆ।

-''ਬਾਈ ਸਾਸਰੀਕਾਲ---!'' ਕਰਮੇਂ ਨੂੰ ਪਿੱਛੋਂ ਕੜਿਆਲ ਵਾਲੇ ਰਬਿੰਦਰ ਨੇ ਕਿਹਾ। ਪਤਲੇ ਸਰੀਰ ਦਾ ਛਾਂਟਿਆ ਰਬਿੰਦਰ ਜੀਨ ਦੀ ਪੈਂਟ ਵਿਚ ਸਜਿਆ ਖੜ੍ਹਾ ਸੀ। ਗਲ ਪਾਈ ਟੀ-ਸ਼ਰਟ ਉਪਰ ''ਲਵ ਫ਼ਾਰ ਸੇਲ'' ਲਿਖਿਆ ਹੋਇਆ ਸੀ। ਲੁਧਿਆਣੇ ਦੇ ਇੰਜਨੀਅਰਿੰਗ ਕਾਲਜ ਦਾ ਵਿਦਿਆਰਥੀ ਹੋਣ ਕਰਕੇ, ਉਸ ਨੂੰ ਕਾਲਜ ਦੀ ਵਾਹਵਾ 'ਹਵਾ' ਲੱਗੀ ਜਾਪਦੀ ਸੀ। ਉਹ ਪੜ੍ਹਦਾ ਘੱਟ ਅਤੇ ਗਸ਼ਤ ਜ਼ਿਆਦਾ ਕਰਦਾ ਸੀ। ਕਾਲਜੋਂ ਟਾਈਮ ਕੱਢ ਕੇ ਉਹ ਕਰਮੇਂ ਕੋਲ ਚੌਂਕੀ ਜਰੂਰ ਭਰਦਾ ਸੀ।

-''ਸੁਣਾ ਬਈ ਰਬਿੰਦਰ ਕੀ ਹਾਲ ਐ?'' ਕਰਮੇਂ ਨੇ ਪੁੱਛਿਆ।

-''ਮੇਰਾ ਹਾਲ ਤਾਂ ਠੀਕ ਐ-ਪਰ ਤੂੰ ਦੱਸ ਕਈ ਦਿਨ ਹੋ ਗਏ ਦੁਕਾਨ ਈ ਨ੍ਹੀ ਖੋਲ੍ਹੀ?'' ਉਹ ਖੜ੍ਹਾ ਮੁਸਕਰਾਈ ਜਾ ਰਿਹਾ ਸੀ। ਚਿਹਰੇ 'ਤੇ ਲਿਖੀ ਕੁਦਰਤੀ ਮੁਸਕੁਰਾਹਟ ਉਸ ਦੇ ਸੁਨੱਖੇ ਨੈਣ ਨਕਸ਼ਾਂ 'ਤੇ ਆਪਣਾ ਪ੍ਰਭਾਵ ਸੁੱਟ ਰਹੀ ਸੀ।

-''ਬੱਸ ਯਾਰ ਕੰਮ ਧੰਦੇ ਈ ਐਸੇ ਐ।'' ਕਰਮੇਂ ਨੇ ਆਪਣਾ ਆਪ ਸਾਂਭਿਆ। ਥਿੜਕਦੀ ਗੱਲ ਬੋਚੀ।

-''ਤੇ ਭਰਜਾਈ ਅੱਜ 'ਕੱਲੀ ਈ ਬਜਾਰ 'ਚ ਭਲਵਾਨੀ ਗੇੜੇ ਦਿੰਦੀ ਫਿਰਦੀ ਸੀ?'' ਉਸ ਨੇ ਗੱਲ ਕਰਕੇ ਹੱਥ ਲੰਮੀ ਜੀਭ ਬਾਹਰ ਨੂੰ ਕੱਢੀ। ਉਸ ਦੀਆਂ ਬਲੌਰੀ ਅੱਖਾਂ ਕਰਮੇਂ ਨੂੰ ਚਹੇਡ ਕਰ ਗਈਆਂ ਸਨ।

ਕਰਮੇਂ ਨੇ ਇਕ ਦਮ ਪਰਤ ਕੇ ਉਸ ਵੱਲ ਤੱਕਿਆ। ਉਹ ਰਬਿੰਦਰ ਨੂੰ ਖਿੱਚ ਕੇ ਨਹੀਂ, ਇਕ ਤਰ੍ਹਾਂ ਮਰੇ ਹੋਏ ਕੱਟੇ ਵਾਂਗ ਧੂਹ ਕੇ ਦੁਕਾਨ ਅੰਦਰ ਲੈ ਗਿਆ। ਉਹ ਉਸ ਦੀ ਬਾਂਹ ਫੜੀ ਹਵਾ ਹੋਇਆ ਜਾ ਰਿਹਾ ਸੀ।

ਰਬਿੰਦਰ ਹੈਰਾਨ ਸੀ।

-''ਹੁਣ ਦੱਸ ਟਿਕਾਅ ਕੇ-ਕੌਣ ਕੌਣ ਨਾਲ ਸੀ?'' ਕਰਮਾਂ ਹਫ਼ ਗਿਆ ਸੀ। ਉਸ ਦਾ ਸਾਹ ਫੁੱਲ ਗਿਆ ਸੀ ਅਤੇ ਮੂੰਹ 'ਚੋਂ ਝੱਗ ਵਹਿ ਤੁਰੀ ਸੀ।

-''ਤੈਨੂੰ ਹੋ ਕੀ ਗਿਆ?''

-''ਗੱਲ ਸੁਣ ਟਿਕਾਅ ਕੇ! ਤੇਰੀ ਭਾਬੀ ਗਈ ਐ ਨਿਕਲ-ਸਾਨੂੰ ਉਹਦਾ ਪਤਾ ਚਾਹੀਦੈ।'' ਉਸ ਨੇ ਰਬਿੰਦਰ ਦਾ ਮੋਢਾ ਫੜ ਕੇ ਜੋਰ ਨਾਲ ਹਲੂਣਿਆਂ। ਰਬਿੰਦਰ ਕੋਲ ਉਹ ਹਰ ਗੱਲ ਸਿੱਧੀ ਕਰ ਲੈਂਦਾ ਸੀ।

ਸਾਰੇ ਉਹਨਾਂ ਕੋਲ ਆ ਗਏ।

-''ਲੈ ਫੇਰ ਸੁਣਲੋ ਭਰਾਵੋ ਗੱਲ!'' ਰਬਿੰਦਰ ਨੇ ਬੇਥ੍ਹਵਾ ਹੱਥ ਹਵਾ ਵਿਚ ਹਿਲਾਇਆ।

-''ਇਕ ਤਾਂ ਸੀ ਭਾਬੀ ਤੇ ਨਾਲ ਸੀ ਬਿੱਲੂ-ਹੁਣ ਥੋਡੇ ਕੋਲੋਂ ਕੀ ਲਕੋਅ ਐ? ਤੇ ਇਕ ਸੀ ਰੰਘੜ---।'' ਉਸ ਨੇ ਸੱਚੀ ਗੱਲ ਸਾਰਿਆਂ ਦੇ ਸਾਹਮਣੇਂ ਚਿੱਟੀ ਚਾਦਰ ਵਾਂਗ ਵਿਛਾਅ ਦਿੱਤੀ ਅਤੇ ਸੁਰਖਰੂ ਹੋ ਕੇ ਬੈਠ ਗਿਆ।

-''ਰੰਘੜ---!'' ਸਾਰੇ ਇਕ ਦਮ ਹੈਰਾਨੀ ਵਿਚ ਚੌਂਕੇ ਸਨ।

ਰੰਘੜ ਦਾ ਅਸਲ ਨਾਂ ਰਘਬੀਰ ਸਿੰਘ ਸੀ। ਮਨ ਦਾ ਕਾਫ਼ੀ ਕਰੂਰ, ਕਠੋਰ ਅਤੇ ਬੜਾ ਰੰਘੜਊ ਰੱਖਣ ਵਾਲਾ ਮੁੰਡਾ ਸੀ। ਜਿਸ ਕਰਕੇ ਸਾਰਿਆਂ ਨੇ ਉਸ ਦਾ ਨਾਂ ਹੀ ''ਰੰਘੜ'' ਰੱਖ ਦਿੱਤਾ ਸੀ। ਉਸ ਦਾ ਸੁਭਾਅ ਬੜਾ ਅੱਖੜ ਸੀ। ਪਰ ਉਸ ਦੇ ਵੱਸ ਵੀ ਕੁਝ ਨਹੀਂ ਸੀ। ਚੱਲਦੇ ਫਿਰਦੇ ਘਰ ਦਾ ਮੁੰਡਾ ਪਲਿਆ ਹੀ ਅਜਿਹੇ ਮਾਹੌਲ ਵਿਚ ਸੀ ਕਿ ਉਸ ਦੀਆਂ ਆਦਤਾਂ ਹੀ ਕੁਝ ਐਸੀਆਂ ਬਣ ਗਈਆਂ ਸਨ। ਰੰਘੜ ਦੇ ਬਾਪ ਹੁਰੀਂ ਤਿੰਨ ਭਰਾ ਸਨ। ਅਜੇ ਤੱਕ ਉਹਨਾਂ ਦਾ ਏਕਾ ਬਾਹਵਾ ਚੱਲੀ ਜਾਂਦਾ ਸੀ। ਤਿੰਨਾਂ ਨੇ ਇੱਕੋ ਤੀਵੀਂ ਹੀ ਸਾਂਭੀ ਹੋਈ ਸੀ। ਕਦੇ ਕੋਈ ਰੌਲਾ ਨਹੀਂ ਕੀਤਾ ਸੀ। ਜੁਆਕ ਸਾਂਝੇ ਸਨ। ਸਾਰੇ ਭਰਾ ਇਕ ਦੂਜੇ ਦੀ ਪੈੜ ਵਿਚ ਪੈਰ ਧਰਦੇ ਸਨ। ਜੇ ਕਦੇ ਕਿਸੇ ਜੁਆਕ ਤੋਂ ਕੋਈ ਗਲਤੀ ਹੋ ਜਾਂਦੀ ਤਾਂ ਰੰਘੜ ਦੇ ਤਾਏ ਨੇ ਬੋਲਣਾ, ''ਇਕ ਮਾਰ ਸਾਲੇ ਦੀ ਗਿੱਚੀ 'ਚ!''

-''ਇਕ ਹੋਰ ਮਾਰ!'' ਦੂਜਾ ਬੋਲਦਾ।

-''ਇਹਨੂੰ ਮੇਰੇ ਸਾਲੇ ਦੇ ਨੂੰ ਮਾਰ ਈ ਦੇਹ!'' ਤੀਜਾ ਵੀ ਪਿੱਛੇ ਨਾ ਰਹਿੰਦਾ।

ਜੇ ਰੰਘੜ ਦੀ ਮਾਂ ਕਹਿੰਦੀ, ''ਭਾਈ ਜੀ ਅੱਜ ਪਤਾ ਨ੍ਹੀ ਕੀ ਗੱਲ ਐ? ਆਪਣਾ ਕੁੱਤਾ ਕੰਨ ਜੇ ਸਿੱਟੀ ਪਿਐ!''

ਤਾਂ ਭਾਈ ਜੀ ਕਹਿੰਦਾ, ''ਇਹਨੂੰ ਭਾਈ ਘੁੱਟ ਚਾਹ ਦੀ ਬਣਾ ਕੇ ਪਾਓ!'' ਪਰ ਦੂਜਾ ਆਖਦਾ, ''ਨਹੀਂ, ਇਹਨੂੰ ਡੋਡੇ ਭਿਉਂ ਕੇ ਪਿਆਉਨੇਂ ਐਂ!'' ਪਰ ਤੀਜਾ ਕਸਰ ਹੀ ਪੂਰੀ ਕਰ ਦਿੰਦਾ, ''ਡੋਡੇ ਕਿਉਂ? ਇਹਨੂੰ ਕੰਡਾ ਫ਼ੀਮ ਦਾ ਦਿਓ!''

ਅਜਿਹੇ ਮਾਹੌਲ ਵਿਚ ਪਲਿਆ ਰੰਘੜ ਹੁਣ ਘਰਦਿਆਂ ਦੀ ਬਹੁਤੀ ਧੰਗੇੜ ਨਹੀਂ ਝੱਲਦਾ ਸੀ। ਉਹ ਲੁਧਿਆਣੇਂ ਕਾਲਜ ਵਿਚ ਪੜ੍ਹਦਾ ਇਕ ਕਮਰਾ ਕਿਰਾਏ 'ਤੇ ਲੈ ਲੁਧਿਆਣੇਂ ਹੀ ਰਹਿਣ ਲੱਗ ਪਿਆ ਸੀ। ਘਰ ਤਾਂ ਬੱਸ ਉਹ ਅੜੇ ਥੁੜੇ ਹੀ ਜਾਂਦਾ ਸੀ। ਕਾਲਜੀਏਟ ਮੁੰਡਿਆਂ ਨਾਲ ਰਲ ਕੇ ਕੁਪੱਤ ਕਰਨੀ ਉਸ ਦਾ ਨਿੱਤ ਦਾ ਕਿੱਤਾ ਹੀ ਬਣ ਗਿਆ ਸੀ। ਲੰਡਰ ਮੁਡੀਹਰ ਨਾਲ ਰਲ ਕੇ ਉਹ ਘਤਿੱਤਾਂ ਕਰਦਾ, ਕੁੜੀਆਂ ਤੋਂ ਕੁੱਟ ਖਾਂਦਾ ''ਛਿੱਤਰ-ਘੜ੍ਹੀਸ'' ਆਸ਼ਕ ਬਣ ਚੁੱਕਾ ਸੀ।

-''ਰਹਿੰਦਾ ਪਤਾ ਕਿੱਥੇ ਐ?'' ਭੂੰਡ ਨੇ ਜਿਵੇਂ ਸੁਪਨੇ 'ਚੋਂ ਪਰਤਦਿਆਂ ਪੁੱਛਿਆ ਸੀ। ਰਬਿੰਦਰ ਨੇ ਟਿਕਾਣਾ ਦੱਸ ਦਿੱਤਾ। ਅਸਲ ਵਿਚ ਰਬਿੰਦਰ ਨੂੰ ਸਾਰੀ ਗੱਲ ਦਾ ਪਹਿਲਾਂ ਹੀ ਪਤਾ ਸੀ। ਪਰ ਪੂਰੀ ਗੱਲ ਦੱਸ ਕੇ ਅੱਗ 'ਤੇਲ ਪਾਉਣਾ ਉਸ ਦੀ ਫ਼ਿਤਰਤ ਨਹੀਂ ਸੀ। ਅਖੀਰ ਮਜਬੂਰ ਹੋ ਕੇ ਉਸ ਨੂੰ ਸਾਰੀ ਗੱਲ ਦੱਸਣੀ ਪਈ ਸੀ।

ਬਰਾੜ ਹੁਰਾਂ ਦੀ ਜੀਪ ਰੰਘੜ ਦੇ ਟਿਕਾਣੇਂ 'ਤੇ ਪੁੱਜ ਗਈ।

ਭੂੰਡ ਨੇ ਉਤਰ ਕੇ ਦਰਵਾਜਾ ਖੜਕਾਇਆ।

ਸਾਰੇ ਦਰਵਾਜੇ ਅੱਗੇ ਝੁਰਮਟ ਜਿਹਾ ਪਾਈ ਖੜ੍ਹੇ ਸਨ।

ਰੰਘੜ ਨੇ ਦਰਵਾਜਾ ਖੋਲ੍ਹਿਆ। ਸਾਰੇ ਇਕ ਦਮ ਰੰਘੜ 'ਤੇ ਝਪਟੇ! ਉਹਨਾਂ ਉਸ ਨੂੰ ਮੁਰਗੀ ਵਾਂਗ ਨੱਪ ਲਿਆ ਅਤੇ ਧੂਹ ਕੇ ਅੰਦਰ ਲੈ ਗਏ। ਕਾਮਰੇਡਾਂ ਦੀ ਗਿੱਦੜ-ਕੁੱਟ ਨੇ ਰੰਘੜ ਦਾ ਮੂੰਹ ਝੁਲਸਿਆ ਜਿਹਾ ਕਰ ਦਿੱਤਾ ਸੀ। ਉਸ ਦੇ ਬੁੱਲ੍ਹ ਸੁੱਜ ਕੇ ਬੋਤੇ ਦੇ ਬੁੱਲ੍ਹਾਂ ਜਿੱਡੇ ਹੋ ਗਏ ਸਨ। ਨੱਕ 'ਚੋਂ ਲ਼ੂਨ ਤੁਰ ਪਿਆ ਸੀ। ਕੁੱਟ ਨਾਲ ਬੌਂਦਲਿਆ ਉਹ ਭੰਬਲਭੂਸਾ ਜਿਹਾ ਝਾਕ ਰਿਹਾ ਸੀ। ਉਸ ਦਾ ਚੂਕਣਾ ''ਯਰਕ-ਯਰਕ'' ਕਰ ਰਿਹਾ ਸੀ।

-''ਦੱਸ ਉਏ ਕਿੱਥੇ ਐ ਉਹ ਹਰਾਮਦਿਆ?'' ਗਿੱਲ ਨੇ ਬਿੱਲੇ ਵਾਂਗ ਰੰਘੜ ਦੀ ਸੰਘੀ ਨੱਪ ਕੇ ਪੁੱਛਿਆ। ਉਹ ਗੁੱਸੇ ਨਾਲ ਕੰਬਦਾ ਪਾਟਣ 'ਤੇ ਆਇਆ ਖੜ੍ਹਾ ਸੀ। ਉਸ ਦੀ ਜਾੜ੍ਹ ਘੁੱਟੀ ਹੋਈ ਅਤੇ ਅੱਖਾਂ ਗੇਰੂ ਵਾਂਗ ਰੱਤੀਆਂ ਸਨ।

-''ਤਾਂਹਾਂ ਚੁਬਾਰੇ 'ਚ ਪਏ ਐ--!'' ਘੁੱਟੀ ਸੰਘੀ ਕਰਕੇ ਉਸ ਦੀ ਅਵਾਜ਼ ਘੱਗੇ ਸੰਖ ਵਾਂਗ ਨਿਕਲੀ ਸੀ। ਉਸ ਨੇ ਉਂਗਲ ਤੀਰ ਵਾਂਗ ਉਪਰ ਨੂੰ ਵਗਾਈ ਸੀ। ਜਦੋਂ ਉਸ ਨੂੰ ਛੱਡਿਆ ਤਾਂ ਉਹ ਡਰੇ ਭੂਤ ਵਾਂਗ ਬਾਹਰ ਨੂੰ ਤਿੱਤਰ ਹੋ ਗਿਆ।

ਸਾਰੇ ਦਗੜ-ਦਗੜ ਕਰਦੇ ਪੌੜੀਆਂ ਚੜ੍ਹ ਗਏ!

ਬਿੱਲੂ ਸੁੱਤਾ ਪਿਆ ਭੜ੍ਹੱਕ ਕੇ ਉਠਿਆ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ ਕਿ ਕੀ ਕਰੇ? ਉਹ ਡਰੀ ਗਊ ਵਾਂਗ ਇਧਰ ਉਧਰ ਝਾਕ ਰਿਹਾ ਸੀ। ਅੱਧਨੰਗੀ ਕੁਲਵਿੰਦਰ ਖੇਸ ਦੀ ਬੁੱਕਲ ਮਾਰੀ ਇਕ ਖੂੰਜੇ ਖੜ੍ਹੀ ਕੰਬ ਰਹੀ ਸੀ। ਉਸ ਦਾ ਚਿਹਰਾ ਬੱਗਾ ਅਤੇ ਅੱਖਾਂ ਤਾੜੇ ਲੱਗ ਗਈਆਂ ਸਨ। ਅਚਾਨਕ ਪਈ ਬਿੱਜ 'ਤੇ ਉਹ ਬੇਹੱਦ ਹੈਰਾਨ ਸਨ।

ਬਿੱਲੂ 'ਤੇ ਲੱਤਾਂ, ਮੁੱਕੀਆਂ ਅਤੇ ਛਿੱਤਰਾਂ ਦੀ ਵਾਛੜ ਹੋਣ ਲੱਗ ਪਈ। ਜਿਸ ਨੂੰ ਉਹ ਸਬਰ ਰੱਖ ਕੇ ਸਹਿ ਰਿਹਾ ਸੀ। ''ਚੂੰ'' ਕਰਨੀਂ ਤਾਂ ਬਿਲਕੁਲ ਹੀ ਬੇਵਕੂਫ਼ੀ ਸੀ!

-''ਮਿੰਨਤਾਂ ਤਰਲਿਆਂ ਨਾਲ ਤਾਂ ਭਾਈ ਕੌਮਨਸ਼ਟ ਛੱਡ ਈ ਦੇਣ-ਨਹੀਂ ਤਾਂ ਫੇਰ ਰੱਬ ਈ ਰਾਖਾ ਐ!'' ਉਸ ਨੂੰ ਆਪਣੇ ਬਾਪੂ ਦੇ ਕਹੇ ਲਫ਼ਜ਼ ਯਾਦ ਆ ਰਹੇ ਸਨ। ਬੜੇ ਟਿਕਾਣੇਂ ਸਿਰ ਦਿਮਾਗ ਨੇ ਵਾਇਰਲੈੱਸ ਫੜੀ ਸੀ।

-''ਦੱਸ ਉਏ ਤੇਰਾ ਕੀ ਇਰਾਦੈ ਕੁੱਤੇ ਦਿਆ ਹੱਡਾ?'' ਕਾਫ਼ੀ ਦੇਰ ਬਾਅਦ ਛਿੱਤਰਾਂ ਦਾ ਖੜਕਾਹਟ ਬੰਦ ਹੋਇਆ ਸੀ। ਗੜੇ ਪੈ ਕੇ ਹਟਣ ਪਿੱਛੋਂ ਵਾਲੀ ਸ਼ਾਂਤੀ ਪਸਰ ਗਈ ਸੀ। ਬਿੱਲੂ ਦੇ ਸਿਰ 'ਚੋਂ ਸੇਕ ਮਾਰ ਰਿਹਾ ਸੀ। ਭੜਦਾਅ ਨਿਕਲ ਰਹੀ ਸੀ। ਜੁੱਤੀਆਂ ਵੱਜਣ ਵਾਲਾ ਥਾਂ ''ਚਿਲੂੰ-ਚਿਲੂੰ'' ਕਰਨ ਲੱਗ ਪਿਆ ਸੀ।

-''ਬਾਈ ਮੈਨੂੰ ਬਖਸ਼ ਈ ਲਓ--!'' ਉਸ ਨੇ ਹੱਥ ਜੋੜ ਕੇ ਤਰਲਾ ਕੀਤਾ। ਉਸ ਦੀ ਟੱਟੂ-ਹਜਾਮਤ ਕਰਵਾਏ ਪਟੇ ਖਿਲਰ ਗਏ ਸਨ।

-''ਤੇਰਾ ਐਡਾ ਜੇਰਾ ਪਿਆ ਤਾਂ ਪਿਆ ਕਿਵੇਂ--?'' ਹੁਣ ਭੂੰਡ ਉਸ ਦੇ ਗਲ ਨੂੰ ਚਿੰਬੜ ਗਿਆ। ਉਹ ਸਾਹਣ ਭਿੜ੍ਹਨ ਵਾਂਗ ਹੱਲੇ ਕਰ-ਕਰ ਪੈਂਦਾ ਸੀ।

-''ਇਹਦੇ ਜੇਰੇ ਕੀ ਪਰਖਦੇ ਐਂ? ਮੈਂ ਇਹਦੇ ਨਾਲ ਆਪ ਆਈ ਐਂ-ਕਰੋ ਜੋ ਕੁਛ ਕਰਦੇ ਐਂ!'' ਖੂੰਜੇ ਖੜ੍ਹੀ ਕੁਲਵਿੰਦਰ ਇਕ ਦਮ ਚੀਕੀ। ਉਸ ਦੇ ਚਿਹਰੇ ਤੋਂ ਚੰਡੀ ਦਾ ਕਰੋਧ ਭਬਕਿਆ ਸੀ।

-''ਤੈਨੂੰ ਕੁੱਤੀਏ ਨਹੀਂ ਸਬਰ ਤਾਂ ਕੰਜਰਖਾਨੇਂ ਜਾ ਕੇ ਬਹਿਜਾ-ਭਾਂਤ ਭਾਂਤ ਦੇ ਮਿਲਿਆ ਕਰਨਗੇ!'' ਹਰਫ਼ਲਿਆ ਕਰਮਾਂ ਭੂਚਾਲ ਵਾਂਗ ਕੁਲਵਿੰਦਰ ਵੱਲ ਗਿਆ। ਪਰ ਸਾਥੀਆਂ ਨੇ ਵਰਜ ਦਿੱਤਾ।

-''ਤੁਸੀਂ ਲਾ ਲਓ ਜਿਹੜੀ --- ਦਾ ਜੋਰ ਲਾਉਣੈਂ-ਮੈਂ ਤਾਂ ਏਸੇ ਦੇ ਈ ਵਸੂੰਗੀ!'' ਉਸ ਨੇ ਹਿੱਕ 'ਚ ਧੱਫ਼ਾ ਮਾਰ ਕੇ ਅਜੀਬ ਅਕਾਸ਼ਬਾਣੀ ਕੀਤੀ।

-''ਤੇ ਕੁੱਤੀਏ ਜਿਹੜੇ ਤਿੰਨ ਜੰਮੀ ਬੈਠੀ ਐਂ-ਉਹ ਤੇਰੀ ਮਾਂ ਸਾਂਭੂ ਆ ਕੇ?''

-''ਨਾ ਤੇਰੀ ਮਾਂ ਦੇ ਕੁਛ ਲੱਗਦੇ ਨ੍ਹੀ?'' ਉਹ ਬਰਾਬਰ ਇੱਟ ਦਾ ਜਵਾਬ ਪੱਥਰ ਨਾਲ ਦੇ ਰਹੀ ਸੀ।

-''ਤੂੰ ਮੇਰੇ ਸਾਹਮਣੇਂ ਜਬਾਨ ਚਲਾਉਨੀਂ ਐਂ ਕੁੱਤੀਏ-ਕੰਜਰੀਏ---!'' ਉਹ ਹਨ੍ਹੇਰੀ ਵਾਂਗ ਭੱਜ ਕੇ ਫਿਰ ਕੁਲਵਿੰਦਰ ਵੱਲ ਨੂੰ ਹੋਣ ਲੱਗਿਆ। ਪਰ ਇੰਦਰ ਨੇ ਉਸ ਨੂੰ ਰਾਹ ਵਿਚ ਹੀ ਬੁੱਚ੍ਹ ਲਿਆ ਸੀ।

-''ਹੈਂ ਬਈ! ਧਹੰਮਲ ਤੋਂ ਕੰਮ ਲਓ! ਕਾਹਨੂੰ ਐਂਵੇਂ ਬਾਧੂ ਰੌਲਾ ਪਾਇਐ?'' ਇੰਦਰ ਨੇ ਕਰਮੇਂ ਨੂੰ ਟਿਕਾਉਣਾ ਚਾਹਿਆ। ਉਸ ਨੂੰ ਕੁੱਤਿਆਂ ਦੀ ਲੜਾਈ ਵਿਚੋਂ ਕੁਝ ਹੱਥ ਪੱਲੇ ਆਉਂਦਾ ਨਜ਼ਰ ਨਹੀਂ ਆਉਂਦਾ ਦਿਸਦਾ ਸੀ।

ਫ਼ੈਰ! ਉਹ ਅਖੀਰ ਉਹਨਾਂ ਨੂੰ ਬੁਸ਼ਕਾਰਨ ਵਿਚ ਸਫ਼ਲ ਹੋ ਗਏ।

ਪਰ ਕੁਲਵਿੰਦਰ ਇਕੋ ਹੀ ਰਟ ਲਾਈ ਜਾ ਰਹੀ ਸੀ।

-"ਮੈਂ ਵਸਣੈਂ ਤਾਂ ਬਿੱਲੂ ਦੇ ਈ ਵਸਣੈਂ-ਨਹੀਂ ਕੁਛ ਖਾ ਕੇ ਮਰ ਜਾਣੈਂ!"

-"ਕਾਹਨੂੰ ਭਾਈ ਐਮੇਂ, ਹੈਂ! ਕੀ ਸਹੁਰੀਏ ਤੋਏ ਤੋਏ ਕਰਵਾਈ ਐ?" ਭੂੰਡ ਮੌਕਾ ਸਾਂਭਣ ਦਾ ਯਤਨ ਕਰ ਰਿਹਾ ਸੀ। ਪਰ ਗੱਲ ਪਾਣੀ ਵਾਂਗ ਉਸ ਦੇ ਬੁੱਕ ਵਿਚੋਂ ਨਿਕਲ ਜਾਂਦੀ ਸੀ।

-"ਤੂੰ ਚੁੱਪ ਕਰ ਵੇ! ਕੀ ਮੱਤਾਂ ਦੇਣ ਲੱਗਿਐ-ਭੈੜ੍ਹੀ ਜੀ ਦਾਹੜੀ ਆਲਾ।" ਉਹ ਭੂੰਡ ਨੂੰ ਚਾਰੇ ਚੁੱਕ ਕੇ ਪਈ।

ਸਮੇਂ ਦੀ ਨਬਜ਼ ਤਾੜਦਾ ਭੂੰਡ ਚੁੱਪ ਜਿਹੀ ਵੱਟ ਗਿਆ। ਬਹੁਤ ਹੀ ਜਿਆਦਾ ਨਾਜ਼ਕ ਸਮਾਂ ਜਿਵੇਂ ਉਸ ਨੂੰ ਘੂਰ ਕੇ ਡਰਾ ਰਿਹਾ ਸੀ। ਜਿਸ ਦੀਆਂ ਘੁਰਕੀਆਂ ਸੁਣਦਾ ਉਹ ਚੁੱਪ ਸੀ।

ਉਹਨਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਪਲੋਸ ਕੇ ਕੁਲਵਿੰਦਰ ਨੂੰ ਜੀਪ ਵਿਚ ਬਿਠਾ ਲਿਆ।

ਘੂਰੀਆਂ ਵੱਟਦੀ ਜੀਪ ਸਿੱਧੀ ਸਲੋਟ ਹੀ ਕਰਮੇਂ ਕਾ ਦਰਵਾਜਾ ਪਾਰ ਕਰਦੀ ਹੋਈ ਵਿਹੜੇ ਅੰਦਰ ਜਾ ਖੜ੍ਹੀ। ਤੇਜ਼ੀ ਨਾਲ ਅੰਦਰ ਵੜੀ ਜੀਪ ਨੇ ਜਿਵੇਂ ਗੁਆਂਢੀਆਂ ਨੂੰ ਵੀ ਨਜ਼ਰ ਮਾਰਨ ਦਾ ਮੌਕਾ ਨਹੀਂ ਦਿੱਤਾ ਸੀ।

ਦਿਲੋਂ ਦੁਖੀ ਹੋਈ ਹਰ ਕੌਰ ਨੇ ਨੂੰਹ ਦਾ ਸਿਰ ਪਲੋਸਿਆ। ਕੁੜੀਆਂ ਮਾਂ ਦੀਆਂ ਲੱਤਾਂ ਨੂੰ ਚਿੰਬੜ ਗਈਆਂ। ਪਰ ਨਿਰਮੋਹ ਹੋਈ ਕੁਲਵਿੰਦਰ ਨੇ ਉਹਨਾਂ ਵੱਲ ਅੱਖ ਵੀ ਨਾ ਪੱਟੀ। ਉਹ ਮਨ ਮਸਤ, ਇਸ਼ਕ ਵਿਚ ਅੰਨ੍ਹੀ ਹੋਈ ਫਿਰਦੀ ਸੀ।

ਕਰਮੇਂ ਨੇ ਸੁਨੇਹਾਂ ਭੇਜ ਕੇ ਆਪਣੇ ਸਾਲੇ ਅਤੇ ਸਾਲੇ ਦੇ ਸਹੁਰੇ ਨੂੰ ਬੁਲਾ ਲਿਆ। ਉਹ ਬੜੇ ਹੈਰਾਨ ਅਤੇ ਦੁਖੀ ਜਿਹੇ ਹੋ ਕੇ ਪੇਸ਼ ਹੋਏ ਸਨ। ਬਿੱਲੂ ਆਪਣੇ ਬਾਪ ਅਤੇ ਭਣੋਈਏ ਤੋਂ ਡਰਦਾ ਕੂੰਗੜਿਆ ਜਿਹਾ ਬੈਠਾ ਸੀ।

-"ਮੇਰਿਆ ਸਾਲਿਆ ਜੇ ਗੂੰਹ ਈ ਖਾਣਾ ਸੀ ਤਾਂ ਘਰੇ ਕਿਉਂ ਖਾਧਾ? ਕਿਤੇ ਹੋਰ ਮਰ ਲੈਂਦਾ!" ਬਿੱਲੂ ਦਾ ਭਣੋਈਆ ਮੁੱਠੀਆਂ ਮੀਚ ਕੇ ਬਿੱਲੂ ਦੇ ਗਲ 'ਤੇ ਚੜ੍ਹ ਗਿਆ ਲੱਗਦਾ ਸੀ। ਬਿੱਲੂ ਦੀ ਧੌਣ ਕਾਲਰਾਂ ਵਿਚ ਨੂੰ ਵੜ ਗਈ ਸੀ। ਉਹ ਖੱਸੀ ਕੀਤੇ ਬਲਦ ਵਾਂਗ ਓਪਰਾ-ਓਪਰਾ ਝਾਕ ਰਿਹਾ ਸੀ।

-"ਹੁਣ ਮਨੂੰਆਂ ਬਣਿਆਂ ਬੈਠੈਂ? ਦੇਹ ਜਵਾਬ ਖਸਮ ਨੂੰ ਗੰਦੀਏ ਅਲਾਦੇ---!" ਬਿੱਲੂ ਦੇ ਬਾਪੂ ਨੇ ਧੌੜੀ ਦੀ ਜੁੱਤੀ ਲਾਹ ਕੇ ਉਸ ਵੱਲ ਨੂੰ ਚਲਾਵੀਂ ਵਗ੍ਹਾਈ। ਜੋ ਬਿੱਲੂ ਦੇ ਮੋਢੇ 'ਤੇ ਵੱਜ ਕੇ ਥੱਲੇ ਡਿੱਗ ਪਈ। ਜੁੱਤੀ ਜਿਵੇਂ ਬਿੱਲੂ ਦੇ ਨਹੀਂ, ਕਿਸੇ ਪੱਥਰ ਦੇ ਵੱਜੀ ਸੀ। ਭੋਰਾ ਖੜਕਾ ਨਹੀਂ ਹੋਇਆ ਸੀ!

ਬਿੱਲੂ ਚੁੱਪ-ਚਾਪ ਬੈਠਾ ਧਰਤੀ ਖੁਰਚ ਰਿਹਾ ਸੀ।

-''ਮੈਂ ਤਾਂ ਹੁਣ ਥੋਡੀ ਵੀ ਛੱਡ ਦੇਣੀਂ ਐਂ!'' ਅਚਾਨਕ ਬਿੱਲੂ ਦੇ ਭਣੋਈਏ ਨੇ ਇੱਟ ਥੱਲਿਓਂ ਸੱਪ ਕੱਢ ਦਿਖਾਇਆ ਸੀ।

-''ਸ਼ੇਰਾ ਸਾਡਾ ਕੀ ਕਸੂਰ ਐ?'' ਗੱਲ ਬਿੱਲੂ ਦੇ ਬਾਪੂ ਦੇ ਕਪਾਲ ਵਿਚ ਟਕੂਏ ਵਾਂਗ ਵੱਜੀ ਸੀ। ਜਿਸ ਕਾਰਨ ਉਹ ਤੜਪ ਉਠਿਆ।

-''ਥੋਡਾ ਅਜੇ ਕਸੂਰ ਈ ਕੋਈ ਨ੍ਹੀ? ਸਾਰੇ 'ਲਾਕੇ 'ਚ ਸਾਡੀ ਮਿੱਟੀ ਪੁਲੀਤ ਕਰਕੇ ਧਰਤੀ! ਅਜੇ ਕੋਈ ਕਸੂਰ ਈ ਨ੍ਹੀ?''

-''ਪ੍ਰਾਹੁਉਣਿਆਂ! ਜੇ ਅਲਾਦ ਈ ਗੰਦੀ ਨਿਕਲ ਜੇ-ਫੇਰ ਦੱਸ ਮਾਂ ਪਿਉ ਕੀ ਕਰਨ?'' ਉਹ ਦੁਬਿਧਾ ਵਿਚ ਫ਼ਸਿਆ ਬੈਠਾ ਸੀ। ਚਾਣਚੱਕ ਹੋਈ ਗੱਲ ਨੇ ਉਸ ਦੀਆਂ ਸੱਤੇ ਹੀ ਮਾਰ ਘੱਤੀਆਂ ਸਨ।

-''ਐਦੂੰ ਤਾਂ ਸ਼ੇਰਾ ਤੂੰ ਮੇਰੇ ਗੋਲੀ ਮਾਰ ਦਿੰਦਾ!'' ਬਜ਼ੁਰਗ ਦਾ ਤਰਲਾ ਸਭ ਦੇ ਦਿਲ-ਦਿਮਾਗ ਮੱਲ ਕੇ ਬੈਠ ਗਿਆ। ਉਸ ਦੀ ਇੱਕ ਵਾਰ ਹੀ ਭੁੱਬ ਨਿਕਲੀ ਸੀ।

-''ਨਹੀਂ ਲਿਆਓ ਮੈਂ ਸਾਲੇ ਦੇ ਗੋਲੀ ਮਾਰਦੈਂ!'' ਰੋਂਦਾ ਬਜ਼ੁਰਗ ਇਕ ਦਮ ਗੁੱਸੇ ਨਾਲ ਪਾਗਲ ਹੋ ਉਠਿਆ ਸੀ।

-''ਘਾਬਰੋ ਨਾ-ਹੈਂ ਬਈ! ਠੰਢੇ ਮਤੇ ਤੋਂ ਕੰਮ ਲਓ।'' ਇੰਦਰ ਨੇ ਬਜ਼ੁਰਗ ਨੂੰ ਫੜ ਲਿਆ ਕੇ ਬਿਠਾ ਲਿਆ। ਬਿੱਲੂ ''ਮੁਤਰ-ਮੁਤਰ'' ਹੁੰਦੇ ਡਰਾਮੇਂ ਵੱਲ ਤੱਕ ਰਿਹਾ ਸੀ।

ਜਿੰਨੀ ਜਲਦੀ ਲਾਂਬੂ ਉਠਿਆ ਸੀ। ਸਿਆਣਪ ਨਾਲ ਉਤਨੀ ਜਲਦੀ ਹੀ ਠੰਢਾ ਕਰ ਲਿਆ ਗਿਆ ਸੀ। ਕਾਮਰੇਡਾਂ ਦੀਆਂ ''ਪੋਚੇਮਾਰ'' ਗੱਲਾਂ ਹਰ ਇਕ ਦੇ ਸੀਨੇਂ ਠੰਢ ਪਾ ਗਈਆਂ ਸਨ। ਬਿੱਲੂ ਨੂੰ ਗਿੱਦੜ ਭਬਕੀਆਂ ਦਾ ਚੋਗਾ ਪਾ ਕੇ ਡਰਾ ਲਿਆ ਸੀ।

ਹਰ ਕੌਰ ਨੇ ਨੂੰਹ ਨੂੰ ਬੜੇ ਪਿਆਰ ਨਾਲ ਸਮਝਾਇਆ।

-''ਉਸ ਗੱਲ ਦੇ ਆਖਣ ਮਾਂਗੂੰ ਧੀਏ-ਜਿਹੜੀ ਖੇਹ ਖਾਣੀ ਸੀ-ਓਹ ਜਾਣੇਂ ਖਾ ਲਈ-ਹੁਣ ਸਿਆਣਿਆਂ ਦੇ ਆਖਣ ਮਾਂਗੂੰ ਸਿਆਣੀ ਬਣ! ਫੇਰ ਵੀ ਧੀਆਂ ਦੀ ਮਾਂ ਐਂ! ਜੁਆਨੀ 'ਚ ਕੀਤੀਆਂ ਗਲਤੀਆਂ ਕਬੀਲਦਾਰੀ ਕਿਉਂਟਣ ਵੇਲੇ ਕੁੰਡਲੇ ਸੱਪ ਬਣ-ਬਣ ਮੂਹਰੇ ਡਿੱਗਦੀਐਂ! ਸਿਆਣੇ ਕਹਿੰਦੇ ਐ ਝੱਗਾ ਚੱਕੀਏ ਤਾਂ ਆਬਦਾ ਢਿੱਡ ਈ ਨੰਗਾ ਹੁੰਦੈ-

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਛ ਨ੍ਹੀ ਵਿਗੜਿਆ-ਸਿਆਣੀ ਬਣ! ਖਾ ਪੀ ਐਸ਼ ਕਰ-ਜੁਆਕ ਪਾਲ-ਸਾਡਾ ਬੁੜ੍ਹੇਪਾ ਵੀ ਕਾਹਨੂੰ ਰੋਲਦੀ ਐਂ?" ਹਰ ਕੌਰ ਨੇ ਕੁਲਵਿੰਦਰ ਅੱਗੇ ਇਕ ਤਰ੍ਹਾਂ ਨਾਲ ਹੱਥ ਜੋੜੇ ਸਨ।

-"ਆਬਦੀ ਇੱਜਤ ਪੁੱਤ ਆਬਦੇ ਹੱਥ ਹੁੰਦੀ ਐ-ਕਾਹਨੂੰ ਕੁਤੇ-ਕੁਤੇ ਕਰਵਾਉਨੀ ਐਂ?"

ਪਰ ਕੁਲਵਿੰਦਰ ਕਿਸੇ ਥੰਮ੍ਹ ਵਾਂਗ ਬੈਠੀ ਸੁਣ ਰਹੀ ਸੀ। ਇਹਨਾਂ ਗੱਲਾਂ ਦਾ ਉਸ 'ਤੇ ਕੋਈ ਅਸਰ ਸੀ ਜਾਂ ਨਹੀਂ? ਸ਼ਾਇਦ ਉਹਨਾਂ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਸੀ! ਹਰ ਕੌਰ ਦੀਆਂ ਦਿੱਤੀਆਂ ਮੱਤਾਂ ਪਤਾ ਨਹੀਂ ਕਿਸ ਖੱਲ ਖੂੰਜੇ ਵਿਚ ਵੜ ਗਈਆਂ ਸਨ? ਮਾਂ ਦੀ ਧੀ ਨੇ "ਹੂੰ" ਤੱਕ ਵੀ ਨਾ ਕਿਹਾ!

ਕੁਲਵਿੰਦਰ ਗੁੰਮ ਸੁੰਮ ਜਿਹੀ ਰਹਿੰਦੀ। ਕਿਸੇ ਨਾਲ ਗੱਲ ਨਾ ਕਰਦੀ। ਬੱਸ! ਚੁੱਪ ਚਾਪ ਆਪਣਾ ਸਰਦਾ ਬਰਦਾ, ਚੱਕਣ ਧਰਨ ਕਰ ਛੱਡਦੀ। ਉਸ ਨੂੰ ਕੋਈ ਕੰਮ ਨੂੰ ਨਾ ਕਹਿੰਦਾ, ਕੋਈ ਘੂਰਦਾ ਨਹੀਂ ਸੀ। ਕੋਈ ਬੁਲਾਉਂਦਾ ਨਹੀਂ ਸੀ। ਘਰ ਦੀ ਹਾਲਤ ਬਹੁਤ ਨਾਜ਼ੁਕ ਦਾਇਰੇ ਵਿਚ ਪਹੁੰਚੀ ਹੋਈ ਸੀ। ਮਾਹੌਲ ਬਹੁਤ ਹੀ ਗੰਭੀਰ ਰਹਿਣ ਲੱਗ ਪਿਆ ਸੀ। ਘਰ ਵਿਚ ਉੱਲੂ ਬੋਲਦੇ ਸੁਣਾਈ ਦਿੰਦੇ ਸਨ। ਹਰ ਇਕ ਦੇ ਮੂੰਹ 'ਤੇ ਮਾਯੂਸੀ, ਕਸੀਸ, ਚੁੱਪ ਅਤੇ ਗੰਭੀਰਤਾ ਸੀ। ਘਰ ਵਿਚ ਬੱਚੀਆਂ ਵੀ ਪਾਗਲਾਂ ਵਾਂਗ ਓਪਰੀਆਂ-ਓਪਰੀਆਂ ਤੱਕਦੀਆਂ ਰਹਿੰਦੀਆਂ। ਜੋ ਕੁਝ ਉਹਨਾਂ ਨੂੰ ਖਾਣ ਨੂੰ ਮਿਲ ਜਾਂਦਾ, ਖਾ ਲੈਂਦੀਆਂ ਸਨ, ਪਰ ਮੂੰਹੋਂ ਉਹਨਾਂ ਦਰਵੇਸ਼ਾਂ ਨੇ ਕਦੇ ਕੁਝ ਨਹੀਂ ਮੰਗਿਆ ਸੀ। ਬੱਸ ਛੋਟੀ ਬੱਚੀ ਹੀ ਕਦੇ ਕਦੇ ਰੋਂਦੀ। ਜਿਸ ਨੂੰ ਕੁਲਵਿੰਦਰ ਅਣ-ਸਰਦੇ ਨੂੰ ਦੁੱਧ ਪਿਆ ਛੱਡਦੀ ਸੀ। ਹੁਣ ਤਾਂ ਛੋਟੀ ਬੱਚੀ ਵੀ ਘੱਟ ਰੋਣ ਲੱਗ ਪਈ ਸੀ, ਜਿਵੇਂ ਉਸ ਮਾਸੂਮ ਨੇ ਵੀ ਹਾਲਾਤਾਂ ਨਾਲ ਸਮਝੌਤਾ ਕਰ ਲਿਆ ਸੀ। ਉਹ ਚੁੱਪ ਚਾਪ ਪੰਘੂੜ੍ਹੇ ਵਿਚ ਪਈ, ਛੱਤ ਵੱਲ ਤੱਕਦੀ ਰਹਿੰਦੀ, ਜਾਂ ਮਾੜਾ ਮੋਟਾ ਰੋ ਕੇ ਚੁੱਪ ਕਰ ਜਾਂਦੀ।

ਅਚਾਨਕ ਇਕ ਦਿਨ ਕੁਲਵਿੰਦਰ ਨੂੰ ਦੌਰਾ ਜਿਹਾ ਪਿਆ। ਉਸ ਨੇ ਅਚਾਨਕ ਹੀ ਆਪਣੀ ਗੋਦੀ ਵਾਲੀ ਕੁੜੀ ਨੂੰ ਚਲਾ ਕੇ ਮਾਰਿਆ ਸੀ। ਫਿਰ ਉਹ ਕੰਧਾਂ ਨਾਲ ਖੜ੍ਹੇ ਕੀਤੇ ਹੋਏ ਮੰਜਿਆਂ ਨੂੰ ਫੜ ਫੜ ਕੇ ਸੁੱਟਣ ਲੱਗ ਪਈ। ਪਤਾ ਨਹੀਂ ਉਸ ਨੂੰ ਕੀ ਬਦੀ ਉਠ ਖੜ੍ਹੀ ਸੀ? ਉਸ ਨੇ ਅਚਾਨਕ ਹਰ ਕੌਰ ਵੱਲ ਭੂਕਣਾਂ ਚਲਾਵਾਂ ਮਾਰਿਆ। ਪਰ ਚੰਗੀ ਕਿਸਮਤ ਨਾਲ ਹਰ ਕੌਰ ਵਾਲ ਵਾਲ ਬਚ ਗਈ ਸੀ। ਕੁਲਵਿੰਦਰ ਦੀਆਂ ਅੱਖਾਂ ਵਿਚ ਕਹਿਰ ਅਤੇ ਮੂੰਹ ਲਾਲ ਝਰੰਗ ਸੀ। ਉਹ ਓਪਰਿਆਂ ਵਾਂਗ ਝਾਕ ਰਹੀ ਸੀ। ਫਿਰ ਉਹ ਇਕ ਦਮ ਹਫ਼ ਕੇ ਡਿੱਗ ਪਈ। ਸ਼ਾਇਦ ਦੰਦਲ ਪੈ ਗਈ ਸੀ?

ਹਰ ਕੌਰ ਨੇ ਪੂਰਾ ਜੋਰ ਲਾ ਕੇ ਰੌਲਾ ਪਾਇਆ।

ਆਂਢ-ਗੁਆਂਢ ਇਕੱਠਾ ਹੋ ਗਿਆ।

ਡਾਕਟਰ ਬੁਲਾਇਆ ਗਿਆ। ਡਾਕਟਰ ਨੇ ਆਪਣੇ ਵੱਲੋਂ ਪੂਰਾ ਜ਼ੋਰ ਲਾਇਆ। ਪਰ ਕਹਾਣੀ ਸੈੱਟ ਨਾ ਬੈਠ ਸਕੀ। ਉਸ ਦੇ ਟੀਕਿਆਂ ਦਾ ਕੁਲਵਿੰਦਰ 'ਤੇ ਕੋਈ ਅਸਰ ਨਹੀਂ ਹੋਇਆ ਸੀ। ਕੈਪਸੂਲ ਜਾਂ ਗੋਲੀ ਲੈਣ ਵਾਲੀ ਉਸ ਦੀ ਹਾਲਤ ਨਹੀਂ ਸੀ।

ਡਾਕਟਰ ਦਿਨ ਵਿਚ ਕਈ ਵਾਰ ਆਉਂਦਾ। ਪਰ ਉਸ ਦੇ ਕੱਖ ਵੀ ਪੱਲੇ ਨਹੀਂ ਪੈਂਦਾ ਸੀ। ਸਾਰੀਆਂ ਜਾਇਜ਼ ਦੁਆਈਆਂ ਵਰਤ ਕੇ ਉਸ ਨੇ ਦੇਖ ਲਈਆਂ ਸਨ। ਪਰ ਗੱਲ ਕਿਸੇ ਸਿਰੇ ਨਾ ਲੱਗੀ। ਅਖੀਰ ਡਾਕਟਰ ਸਿਰ ਫੇਰ ਗਿਆ।

-"ਸਿਆਣੇ ਕਹਿੰਦੇ ਐ-ਕਦੇ ਕਦੇ ਕੰਧਾਂ ਦੀ ਰਾਇ ਲੈਣੀ ਵੀ ਫ਼ਾਇਦੇ 'ਚ ਰਹਿੰਦੀ ਐ!" ਹਰ ਕੌਰ ਨੇ ਸੋਚਿਆ।

-"ਅੰਮਾਂ ਜੀ ਕੀ ਕਰੀਏ? ਕੁਛ ਸਮਝ ਨ੍ਹੀ ਆਉਂਦੀ!" ਥੱਕ ਹਾਰ ਕੇ ਹਰ ਕੌਰ ਨੇ ਬਿਰਧ ਔਰਤ ਨੂੰ ਪੁੱਛਿਆ। ਉਹ ਖਲਾਅ ਵਿਚ ਫੋਕਾ ਫੋਕਾ ਝਾਕ ਰਹੀ ਸੀ।

-"ਨੀ ਹਰ ਕੁਰੇ! ਮੈਂ ਤਾਂ ਡਰਦੀ ਨੀ ਸੀ ਬੋਲਦੀ।" ਉਸ ਨੇ ਨੱਕ ਦੀ ਘੋੜ੍ਹੀ 'ਤੇ ਆਈ ਗਾਂਧੀ ਐਨਕ ਠੀਕ ਕੀਤੀ।

-"ਭੈਣੇ ਕੋਮਨਿਛਟਾਂ ਤੋਂ ਵੀ ਡਰ ਲੱਗਦੈ-ਸੱਚੀ ਗੱਲ ਐ ਭਾਈ! ਇਹ ਤਾਂ ਐਹੋ ਜੀਆਂ ਚੀਜਾਂ ਨੂੰ ਮੰਨਦੇ ਨ੍ਹੀ-ਪਰ ਮੈਨੂੰ ਪੱਕਾ ਪਤੈ ਬਈ ਬਹੂ ਨੂੰ ਲਾਜਮੀਂ ਓਪਰੀ ਕਸਰ ਐ-ਨਾਲੇ ਭੈਣੇਂ ਜਿੰਨ ਭੂਤ ਤਾਂ ਸੋਹਣੀਆਂ ਸੂਰਤਾਂ ਮਗਰ ਵਿਗੜੇ ਹਾਥੀ ਮਾਂਗੂੰ ਪੈਂਦੇ ਐ!"

ਹਰ ਕੌਰ ਦੇ ਗੋਡੇ ਕੰਬੇ। ਉਸ ਨੇ ਵੱਡਾ ਸਾਰਾ "ਹੇ ਬਾਘਰੂ" ਕਿਹਾ।

-"ਅਜੇ ਤਾਂ ਗੱਲ ਸ਼ੁਰੂ ਈ ਹੋਈ ਐ-ਕੋਈ ਚਾਰਾ ਕਰਲੈ! ਜੇ ਕੋਈ ਪ੍ਰੇਤ ਹੱਥ ਧੋ ਕੇ ਮਗਰ ਪੈ ਗਿਆ-ਕੋੜਮਾਂ ਤਬਾਹ ਕਰਦੂ!" ਤਾਣੀ ਬੁਣਨ ਵਾਲਿਆਂ ਵਾਂਗ ਬਿਰਧ ਬੁੜ੍ਹੀ ਹਰ ਕੌਰ ਦੇ ਦਿਮਾਗ ਅੰਦਰ ਗੱਲਾਂ ਪਰੋ ਰਹੀ ਸੀ।

ਹਰ ਕੌਰ ਦਾ ਮੱਥਾ ਪਸੀਨੇ ਨਾਲ ਭਿੱਜ ਗਿਆ। ਉਸ ਨੂੰ ਆਪਣਾ ਸਰੀਰ ਭੂਠਾ ਜਿਹਾ ਹੋਇਆ ਜਾਪਦਾ ਸੀ। ਉਹ ਛੱਤ ਹੇਠੋਂ ਟੁੱਟੇ ਸ਼ਤੀਰ ਵਾਂਗ ਡਿੱਗਦੀ ਜਾਪਦੀ ਸੀ। ਦਿਮਾਗ ਸੁੰਨ ਅਤੇ ਕੰਨ "ਟੀਂ-ਟੀਂ" ਕਰ ਰਹੇ ਸਨ।

-"ਕੋਈ 'ਲਾਜ ਅੰਮਾਂ ਜੀ?" ਉਸ ਨੇ ਪਿੰਜਰੇ ਵਿਚ ਤਾੜੇ ਪੰਛੀ ਵਾਂਗ ਬਹਾਲੀ ਲਈ ਫਰ ਜਿਹੇ ਮਾਰੇ ਸਨ।

-"ਆਪਣੇ ਗੁਰਦੁਆਰੇ ਜਿਹੜਾ ਗਰੰਥੀ ਐ-ਉਹਨੂੰ ਲੈ ਆਓ! ਉਹਨੇ ਰਾਜੋ ਕੀ ਧੀ ਨੌਂ-ਬਰ-ਨੌਂ ਕਰਤੀ ਸੀ-ਨਾਲੇ ਬਾਹਲਾ ਈ ਬੁਰਾ ਹਾਲ ਸੀ-ਆਪਣੀ ਬਹੂ ਤਾਂ ਅਜੇ ਠੀਕ ਐ।" ਉਸ ਨੇ

ਉਦਾਹਰਣ ਦੇ ਕੇ ਗੱਲ ਨੂੰ ਰੰਗ ਚਾੜ੍ਹਿਆ ਸੀ। ਲਗਾਤਾਰ ਬੋਲਦੀ ਉਹ ਮੁੜ੍ਹਕੋ-ਮੁੜ੍ਹਕੀ ਹੋ ਗਈ ਸੀ।

ਸਵਰਨੇ ਨੂੰ ਗੁਰਦੁਆਰੇ ਦੇ ਗਰੰਥੀ ਗੁਰਦਿਆਲ ਸਿੰਘ ਕੋਲ ਭੇਜ ਦਿੱਤਾ।

ਗੁਰਦਿਆਲ ਸਿੰਘ ਬ੍ਰਾਹਮਣ ਜ਼ਾਤੀ ਨਾਲ ਸਬੰਧ ਰੱਖਦਾ ਸੀ। ਗੁਰਦੁਆਰੇ ਪਾਠ ਪੂਜਾ ਕਰਨ ਦੇ ਨਾਲ-ਨਾਲ ਉਹ ਧਾਗੇ ਤਵੀਤ ਦਾ ਕੰਮ ਵੀ ਕਰ ਲੈਂਦਾ ਸੀ।

ਗਰੰਥੀ ਗੁਰਦਿਆਲ ਸਿੰਘ ਪਹੁੰਚ ਗਿਆ।

ਉਸ ਦੀ ਅੱਧਬੱਗੀ ਦਾਹੜੀ ਹਵਾ ਵਿਚ ਲਹਿਰਾ ਰਹੀ ਸੀ। ਚਿੱਟੇ ਦੁੱਧ ਬਾਣੇਂ ਵਿਚ ਉਹ ਪਰਨ ਗੁਰਸਿੱਖ ਜਾਪ ਰਿਹਾ ਸੀ।

-''ਰੇਤੇ ਨਾਲ ਮਾਂਜ ਸੁਆਰ ਕੇ ਇੱਕ ਪਾਣੀ ਦੀ ਗੜਬੀ ਤੇ ਚੱਪਣ 'ਤੇ ਅੱਗ ਪਾ ਕੇ ਲਿਆਓ ਭਾਈ-ਨਾਲੇ ਥੋੜੀ ਜੀ ਗੁੱਗਲ ਵੀ ਲੈ ਆਇਓ।'' ਉਸ ਨੇ ਮਾਲਾ ਫੇਰਦੇ ਨੇ ਕਈ ਹੁਕਮ ਸੁਣਾਏ।

ਲੋੜੀਂਦਾ ਸਮਾਨ ਹੁਕਮ ਅਨੁਸਾਰ ਹਾਜ਼ਰ ਹੋ ਗਿਆ।

ਗਰੰਥੀ ਸਾਹਿਬਾਨ ਅਜੇ ਚੱਪਣ ਵਾਲੀ ਅੱਗ 'ਤੇ ਗੁੱਗਲ ਪਾ ਕੇ ਕੁਲਵਿੰਦਰ ਦੇ ਦੁਆਲੇ ਬੈਠਣ ਹੀ ਲੱਗੇ ਸਨ ਕਿ ਕੁਲਵਿੰਦਰ ਦਾ ''ਠਾਹ'' ਕਰਦਾ ਥੱਪੜ ਗਰੰਥੀ ਦੇ ਮੂੰਹ 'ਤੇ ਆ ਪਿਆ। ਉਸ ਦੀ ਲੋਟਣੀ ਲੱਗ ਗਈ। ਚਿੱਤੜਾਂ ਪਰਨੇ ਪਿਆ ਗੁਰਦਿਆਲ ਸਿੰਘ ''ਘੁੱਟਾਂਬਾਟੀ'' ਝਾਕ ਰਿਹਾ ਸੀ। ਉਸ ਨੂੰ ਇੰਜ ਮਹਿਸੂਸ ਹੋਇਆ ਕਿ ਜਿਵੇਂ ਉਸ ਦੀਆਂ ਜਾਭਾਂ ਦਾ ''ਜੜਾਕਾ'' ਪਿਆ ਸੀ। ਧਰਤੀ 'ਤੇ ਪਏ ਗਰੰਥੀ ਨੂੰ ''ਭੰਬੂਤਾਰੇ'' ਨਜ਼ਰ ਆ ਰਹੇ ਸਨ।

-''ਬਾਘਰੂ-ਬਾਘਰੂ---!''

-''ਬੂਹ ਮੈਂ ਮਰਗੀ---!''

-''ਇਹ ਤਾਂ ਭਾਈ ਕੋਈ ਬਾਹਲੀ ਖਤਰਨਾਕ ਚੀਜ ਐ---!''

-''ਬਾਬੇ ਨੂੰ ਨ੍ਹੀ ਬਖਸ਼ਿਆ---!''

ਇਕ ਦਮ ਬੁੜ੍ਹੀਆਂ ਦੀਆਂ ਰੰਗ-ਬੇਰੰਗੀਆਂ ਅਵਾਜ਼ਾਂ ਬਾਬੇ ਦੇ ਕੰਨਾਂ ਵਿਚ ਕੂਕੀਆਂ। ਬਾਬਾ ਅੰਦਰੋਂ ਥਿੜਕ ਗਿਆ ਸੀ। ਚੱਪਣ ਵਿਚੋਂ ਦੂਰ ਡਿੱਗੀ ਅੱਗ ਵਿਚੋਂ ਗੁੱਗਲ ਦਾ ਧੂੰਆਂ ਉਠ ਰਿਹਾ ਸੀ।

ਕਣਕ ਖਾ ਕੇ ਆਫ਼ਰੇ ਹੋਏ ਕੱਟੇ ਵਾਂਗ ਬਾਬਾ ਧਰਤੀ 'ਤੇ ਪਿਆ ਹੀ ਧੁਰਲੀਆਂ ਜਿਹੀਆਂ ਮਾਰੀ ਜਾਂਦਾ ਸੀ। ਕਈ ਬੁੜ੍ਹੀਆਂ ਨੇ ਬਾਬੇ ਨੂੰ ਹੋੜਾ ਜਿਹਾ ਪਾ ਕੇ ਖੜ੍ਹਾ ਕੀਤਾ ਸੀ। ਜਿਵੇਂ ਮੌਲੇ ਬਲਦ ਨੂੰ

ਪੂਛੋਂ ਫੜ ਕੇ ਉਠਾਈਦੈ! ਪਲਾਹ ਦੇ ਮੁੱਛ ਵਰਗਾ ਬਾਬਾ ਮਸਾਂ ਹੀ ਧਰਤੀ ਤੋਂ ਉਠ ਕੇ ਸੰਭਲਿਆ। ਉਸ ਦੀਆਂ ਮੂੰਗਲੇ ਵਰਗੀਆਂ ਲੱਤਾਂ "ਥਰ-ਥਰ" ਕੰਬ ਰਹੀਆਂ ਸਨ। ਅੰਦਰੋਂ ਪਰਾਲ੍ਹ ਹੋਇਆ ਬਾਬਾ ਬਾਹਰੋਂ "ਵਾਹਿਗੁਰੂ-ਵਾਹਿਗੁਰੂ" ਜਪ ਰਿਹਾ ਸੀ। ਦਿਲ ਵਿਚ ਉਸ ਨੇ ਰੱਬ ਦਾ ਲੱਖ-ਲੱਖ ਸ਼ੁਕਰ ਮਨਾਇਆ ਸੀ, ਜਿਸ ਨੇ ਉਸ ਦੀ ਜਾਨ ਬਖ਼ਸ਼ੀ ਸੀ। ਉਹ ਸਕੂਟਰ ਤੋਂ ਡਰੀ ਵੱਛੀ ਵਾਂਗ ਡਰਿਆ ਜਿਹਾ ਤੱਕ ਰਿਹਾ ਸੀ। ਮਤਾਂ ਕੁਲਵਿੰਦਰ ਵਾੜ ਦਾ ਝਾੜ਼ਾ ਉਸ ਨੂੰ ਫਿਰ ਨਾ ਚਿੰਬੜ ਜਾਵੇ?

-"ਇਹ ਭਾਈ ਰੋਗ ਮੇਰੇ ਵੱਸ ਦਾ ਨਹੀਂ-ਇਹਨੂੰ ਕਿਸੇ ਚੰਗੇ ਸਾਧ ਸੰਤ ਨੂੰ ਦਿਖਾਓ-ਹੋਰ ਸਹੁਰੀ ਕਿਸੇ ਦੀ ਜਾਹ ਜਾਂਦੀ ਕਰੂਗੀ।" ਚੱਕਵੇਂ ਪੈਰੀਂ ਜਾਂਦਾ ਉਹ ਤੇਜ਼ੀ ਨਾਲ ਆਖ ਰਿਹਾ ਸੀ। ਮਿੱਟੀ ਗਾਰੇ ਨਾਲ ਲਿੱਬੜੇ ਚੋਲੇ ਵਿਚ ਉਹ ਦੁਸਿਹਰੇ 'ਤੇ ਜਲਾਏ ਰਾਵਣ ਵਰਗਾ ਲੱਗਦਾ ਸੀ।

ਬੁੜ੍ਹੀਆਂ ਹੈਰਾਨ, ਸਤੰਭ ਅਤੇ ਡਰੀਆਂ ਹੋਈਆਂ ਇਕ ਦੂਜੀ ਵੱਲ ਝਾਕ ਰਹੀਆਂ ਸਨ। ਪਰ ਕੁਲਵਿੰਦਰ ਦਾ ਮੰਜੇ 'ਤੇ ਪਈ ਦਾ ਢਿੱਡ ਹੱਸੀ ਜਾ ਰਿਹਾ ਸੀ। ਉਹ ਆਪਣੀ ਹੋਈ ਜਿੱਤ 'ਤੇ ਮਨੋਂ ਖੁਸ਼ ਸੀ। ਉਸ ਨੂੰ ਆਪਣਾ ਤੀਰ ਸਿੱਧਾ ਨਿਸ਼ਾਨੇਂ 'ਤੇ ਵੱਜਿਆ ਜਾਪਿਆ ਸੀ। ਇਕ ਹਿੰਡ ਪੁਗਾਉਣ ਖਾਤਰ ਪਤਾ ਨਹੀਂ ਕੀ-ਕੀ ਪਾਪੜ ਵੇਲਣੇ ਪੈਂਦੇ ਹਨ? ਅੱਖਾਂ ਮੀਚੀ ਪਈ ਉਹ ਸੋਚ ਰਹੀ ਸੀ ਅਤੇ ਉਸ ਨੂੰ ਅੰਦਰੋਂ ਹਾਸਾ ਆ ਰਿਹਾ ਸੀ।

-"ਮਰਨੀਂ ਮਰ ਜਾਊਂ-ਪਰ ਕਰਮੇਂ ਦੇ ਨ੍ਹੀ ਵਸਣਾ! ਚਾਹੇ ਕੁਛ ਹੋਜੇ! ਵਸੂੰ ਤਾਂ ਬਿੱਲੂ ਦੇ ਈ ਵਸੂੰ!" ਮੰਜੇ 'ਤੇ ਪਈ ਉਹ ਬੜੀ ਸੰਤੁਸ਼ਟੀ ਮਹਿਸੂਸ ਕਰ ਰਹੀ ਸੀ। ਦਿਲੋਂ ਉਹ ਪੂਰੀ ਸ਼ਾਂਤ ਸੀ।

-"ਕੁਲਵਿੰਦਰ! ਤੇਰਾ ਕੀ ਦੁਖਦੈ ਪੁੱਤ? ਚਾਹ ਬਣਾ ਕੇ ਦੇਵਾਂ?" ਹਰ ਕੌਰ ਨੇ ਉਸ ਦਾ ਮੱਥਾ ਪੂੰਝ ਕੇ ਬੜੇ ਪਿਆਰ ਨਾਲ ਪੁੱਛਿਆ। ਪਾਸੇ ਖੜ੍ਹੀ ਬੁੜ੍ਹੀਆਂ ਦੀ ਭੀੜ੍ਹ ਉਸ ਵੱਲ ਚਕਾਚੌਂਧ ਤੱਕ ਰਹੀ ਸੀ।

-"ਮੈਨੂੰ ਚਾਹ ਨਹੀਂ-ਜਹਿਰ ਦੇ ਦਿਓ ਜਹਿਰ!" ਉਹ ਕੜਕੀ।

-"ਮੇਰੀ ਮਰੀ ਦਾ ਤਾਂ ਥੋਨੂੰ ਦੁੱਖ ਨ੍ਹੀ ਹੋਣਾ-ਮੈਂ ਤਾਂ ਤੇਰੀਆਂ ਤਿੰਨੇ ਪੋਤੀਆਂ ਲੈ ਕੇ ਕਿਸੇ ਖੂਹ ਖਾਤੇ ਪਊਂ-ਥੋਡੇ ਪੁੜਿਆਂ ਨੂੰ ਸੇਕ ਤਾਂ ਲੱਗੂ?" ਉਹ ਅਜੀਬ-ਅਜੀਬ ਬਚਨ ਸੁਣਾ ਰਹੀ ਸੀ।

-"ਇਹ ਤਾਂ ਭਾਈ ਬਾਹਲੀ ਬਲੀ ਚੀਜ ਐ---!"

-"ਇਹਦਾ ਬੰਦੋਬਸਤ ਕਰੋ--!"

-"ਐਹੋ ਜੀਆਂ ਚੀਜਾਂ ਤਾਂ ਪੀੜ੍ਹੀਏਂ ਪੈ ਜਾਂਦੀਐਂ-ਖਹਿੜ੍ਹਾ ਨ੍ਹੀ ਛੱਡਦੀਆਂ---!"

-"ਹੇ ਮੇਰਿਆ ਮਾਲਕਾ! ਕਾਹਤੋਂ ਭਲਿਆਂ ਲੋਕਾਂ ਨੂੰ ਐਹੋ ਜੀਆਂ ਤਕਲੀਫਾਂ ਦਿੰਨੈਂ-- ?"

-''ਸੱਚਿਆ ਪਾਛਾਹ ਬਖਸ਼ੀ ਰੱਖੀਂ--!'' ਇਕ ਵਾਰ ਫਿਰ ਕਾਵਾਂ ਰੌਲੀ ਜਿਹੀ ਮੱਚ ਗਈ ਸੀ।

ਸ਼ਿੰਦੇ ਨੂੰ ਖੇਤੋਂ ਬੁਲਾ ਲਿਆ ਗਿਆ।

ਸ਼ਿੰਦਾ ਗਿੱਲ ਹੋਰਾਂ ਵੱਲ ਨੂੰ ਬੱਸ ਚੜ੍ਹ ਗਿਆ। ਸਾਰੀ ਗੱਲ ਜਾ ਕੇ ਦੱਸੀ। ਉਹਨਾਂ ਜੀਪ ਲਈ ਅਤੇ ਚਚਰਾੜੀ ਨੂੰ ਕਾਮਰੇਡ ਭੂੰਡ ਵੱਲ ਨੂੰ ਰਵਾਨਾ ਹੋ ਗਏ। ਅਜਿਹੇ ਗੰਭੀਰ ਸਮੇਂ ਵਿਚ ਉਹਨਾਂ ਲਈ ਭੂੰਡ ਰੱਬ ਬਣ ਕੇ ਬਹੁੜਦਾ ਸੀ। ਸੁਲਝਿਆ ਬੰਦਾ ਬੜੇ ਹੀ ਸਲੀਕੇ ਨਾਲ ਗੱਲਾਂ ਕਰਦਾ ਸੀ।

-''ਭੂਤ ਨੂੰ ਤਾਂ ਤਰਕਸ਼ੀਲ ਈ ਲਾਉਣਗੇ ਖੁਰੀਆਂ।'' ਗੱਲ ਸੁਣਦਿਆਂ ਸਾਰ ਹੀ ਭੂੰਡ ਨੇ ਕਿਹਾ।

ਭੂੰਡ ਨੇ ਕੋਟਕਪੂਰੇ ਪਹੁੰਚ ਕੇ ਤੁਰੰਤ ਹੀ ਤਰਕਸ਼ੀਲ ਸੁਸਾਇਟੀ ਨਾਲ ਸੰਪਰਕ ਕੀਤਾ। ਤਰਕਸ਼ੀਲ ਸੁਸਾਇਟੀ ਨੇ ਭੂੰਡ ਦੀ ਗੱਲ ਬੜੇ ਹੀ ਟਿਕਾਅ ਨਾਲ ਸੁਣੀ ਸੀ। ਤਰਕਸ਼ੀਲ ਸੁਸਾਇਟੀ ਨੇ ਕੁਝ ਸ਼ਰਤਾਂ ਰੱਖੀਆਂ, ਜੋ ਉਸ ਨੇ ਬੜੇ ਹੀ ਸੰਖੇਪ ਲਹਿਜੇ ਵਿਚ ਮਨਜ਼ੂਰ ਕਰ ਲਈਆਂ। ਡੁੱਬਦੇ ਲਈ ਤਾਂ ਤਿਣਕੇ ਦਾ ਸਹਾਰਾ ਵੀ ਬੜਾ ਜ਼ਰੂਰੀ ਸੀ।

ਤਰਕਸ਼ੀਲ ਸੁਸਾਇਟੀ ਵਾਲੇ ਸ਼ਿੰਦੇ ਦੇ ਪਿੰਡ ਪਹੁੰਚੇ।

ਪਿੰਡ ਵਿਚ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ।

-''ਓਏ ਆਪਣੇ ਪਿੰਡ ਭੂਤਾਂ ਕੱਢਣ ਆਲੇ ਕਾਮਰੇਡ ਆਏ ਵੇ ਐ---!'' ਗੱਲ ਹਰ ਗਲੀ ਨਿਉਂਦਾ ਦੇਣ ਵਾਲੀ ਮਰਾਸਣ ਵਾਂਗ ਫਿਰ ਗਈ ਸੀ।

-''ਪਤੰਦਰ, ਮਾਂਦਰੀ ਕਹਿੰਦੇ ਬੜੇ ਐ ਬਈ!''

-''ਇਹ ਨਿਤਾਰਦੇ ਐ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ!''

-''ਹੁਣ ਇਹ ਪਾਉਣਗੇ ਮੋਛੇ!''

-''ਅੱਗੇ ਗੁਰਦਿਆਲ ਸਿਉਂ ਦੇ ਮੋਛੇ ਤਾਂ ਪੈ ਗਏ-ਹੁਣ ਇਹਨਾਂ ਦੇ ਨਾ ਪਾਦੇ?''

-''ਉਹਦੇ 'ਚ ਤਾਂ ਪਾਤੇ ਮਿੱਤਰਾ ਚਿੱਬ!''

ਸਾਰਾ ਪਿੰਡ ਭਾਂਤ-ਭਾਂਤ ਦੀਆਂ ਗੱਲਾਂ ਕਰ ਰਿਹਾ ਸੀ।

ਮਡੀਹਰ ਕਰਮੇਂ ਕੇ ਘਰ ਅੱਗੇ ਇਕੱਠੀ ਹੋਣੀ ਸ਼ੁਰੂ ਹੋ ਗਈ।

ਤਮਾਸ਼ਬੀਨ ਜੀਭਾਂ ਕੱਢਦੇ, ਅੱਖਾਂ ਦੇ ਇਸ਼ਾਰਿਆਂ ਨਾਲ ਹੀ ਗੱਲਾਂ ਕਰਦੇ ਸਨ। ਲੰਡੀ ਬੁੱਚੀ ਚਾਂਭਲੀ ਪਈ ਸੀ।

ਨ੍ਹੇਰੀ ਛੂਟ ਵੱਟੀ ਨੰਬਰਦਾਰ ਦੇ ਘਰ ਨੂੰ ਭੱਜਿਆ ਜਾ ਰਿਹਾ ਸੀ।

-"ਉਏ ਤਾਇਆ! ਉਏ ਤਾਇਆ--!" ਉਹ ਹੌਂਕਦਾ ਬੋਲ ਰਿਹਾ ਸੀ।

-"ਸਾਲਿਆ ਕੁੱਤਿਆਂ ਦਿਆ! ਮੈਂ ਤੇਰਾ ਤਾਇਆ ਕਿਮੇਂ ਲੱਗਿਆ ਉਏ? ਚਾਚਾ ਆਖ! ਸਾਲਾ ਚੰਗਾ ਭਲਾ ਚਾਚਾ ਕਹਿੰਦਾ ਕਹਿੰਦਾ ਵਿਚ ਦੀ ਤਾਇਆ ਆਖ ਜਾਂਦੈ-ਮੈਂ ਤੇਰੇ ਪਿਉ ਤੋਂ ਪੂਰੇ ਦੋ ਸਾਲ ਛੋਟੈਂ!" ਨੰਬਰਦਾਰ ਨੇ ਸੁਣਾਈ ਕੀਤੀ। ਫ਼ਬਰਦਾਰ ਕੀਤਾ। ਉਸ ਨੂੰ "ਤਾਇਆ" ਲਫ਼ਜ਼ ਵਿਹੁ ਵਰਗਾ ਲੱਗਦਾ ਸੀ।

-"ਜਦੋਂ ਤੀਮੀਂ ਭਾਈ ਜੀ ਆਖ ਕੇ ਘੁੰਡ ਕੱਢਲੇ-ਬੰਦੇ ਦਾ ਤਾਂ ਮਰਨ ਹੋ ਜਾਂਦੈ---!" ਉਹ ਮਡੀਹਰ ਵਿਚ ਖੜ੍ਹਕੇ ਆਮ ਆਖਿਆ ਕਰਦਾ ਸੀ।

-"ਹਾਂ, ਦੱਸ ਕੀ ਗੱਲ ਐ?"

-"ਚਾਚਾ-ਕਰਮੇਂ ਕੇ ਘਰੇ ਤਾਂ ਕਾਮਰੇਟ ਈ ਬਲਾ 'ਕੱਠੇ ਹੋਏ ਵੇ ਐ---!" ਉਹ ਹੈਰਾਨੀ ਵਿਚ ਦੱਸ ਰਿਹਾ ਸੀ। ਉਸ ਦਾ ਮੂੰਹ 'ਪ੍ਰਸ਼ਨ-ਚਿੰਨ੍ਹ' ਵਰਗਾ ਬਣਿਆਂ ਹੋਇਆ ਸੀ।

ਨੰਬਰਦਾਰ ਹੱਸ ਪਿਆ।

-"ਉਏ ਭਤੀਜ! ਇਹ ਤਾਂ ਬਿਚਾਰੇ ਬਾਰ ਦੇ ਦੀਵੇ ਐ-ਜਦੋਂ ਹਵਾ ਆਈ ਬੁਝ ਜਾਣਗੇ-ਅੱਤਬਾਦੀ ਇਹਨਾਂ 'ਤੇ ਔਖੇ ਐ-ਪੁਲਸ ਇਹਨਾਂ 'ਤੇ ਦੰਦੀਆਂ ਭਰਦੀ ਐ-ਬੱਕਰੇ ਦੀ ਮਾਂ ਕਦੋਂ ਤੱਕ ਸੁੱਖ ਮਨਾਊ---?" ਪਾਣੀ ਛਿੜਕ ਕੇ ਨੰਬਰਦਾਰ ਨੇ ਨ੍ਹੇਰੀ ਨੂੰ ਠੰਢਾ ਕੀਤਾ। ਇਕ ਵਾਰ ਕਾਮਰੇਡਾਂ ਤੋਂ ਕੁੱਟ ਖਾ ਕੇ ਨ੍ਹੇਰੀ ਸ਼ੱਕੀ ਹੋ ਗਿਆ ਸੀ।

ਫ਼ੈਰ! ਤਰਕਸ਼ੀਲ ਸੁਸਾਇਟੀ ਨੇ ਕੁਲਵਿੰਦਰ ਨੂੰ ਅਰਧ-ਨੀਂਦ ਵਿਚ ਲਿਆ ਕੇ ਇਲਾਜ਼ ਕਰ ਦਿੱਤਾ। ਉਹ ਟੱਲੀ ਵਰਗੀ ਹੋ ਗਈ। ਉਸ ਨੂੰ ਅੱਗੇ ਤੋਂ ਅਜਿਹੀ ਹਰਕਤ ਨਾ ਕਰਨ ਲਈ ਵਾਰਨਿੰਗ ਦਿੱਤੀ ਸੀ, ਜੋ ਕੁਲਵਿੰਦਰ ਨੇ ਖਿੜੇ ਮੱਥੇ ਪ੍ਰਵਾਨ ਕਰ ਲਈ ਸੀ। ਘਰਦਿਆਂ ਨੂੰ ਵੀ ਦੋ ਚਾਰ ਸਫ਼ਤ ਹਦਾਇਤਾਂ ਦੇ ਕੇ ਉਹ ਬਿਨਾ ਕੁਝ ਲਏ, ਚਲੇ ਗਏ ਸਨ।

ਸਾਰਾ ਪਿੰਡ ਹੈਰਾਨ ਸੀ।

ਲੰਡੀ ਬੁੱਚੀ ਦੇ ਮੂੰਹ ਨੂੰ ਤਾਲੇ ਵੱਜ ਗਏ ਸਨ।

-"ਆਹ ਤਾਂ ਕਦੇ ਸੁਣਿਆਂ ਨੀ ਸੀ ਬਈ--!"

-"ਸਾਲੀ ਕਮਾਲ ਈ ਹੋਗੀ--?"

-''ਮੈਂ ਕਹਿੰਨੈਂ ਹੱਦ ਈ ਕਰਤੀ ਪਤੰਦਰਾਂ ਨੇ--!''

ਪਿੰਡ ਵਿਚ ਗੱਲਾਂ ਚੱਲ ਰਹੀਆਂ ਸਨ।

-''ਭਾਈ ਅਗਲਿਆਂ ਦੀਆਂ ਬਾਹਰਲੇ ਮੁਲਖਾਂ 'ਚ ਭੜ੍ਹਾਈਆਂ ਕੀਤੀਆਂ ਵੀਐਂ-ਕੋਈ ਖੇਡ ਦੀ ਗੱਲ ਤਾਂ ਨਹੀਂ--?'' ਚੇਤੂ ਬੁੜ੍ਹਾ ਕਾਟੂ ਮਜਬੀ ਨੂੰ ਦੱਸ ਰਿਹਾ ਸੀ।

-'''ਲਾਜ ਵੀ ਕਹਿੰਦੇ ਜੱਥੇਦਾਰਾ ਕੰਪੂਟਰ ਨਾਲ ਕਰਦੇ ਐ!''

-''ਹਲਾ--?''

-''ਕੰਪੂਟਰ ਨਾਲ ਪ੍ਰੇਤ ਕਿੱਥੇ ਭੱਜਦੇ ਐ-ਐਮੇਂ ਮਗਜ ਮਾਰੀ ਜਾਨੇ ਓਂ--!'' ਕਿਸੇ ਨੂੰ ਗੱਲ ਮੇਚ ਨਹੀਂ ਆਈ ਸੀ।

-''ਕੰਪੂਟਰ ਮੂਹਰੇ ਖੜ੍ਹਦੇ ਵੀ ਕਦੋਂ ਐਂ--?'' ਕੋਈ ਹੋਰ ਬੋਲਿਆ।

-''ਤੈਨੂੰ ਬੈਂਗਣ ਦਾ ਪਤੈ?''

-''ਤੂੰ---ਫੜਨੈਂ?''

-''ਲੈ ਤੂੰ ਪੱਟ ਲੈ ਜਿਹੜੇ ਮੇਰੇ---ਪੱਟਣੇਂ ਐਂ!'' ਉਹ ਭੂਸਰ ਗਿਆ ਸੀ।

-''ਪੱਗ ਦੇਖ ਸਾਲੇ ਨੇ ਕਿਮੇਂ ਬੰਨ੍ਹੀ ਐਂ, ਜਿਮੇਂ---'ਤੇ ਲੀਰ ਲਵ੍ਹੇਟੀ ਹੁੰਦੀ ਐ!''

-''ਨਾ ਬਈ ਟੈਟੋ ਲੜੋ ਨਾ--!'' ਚੌਂਕੀਦਾਰ ਵਿਚਾਲੇ ਹੋ ਗਿਆ ਸੀ।

ਮੁੰਡੇ ਦਬ ਗਏ। ਲੜਾਈ ਟਲ ਗਈ।

-''ਥੋਨੂੰ ਲੋਕਾਂ ਨੂੰ ਬੀਹਵੀਂ ਸਦੀ 'ਚ ਜਾ ਕੇ ਵੀ ਅਕਲ ਨਹੀਂ ਆਉਣੀ।'' ਕੈਪਟਨ ਗੁਰਚਰਨ ਸਿੰਘ ਨੇ ਆ ਕੇ ਕਿਹਾ, ''ਗੱਲ ਕਿਸੇ ਦੀ ਬਾਤ ਕਿਸੇ ਦੀ ਤੇ ਬੂਝੜ ਜੱਟ ਐਮੇਂ ਸਿੰਗ ਪਸਾਉਣ ਨੂੰ ਤਿਆਰ ਰਹਿੰਦੇ ਐ!''

ਮਡੀਹਰ ਦਾ ਮੇਲਾ ਵਿਛੜ ਗਿਆ।

ਕੁਲਵਿੰਦਰ ਸਕੀਮਾਂ ਲੜਾ ਲੜਾ ਕੇ ਥੱਕ ਗਈ ਸੀ। ਕਿਉਂਕਿ ਸਭ ਤੋਂ ਵੱਡਾ ਭੂਤ ਵਾਲਾ 'ਹਥਿਆਰ' ਤਾਂ ਉਸ ਨੇ ਵਰਤ ਕੇ ਦੇਖ ਲਿਆ ਸੀ, ਜੋ ਤਰਕਸ਼ੀਲ ਸੁਸਾਇਟੀ ਅੱਗੇ ਖੁੰਢਾ ਸਾਬਤ ਹੋਇਆ ਸੀ। ਉਹ ਮੱਚ ਕੇ ਕੋਲੇ ਹੋਈ ਅੰਦਰੇ ਅੰਦਰ ਹੀ ਧੁਖਦੀ ਰਹਿੰਦੀ ਸੀ। ਉਸ ਦਾ ਦਿਲ ਸਿਰਫ਼ ਇਕ ਹਿੰਡ

'ਤੇ ਹੀ ਅੜਿਆ ਹੋਇਆ ਸੀ ਕਿ ਜ਼ਿੰਦਗੀ ਬਸਰ ਕਰਨੀ ਹੈ ਤਾਂ ਸਿਰਫ਼ ਬਿੱਲੂ ਨਾਲ, ਨਹੀਂ ਕੁਝ ਖਾ ਕੇ ਮਰ ਜਾਣਾ ਹੈ! ਔਰਤ ਦੀ ਭੈੜ੍ਹੀ ਹਿੰਡ ਅਤੇ ਦਰਿਆਵਾਂ ਦੇ ਵਹਾਅ ਕਦੇ ਠੱਲ੍ਹਦੇ ਨਹੀਂ!

ਅਖੀਰ ਉਸ ਨੇ ਇਕ ਸਕੀਮ ਸੋਚੀ ਕਿ ਸੱਸ ਹਰ ਕੌਰ ਦਾ ਵਿਸ਼ਵਾਸ ਜਿੱਤਿਆ ਜਾਵੇ ਅਤੇ ਬਾਹਰ ਤੋਰਾ-ਫੇਰਾ ਵਧਾਇਆ ਜਾਵੇ। ਕੁੱਤੇ ਲੋਕ ਤਾਂ ਉਸ ਦੀ ਜੁੱਤੀ ਦੇ ਯਾਦ ਨਹੀਂ ਸਨ। ਜਿਹਨਾਂ ਨੇ ਚਾਰ ਦਿਨ ਭੌਂਕ ਕੇ ਹਟ ਜਾਣਾ ਸੀ।

ਫ਼ੈਰ! ਹੌਲੀ ਹੌਲੀ ਉਸ ਨੇ ਆਪਣੇ ਆਪ ਨੂੰ ਮਾਹੌਲ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ। ਦਿਨ ਵਿਚ ਉਹ ਇਕ-ਦੋ ਵਾਰ ਹਰ ਕੌਰ ਨੂੰ ਜ਼ਰੂਰ ਪੁੱਛ ਲੈਂਦੀ।

-"ਬੇਬੇ ਜੀ ਚਾਹ ਬਣਾ ਕੇ ਦਿਆਂ?"

ਹਰ ਕੌਰ ਨੂੰ ਲੋੜ ਹੁੰਦੀ ਤਾਂ ਚਾਹ ਬਣਵਾ ਲੈਂਦੀ, ਨਾ ਲੋੜ ਹੁੰਦੀ ਤਾਂ ਚਾਰ ਅਸੀਸਾਂ ਦੇ ਕੇ 'ਨਾਂਹ' ਕਰ ਦਿੰਦੀ। ਪਰ ਅੰਦਰੋਂ ਹਰ ਕੌਰ ਕਾਫ਼ੀ ਸੰਤੁਸ਼ਟ ਹੋ ਗਈ ਸੀ ਕਿ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਉਸ ਦੀ ਨੂੰਹ ਸਿੱਧੀ ਲੀਹ 'ਤੇ ਆ ਗਈ ਸੀ। ਪਰ ਕਦੇ ਕਦੇ ਉਸ ਨੂੰ ਅੰਦਰੋਂ ਡਰ ਘੁਣ ਵਾਂਗ ਖਾਣ ਲੱਗ ਜਾਂਦਾ, "ਬਦਕਾਰ ਰੰਨ ਤੇ ਬੇਲਗਾਮ ਘੋੜਾ ਕਦੇ ਸੁਧਰਦੇ ਨਹੀਂ-ਦਾਅ ਲੱਗੇ ਤੋਂ ਫ਼ੇਟ ਮਾਰ ਈ ਜਾਂਦੇ ਐ-ਦੁੱਧ ਤੇ ਬੁੱਧ ਫਟਦੀ ਦਾ ਪਤਾ ਨਹੀਂ ਲੱਗਦਾ।" ਸਿਆਣਿਆਂ ਦੇ ਕਹੇ ਬੋਲ ਉਸ ਅੰਦਰ ਖੌਰੂ ਪਾਉਂਦੇ ਰਹਿੰਦੇ। ਪਰ ਉਹ ਆਪਣਾ ਵਹਿਮ ਸਮਝ ਕੇ ਹੀ ਆਵੇਸਲਾ ਕਰ ਛੱਡਦੀ। ਉਹ ਤਾਂ ਰੱਬ ਆਸਰੇ ਜਿਉਣ ਵਾਲੀ ਔਰਤ ਸੀ।

-"ਚੱਲ ਐਵੇਂ ਵਾਧੂ ਵਹਿਮ ਨਾ ਕਰਿਆ ਕਰ!" ਹਰ ਕੌਰ ਆਪਣੇ ਆਪ ਨੂੰ ਆਖ ਕੇ ਹੀ ਦਿਲ ਨੂੰ ਆਸਰਾ ਦੇਈ ਰੱਖਦੀ ਸੀ।

ਕਾਫ਼ੀ ਦਿਨ ਬੀਤ ਗਏ ਸਨ। ਘਰ ਦਾ ਮਾਹੌਲ ਜਾਣੋਂ ਫਿਰ ਸਾਅਵਾਂ ਜਿਹਾ ਹੋ ਗਿਆ ਸੀ। ਕਰਮ ਸਿੰਘ ਨੇ ਲੁਧਿਆਣੇਂ ਆਪਣਾ ਕੰਮ ਫਿਰ ਸਾਂਭ ਲਿਆ ਸੀ। ਸਾਰੀ ਗੱਲ ਆਈ ਗਈ ਹੋ ਚੁੱਕੀ ਸੀ। ਹੁਣ ਤਾਂ ਹਰ ਕੌਰ ਵੀ ਆਂਢ-ਗੁਆਂਢ ਦੀਆਂ ਬੁੜ੍ਹੀਆਂ ਕੋਲ ਆਉਣ ਜਾਣ ਲੱਗ ਪਈ ਸੀ। ਬੀਤੇ ਮਨਹੂਸ ਦਿਨ ਹੁਣ ਯਾਦਾਂ ਬਣ ਕੇ ਹੀ ਰਹਿ ਗਏ ਸਨ। ਇਕ ਤਰ੍ਹਾਂ ਨਾਲ ਅਭੁੱਲ ਯਾਦਾਂ! ਹੁਣ ਤਾਂ ਕੁਲਵਿੰਦਰ ਵੀ ਬਾਹਰਲੇ ਘਰੇ ਲੱਗੇ ਤੰਦੂਰ ਤੋਂ ਇਕੱਲੀ ਹੀ ਰੋਟੀਆਂ ਲਾਹ ਕੇ ਲਿਆਉਣ ਲੱਗ ਪਈ ਸੀ। ਨਹੀਂ ਤਾਂ ਪਹਿਲਾਂ ਸੱਸ ਉਸ ਦੇ ਮਗਰ ਪ੍ਰਛਾਂਵੇਂ ਵਾਂਗ ਰਹਿੰਦੀ ਸੀ।

ਬਿੱਲੂ ਦਾ ਵਿਆਹ ਪੱਕਾ ਹੋ ਗਿਆ।

ਕੁਲਵਿੰਦਰ ਦੇ ਪੇਟ ਵਿਚ ਜਿਵੇਂ ਛੁਰੀ ਵੱਜੀ ਸੀ। ਉਸ ਅੰਦਰਲੀ ਔਰਤ ਬਿਲਕ ਉਠੀ ਸੀ। ਖਰੀਂਢ ਆਏ ਜ਼ਖ਼ਮ ਇਕ ਵਾਰ ਫਿਰ ਉੱਚੜ ਕੇ ਰਿਸਣ ਲੱਗ ਪਏ ਸਨ। ਉਸ ਦੀਆਂ ਅੱਖਾਂ ਅੱਗੇ ਹਨ੍ਹੇਰ

ਪਸਰ ਗਿਆ ਸੀ। ਉਸ ਨੇ ਫ਼ਟਣ ਲੱਗੀ ਛਾਤੀ ਹੱਥ ਰੱਖ ਕੇ ਬੋਚ ਲਈ ਸੀ। ਅਚਾਨਕ ਖ਼ਬਰ ਸੁਣ ਕੇ ਉਹ ਸੁੰਨ ਹੀ ਤਾਂ ਹੋ ਗਈ ਸੀ।

ਅਸਲ ਵਿਚ ਕੁੜੀ ਦੇ ਪਿਉ ਨੇ ਮੁੰਡੇ ਦੇ ਪਿਉ ਨਾਲ ਗੱਲ ਕਰਕੇ ਵਿਚੋਲੇ ਵਿਚੋਂ ਹੀ ਕੱਢ ਦਿੱਤੇ ਸਨ। ਗੱਲ ਸਿੱਧੀ ਹੀ ਹੋ ਗਈ ਸੀ। ਕੁੜੀ ਦੇ ਮਾਮੇਂ ਨੇ ਵਿਚਲੀ ਜ਼ਿੰਮੇਵਾਰੀ ਓਟੀ ਸੀ।

-''ਸਰਦਾਰਾ! ਵਿਚੋਲੇ ਤਾਂ ਚਾਰ ਦਿਨਾਂ ਦੀ ਚਾਂਦਨੀ ਹੁੰਦੇ ਐ-ਵਰਤਣਾ ਤਾਂ ਮੁੜਕੇ ਆਪਾਂ ਈ ਐ-ਕਾਹਨੂੰ ਐਵੇਂ ਯੱਭ 'ਚ ਪਏ ਫਿਰਦੇ ਐਂ-ਦਾਤੇ ਦੀ ਕ੍ਰਿਪਾ ਨਾਲ ਕਾਰਜ ਸਿਰੇ ਲਾ ਕੇ ਸੁਰਖਰੂ ਹੋਈਏ!'' ਕੁੜੀ ਦੇ ਪਿਉ ਨੇ ਬਿੱਲੂ ਦੇ ਬਾਪੂ ਨੂੰ ਆਖਿਆ ਸੀ।

ਗੱਲ ਬਿੱਲੂ ਦੇ ਬਾਪੂ ਦੇ ਪੂਰੀ ਮੇਚ ਆਈ ਸੀ।

-''ਇਹਦਾ ਸਹੁਰੇ ਦਾ ਫਾਹਾ ਵੱਢ ਕੇ ਪਰ੍ਹਾਂ ਕਰੀਏ-ਹੋਰ ਨਾ ਕਿਤੇ ਹਲਕਿਆ ਵਿਆ ਕੋਈ ਚੂਹੜ੍ਹੀ ਚਮਿਆਰੀ ਈ ਕੱਢ ਲਿਆਵੇ?'' ਬਿੱਲੂ ਦੇ ਬਾਪੂ ਨੇ ਮਨ ਅੰਦਰ ਹੀ ਸੋਚਿਆ ਸੀ।

ਫ਼ੈਰ! ਸਾਰੀ ਸਹਿਮਤੀ ਹੋ ਗਈ। ਦਿਨ ਬੰਨ੍ਹ ਲਿਆ ਗਿਆ ਸੀ।

ਕੁਲਵਿੰਦਰ ਨੇ ਕੂਕਿਆਂ ਦੇ ਕਾਕੂ ਕੋਲੇ ਬਿੱਲੂ ਨੂੰ ਕਈ ਸੁਨੇਹੇਂ ਭੇਜੇ। ਪਰ ਬਿੱਲੂ ਨਾ ਬਹੁੜਿਆ। ਕੁਲਵਿੰਦਰ ਥੱਕ ਗਈ ਸੀ, ਹਾਰ ਗਈ ਸੀ। ਇਕ ਤਰ੍ਹਾਂ ਨਾਲ ਬੇਹੇ ਪਾਣੀ ਵਿਚ ਹੀ ਬੈਠ ਗਈ ਸੀ। ਉਸ ਦਾ ਜਿਉਣਾ ਧਿਰਗ ਹੋ ਗਿਆ ਸੀ। ਪਰ ਖੋਟੇ ਪੈਸੇ ਨੂੰ ਉਹ ਫਿਰ ਚਲਾ ਕੇ ਦੇਖਣਾ ਚਾਹੁੰਦੀ ਸੀ।

ਉਸ ਨੇ ਮੁੰਡੇ ਕੋਲ ਫਿਰ ਸੁਨੇਹਾਂ ਭੇਜਿਆ। ਪਰ ਅੱਗਿਓਂ ਬਿੱਲੂ ਜਿੰਨ ਵਾਂਗ ਟੱਪਿਆ ਸੀ।

-''ਉਸ ਚਗਲ ਤੀਮੀਂ ਨੂੰ ਆਖ ਦੇਈਂ ਜਾ ਕੇ-ਬਈ ਮੈਨੂੰ ਮੁੜ ਕੇ ਸੁਨੇਹਾਂ ਨਾ ਭੇਜੇ! ਜਦੋਂ ਮੇਰਾ ਉਹਦੇ ਨਾਲ ਲੈਣ ਦੇਣ ਈ ਕੁਛ ਨ੍ਹੀ-ਫਿਰ ਕਿਉਂ ਬਾਧੂ ਹੱਡੀ ਬਣਦੀ ਐ? ਜੁਆਨੀ 'ਚ ਤਾਂ ਮੁੰਡੇ ਬੀਹ ਘਤਿੱਤਾਂ ਕਰਦੇ ਐ-ਜੇ ਮੈਂ ਦੋ ਚਾਰ ਆਰੀ ਵਰਤ ਲਈ ਤਾਂ ਹੁਣ ਮੇਰੇ 'ਤੇ ਚਾਦਰ ਤਾਂ ਨ੍ਹੀ ਪਾਉਣੀਂ?''

ਕੁਲਵਿੰਦਰ ਦਾ ਜਿਵੇਂ ਸਿਰ ਕਲਮ ਹੋ ਗਿਆ! ਸੁਨੇਹਾਂ ਸਿਰ ਵਿਚ ਬੰਬ ਵਾਂਗ ਫ਼ਟਿਆ ਸੀ। ਉਸ ਨੂੰ ਆਪਣਾ ਆਪ ਧਰਤੀ ਵਿਚ ਨਿੱਘਰਦਾ ਪ੍ਰਤੀਤ ਹੋਇਆ। ਉਹ ਹਯਾ ਨਾਲ ਰੱਤੀ ਹੋ ਗਈ ਸੀ। ਜਿਵੇਂ ਉਹ ਸਾਰੀ ਦੁਨੀਆਂ ਸਾਹਮਣੇਂ ਅਲਫ਼ ਨੰਗੀ ਖੜ੍ਹੀ ਸੀ ਅਤੇ ਬਿੱਲੂ ਉਸ 'ਤੇ ਟਾਹਰਾਂ ਮਾਰ ਮਾਰ ਕੇ ਹੱਸ ਰਿਹਾ ਸੀ। ਉਸ ਨੇ ਸੋਚਿਆ ਕਿ ਬਿੱਲੂ ਨੂੰ ਹੁਣ ਨਵੇਂ ਵਿਆਹ ਦਾ, ਨਵੀਂ ਰੰਨ ਦਾ, ਨਵੇਂ ਸਰੀਰ ਦਾ ਚਾਅ ਚੜ੍ਹ ਗਿਆ ਸੀ। ਉਹ ਪਾਟ ਕੇ ਜਿਵੇਂ ਦੋਫ਼ਾੜ ਹੋ ਗਈ ਸੀ।

ਐਤਵਾਰ ਦਾ ਦਿਨ ਸੀ।

ਸੁਬਾਹ ਦਾ ਹੀ ਮੌਕਾ ਸੀ। ਹਰ ਕੌਰ ਨੂੰ ਉਸ ਨੇ ਦੂਜੀ ਵਾਰ ਦੀ ਚਾਹ ਵੀ ਪਿਆ ਦਿੱਤੀ ਸੀ। ਸ਼ਿੰਦਾ ਮਾਸਟਰ ਭਗਵੰਤ ਸਿੰਘ ਦਾ ਘਰ ਪੁਆਉਣ ਗਿਆ ਹੋਇਆ ਸੀ। ਕਰਮਾਂ ਲੁਧਿਆਣੇਂ ਸੀ। ਸਵਰਨਾ ਖੇਤ ਨੂੰ ਗਿਆ ਹੋਇਆ ਸੀ।

-''ਬੇਬੇ ਜੀ ਮੈਂ ਤੰਦੂਰ ਤੋਂ ਚਾਰ ਕੁ ਹਾਜਰੀਆਂ ਰੋਟੀਆਂ ਲਾਹ ਲਿਆਵਾਂ।'' ਉਹ ਛੋਟੀ ਜੁਆਕੜੀ ਅਤੇ ਆਟਾ ਚੁੱਕੀ, ਬਾਹਰਲੇ ਘਰੇ ਤੰਦੂਰ ਤੋਂ ਰੋਟੀਆਂ ਲਾਹੁੰਣ ਜਾਣ ਲਈ ਤਿਆਰ ਖੜ੍ਹੀ ਸੀ।

-''ਲਾਹ ਲਿਆ ਡੱਡੇ! ਪਰ ਜੁਆਕੜੀਆਂ ਨੂੰ ਤਾਂ ਛੱਡ ਜਾਹ-ਤੈਨੂੰ ਤੰਗ ਕਰਨਗੀਆਂ-ਨਾਲੇ ਵੱਡੀ ਦਾ ਤਾਂ ਸਕੂਲ ਦਾ ਵੀ ਟੈਮ ਹੋਇਆ ਪਿਐ।'' ਹਰ ਕੌਰ ਬੋਲੀ। ਉਸ ਦੀ ਸੱਜੀ ਅੱਖ ਸਵੇਰ ਦੀ ਫਰਕੀ ਜਾ ਰਹੀ ਸੀ। ਡਰ ਨਾਲ ਪਸੀਜੀ ਉਹ ਘੇਸਲ ਜਿਹੀ ਮਾਰੀ ਬੈਠੀ ਸੀ।

-''ਬੱਸ ਬੇਬੇ ਜੀ ਮੈਂ ਹੁਣੇਂ ਈ ਮੁੜ ਆਈ-ਥੋਡੀ ਤਾਂ ਇਹ ਖੱਲ ਖਾ ਜਾਣਗੀਆਂ-ਨਾਲੇ ਅੱਜ ਐਤਵਾਰ ਐ-ਛੁੱਟੀ ਐ ਇਹਨਾਂ ਨੂੰ।''

-''-----।'' ਬੇਬੇ ਚੁੱਪ ਕਰ ਗਈ।

ਬਾਹਰਲੇ ਘਰੇ ਜਾ ਕੇ ਕੁਲਵਿੰਦਰ ਨੇ ਦਿਖਾਵੇ ਜਿਹੇ ਲਈ ਤੰਦੂਰ ਬਾਲਿਆ। ਸੀਖਣੀਆਂ ਦੀ ਲਾਟ ਉਚੀ ਉਠੀ। ਧੂੰਆਂ ਰੋਲ ਹੋ ਗਿਆ।

ਉਸ ਨੇ ਬਾਹਰਲਾ ਦਰਵਾਜਾ ਬੰਦ ਕਰ ਦਿੱਤਾ।

ਕੁੜੀਆਂ ਨੂੰ ਧੂੰਏਂ ਕਾਰਨ ਹੱਥੂ ਆ ਗਿਆ। ਉਹ ਬੁਰੀ ਤਰ੍ਹਾਂ ਖੰਘ ਰਹੀਆਂ ਸਨ।

ਕੁਲਵਿੰਦਰ ਅੰਦਰੋਂ ਬਾਂਸ ਵਾਂਗ ਪਾਟ ਰਹੀ ਸੀ। ਉਸ ਦੇ ਸਬਰ ਦਾ ਪਹਾੜ ਹਿੱਲ ਗਿਆ ਸੀ। ਕਰੋਧ ਨਾਲ ਸੜੀ ਉਹ ਪਾਗਲਾਂ ਵਾਂਗ ਅੰਦਰ ਬਾਹਰ ਹੋ ਰਹੀ ਸੀ। ਉਹ ਇਸ ਖ਼ੁਦਗਰਜ਼ ਜਹਾਨ ਵਿਚ ਜਿਉਣਾ ਨਹੀਂ ਚਾਹੁੰਦੀ ਸੀ। ਬਿੱਲੂ ਦੇ ਕੀਤੇ ਵਾਅਦੇ ਉਸ ਨੂੰ ਬੇਹੂਦੇ ਜਾਪ ਰਹੇ ਸਨ। ਪਤਾ ਨਹੀਂ ਕੀ ਕੀ ਉਸ ਦੀਆਂ ਅੱਖਾਂ ਅੱਗੋਂ ਦੀ ਗੁਜ਼ਰ ਗਿਆ ਸੀ?

ਅਚਾਨਕ ਉਸ ਦੀ ਨਜ਼ਰ ਬੈਠਕ ਵਿਚ ਪਈ ਇਕ ਪੀਪੀ 'ਤੇ ਪਈ। ਜਿਸ 'ਤੇ ''ਕੁਇੱਕ.ਫ਼ਾਸ'' ਮੋਟਾ ਕਰਕੇ ਲਿਖਿਆ ਹੋਇਆ ਸੀ ਅਤੇ ਹੱਡੀ-ਖੋਪੜੀ ਦੇ ਹੇਠ 'ਡੇਂਜਰ' ਛਪਿਆ ਹੋਇਆ ਸੀ।

ਉਸ ਨੇ ਕੁਇੱਕਫ਼ਾਸ ਦੀ ਪੀਪੀ ਵਿਚੋਂ ਲੱਪ ਸਾਰੀਆਂ ਗੋਲੀਆਂ ਕੱਢ ਕੇ ਪਾਣੀ ਵਿਚ ਘੋਲ ਲਈਆਂ। ਤੰਦੂਰ ਕੋਲੇ ਖੜ੍ਹੀਆਂ ਕੁੜੀਆਂ ਨੂੰ ਬਾਹੋਂ ਫੜ ਖਿੱਚ ਕੇ ਅੰਦਰ ਲੈ ਗਈ।

-''ਲੈ ਪੁੱਤ ਦੁਆਈ ਪੀ--!'' ਉਸ ਨੇ ਗਿਲਾਸ ਅੱਗੇ ਕੀਤਾ।

-"ਮੈਂ ਤਾਂ ਨ੍ਹੀ ਪੀਣੀਂ-ਕੌੜੀ ਹੋਊ।" ਮਾਸੂਮ ਬੱਚੀ ਦੇ ਕਲੀਆਂ ਵਰਗੇ ਬੁੱਲ੍ਹ ਹਿੱਲੇ ਸਨ। ਉਹ ਮੋਢੇ ਮਾਰ ਰਹੀ ਸੀ।

-"ਪੀ ਲੈ ਪੁੱਤ! ਖੰਘ ਹਟਜੂ।"

-"-----।" ਕੁੜੀ ਨੇ ਮੂੰਹ ਨਾਲ "ਟਿੱਚ" ਕੀਤਾ। ਪਰ ਮੂੰਹੋਂ ਨਾ ਬੋਲੀ।

-"ਪੀਲਾ ਨਹੀਂ ਮਾਰਦੂੰ--!" ਉਸ ਨੇ ਬਘਿਆੜੀ ਵਾਂਗ ਕਹਿਰ ਭਰੀਆਂ ਅੱਖਾਂ ਕੱਢੀਆਂ।

ਕੁੜੀ ਨੂੰ ਮਾਂ ਕੋਲੋਂ ਡਰ ਆਇਆ ਅਤੇ ਉਹ ਚਿੱਘੀ ਲਾ ਕੇ ਪੀ ਗਈ। ਉਸ ਨੂੰ ਅਵੱਤ ਜਿਹੇ ਆਏ, ਪਰ ਦੁਆਈ ਅੰਦਰ ਲੰਘ ਚੁੱਕੀ ਸੀ। ਇਸੇ ਤਰ੍ਹਾਂ ਹੀ ਉਸ ਨੇ ਵਿਚਾਲੜੀ ਕੁੜੀ ਨਾਲ ਕੀਤਾ। ਛੋਟੀ ਕੁੜੀ ਦਾ ਨੱਕ ਘੁੱਟ ਕੇ ਉਸ ਨੇ ਜ਼ਬਰਦਸਤੀ ਦੋ ਚਮਚੇ ਉਸ ਦੇ ਅੰਦਰ ਵੀ ਲੰਘਾ ਦਿੱਤੇ। ਕੁੜੀਆਂ ਤੜਪਣ ਲੱਗ ਪਈਆਂ। ਅੰਦਰ ਗਈ ਜ਼ਹਿਰ ਨੇ ਕੁੜੀਆਂ ਦੇ ਦਿਲ ਪਾੜਨੇ ਸ਼ੁਰੂ ਕਰ ਦਿੱਤੇ। ਜੁਆਕਾਂ ਦੀਆਂ ਚੀਕਾਂ ਨੇ ਕੰਧਾਂ ਚੀਰਨੀਆਂ ਸ਼ੁਰੂ ਕਰ ਦਿੱਤੀਆਂ।

-"ਮਾਂ ਮੈਂ ਮਰਜੂੰਗੀ-ਮੈਨੂੰ ਬਚਾ ਲੈ--!"

-"ਮਾਂ ਮੈਂ ਮਰਜੂੰਗੀ-ਮੈਨੂੰ ਬਚਾ ਲੈ--!" ਕੁੜੀਆਂ ਦੇ ਆਖਰੀ ਤਰਲੇ ਜਿਵੇਂ ਸੇਹ ਦੇ ਤੱਕਲੇ ਬਣ ਬਣ ਦਿਲ ਵਿਚ ਖੁੱਭ ਰਹੇ ਸਨ। ਹੈਵਾਨ ਬਣੀਂ ਕੁਲਵਿੰਦਰ ਨੇ ਆਖਰ ਤਸੱਲੀ ਕਰਕੇ ਇਕ ਗਿਲਾਸ ਆਪਣੇ ਅੰਦਰ ਸੁੱਟ ਲਿਆ।

ਰੋਂਦੀਆਂ ਕੁੜੀਆਂ ਨੂੰ ਗੁਆਂਢੀਆਂ ਦੀ ਕੁੜੀ 'ਨਿੱਕੀ' ਨੇ ਕੋਠੇ ਤੋਂ ਤੱਕਿਆ।

ਉਸ ਨੇ ਹਾਲ ਦੁਹਾਈ ਮਚਾ ਦਿੱਤੀ।

ਪਿੰਡ ਇਕੱਠਾ ਹੋ ਗਿਆ। ਗੁਆਂਢੀ ਮੁੰਡੇ ਕੰਧਾਂ ਟੱਪ ਕੇ ਅੰਦਰ ਆ ਗਏ। ਕਿਸੇ ਨੇ ਬਾਹਰਲੇ ਘਰ ਦਾ ਦਰਵਾਜਾ ਭੰਨ ਲਿਆ ਸੀ। ਘਮਸਾਨ ਮੱਚਿਆ ਹੋਇਆ ਸੀ। ਹਰ ਇਕ ਦੀ ਜੁਬਾਨ ਤਾਲੂਏ ਲੱਗ ਗਈ ਸੀ।

ਹਰ ਕੌਰ ਦੇਖ ਕੇ ਫੁੜਕ ਗਈ। ਉਸ ਦਾ ਕਲਪਤ ਡਰ ਸੱਚ ਵਿਚ ਬਦਲ ਗਿਆ ਸੀ।

-"ਅਸੀਂ ਮਰਜਾਂਗੀਆਂ-ਸਾਨੂੰ ਬਚਾਲੋ---!" ਕੁਲਵਿੰਦਰ ਦੀ ਵੱਡੀ ਕੁੜੀ ਦਰਦ ਨਾਲ ਧਰਤੀ 'ਤੇ ਪਈ ਲਿਟੀ ਜਾ ਰਹੀ ਸੀ, "ਸਾਨੂੰ ਸਾਡੀ ਮਾਂ ਨੇ ਦੁਆਈ ਪਿਆਈ ਐ--!" ਉਸ ਦੀ ਅਵਾਜ਼ ਮੱਠੀ ਪੈਂਦੀ ਜਾ ਰਹੀ ਸੀ। ਅੱਖਾਂ ਪੱਥਰ ਹੁੰਦੀਆਂ ਜਾ ਰਹੀਆਂ ਸਨ। ਸਰੀਰ ਨਿਢਾਲ ਪੈਂਦੇ ਜਾ ਰਹੇ ਸਨ। ਅੱਤਿ-ਕਹਿਰ ਦਾ ਸਮਾਂ ਸੀ। ਚਾਰ ਜੀਅ ਧਰਤੀ 'ਤੇ ਪਏ ਸੁੰਡੀ ਵਾਂਗ ਤੜਪ ਰਹੇ ਸਨ। ਕੁਲਵਿੰਦਰ ਧਰਤੀ 'ਤੇ ਪਈ ਅੱਡੀਆਂ ਰਗੜ ਰਹੀ ਸੀ। ਕੁੜੀਆਂ ਸ਼ਾਇਦ ਪੂਰੀਆਂ ਹੋ ਚੁੱਕੀਆਂ ਸਨ ਜਾਂ ਬੇਹੋਸ਼

ਹੋ ਗਈਆਂ ਸਨ? ਉਹਨਾਂ ਦੇ ਬੁੱਲ੍ਹ ਨੀਲੇ ਅਤੇ ਅੱਖਾਂ ਅੱਧੀਆਂ ਬੰਦ ਸਨ। ਹਰ ਕੌਰ ਭੁੰਜੇ ਬੈਠੀ ਆਪਣੀ ਛਾਤੀ ਪਿੱਟ ਰਹੀ ਸੀ, ਬੇਹਾਲ ਹੋਈ ਕੀਰਨੇ ਪਾ ਰਹੀ ਸੀ।

ਸਵਰਨਾਂ ਸ਼ਿੰਦੇ ਵੱਲ ਭੱਜ ਗਿਆ ਸੀ।

ਸਾਰਾ ਪਿੰਡ ਗੁੰਮ ਹੋਇਆ ਖੜ੍ਹਾ ਸੀ। ਕਿਸੇ ਨੂੰ ਕੋਈ ਹੋਸ਼ ਨਹੀਂ ਸੀ। ਡਾਕਟਰ ਬੁਲਾਉਣ ਬਾਰੇ ਕਿਸੇ ਨੂੰ ਸੁੱਝਿਆ ਹੀ ਨਹੀਂ ਸੀ---!!

---------------ਕਾਂਡ ਚੌਦਾਂ -----------

ਕਰਮੇਂ ਨੂੰ ਪੰਦਰਾਂ ਦਿਨ ਬਿਨਾ ਗ੍ਰਿਫ਼ਤਾਰੀ ਪਾਈ ਦੇ ਹੀ ਹਵਾਲਾਤ ਵਿਚ ਰੱਖਿਆ ਗਿਆ। ਠਾਣੇਦਾਰ ਨੂੰ ਪਹੁੰਚਿਆ ਅੱਠ ਹਜ਼ਾਰ ਰੁਪਈਆ ਰੰਗ ਲਿਆਇਆ ਸੀ। ਅੱਠ ਹਜਾਰ ਰੁਪਏ ਪਹੁੰਚਣ ਤੋਂ ਬਾਅਦ ਕਿਸੇ ਮਾਂ ਦੇ ਪੁੱਤ ਨੇ ਉਸ ਨੂੰ ਫ਼ੁੱਲ ਦੀ ਨਹੀਂ ਲਾਈ ਸੀ। ਉਸ ਦੀਆਂ ਸੱਟਾਂ ਰਾਜ਼ੀ ਹੋ ਗਈਆਂ ਸਨ। ਪਰ ਕੁੱਟੇ ਹੱਡ ਅਜੇ ਵੀ ਕਦੇ ਕਦੇ ਚਸਕਾਂ ਮਾਰਨ ਲੱਗ ਪੈਂਦੇ ਸਨ। ਪਰ ਹਰ ਮੁਸ਼ਕਲ ਦਾ ਸਾਹਮਣਾ ਉਹ ਬੜੇ ਜੇਰੇ ਨਾਲ ਕਰ ਰਿਹਾ ਸੀ। ਹੁਣ ਜਿਵੇਂ ਉਹ ਮੁਸ਼ਕਲਾਂ ਨਾਲ ਟੱਕਰ ਲੈਣ ਦਾ ਆਦੀ ਹੋ ਗਿਆ ਸੀ। ਹਵਾਲਾਤੀ ਮਿੱਤਰ ਉਸ ਦਾ ਦਿਲ ਧਰਾਈ ਰੱਖਦੇ। ਉਸ ਨੂੰ ਡੋਲਣ ਨਾ ਦਿੰਦੇ।

ਪੰਦਰਾਂ ਦਿਨਾਂ ਬਾਅਦ ਕਰਮੇਂ ਨੂੰ ਸਬ-ਜੇਲ੍ਹ ਮੋਗਾ ਵਿਖੇ ਤਬਦੀਲ ਕਰ ਦਿੱਤਾ ਗਿਆ। ਹਰ ਤੀਜੇ ਹਫ਼ਤੇ ਤਰੀਕ ਪੈਣ ਲੱਗ ਪਈ। ਸਰਪੰਚ ਦੇ ਨਾਲ ਵਾਅਦਾ ਕਰਨ ਦੇ ਬਾਵਜੂਦ ਵੀ ਖਚਰੇ ਠਾਣੇਦਾਰ ਨੇ ਦਫ਼ਾ ਤਿੰਨ ਸੌ ਦੋ ਹੀ ਬਰਕਰਾਰ ਰੱਖੀ ਸੀ। ਦਫ਼ਾ ਤਿੰਨ ਸੌ ਦੋ ਦਾ ਕੇਸ ਪੁਲਸ ਨੂੰ ਪੁੱਤ ਵਾਂਗ ਪਿਆਰਾ ਹੁੰਦਾ ਹੈ, ਉਹਨਾਂ ਦਾ ਦਿਮਾਗ ਫਿਰਿਆ ਸੀ ਦਫ਼ਾ ਬਦਲਦੇ?

ਗਰਮੀ ਦੇ ਤਪਾੜ ਵਿਚ ਕੈਦੀਆਂ ਦਾ ਬਹੁਤ ਹੀ ਬੁਰਾ ਹਾਲ ਰਹਿੰਦਾ ਸੀ।

''ਮੈਂਟਲ'' ਨਾਂ ਦਾ ਸਿਪਾਹੀ, ਜਿਸ ਦੇ ਮਾਰਫ਼ਤ ਮੁਲਾਕਾਤਾਂ ਹੁੰਦੀਆਂ ਸਨ, ਪੰਜਾਹ ਰੁਪਏ ਮੁਲਾਕਾਤ ਦੇ ਲੈਂਦਾ ਸੀ। ਨਹੀਂ ਤਾਂ ਉਸ ਦੇ ਹੁਕਮ ਤੋਂ ਬਿਨਾ, ਜਾਂ ਹੱਥ ਝਾੜ੍ਹੇ ਬਿਨਾ ਕੋਈ ਮੁਲਾਕਾਤੀ ਉਥੇ ਖੰਘ ਵੀ ਨਹੀਂ ਸਕਦਾ ਸੀ। ਉਹ ਮੁਲਾਕਾਤੀਆਂ ਨਾਲ ਬੜਾ ਹੀ ਦੁਰ-ਵਿਵਹਾਰ ਕਰਦਾ ਸੀ। ਜਿਵੇਂ ਹਰ ਕੋਈ ਮੁਲਾਕਾਤੀ ਉਸ ਦਾ ਜ਼ਾਤੀ ਤੌਰ 'ਤੇ ਦੁਸ਼ਮਣ ਸੀ। ਉਸ ਦਾ ਮੂੰਹ ਹਮੇਸ਼ਾ ਹੀ ਘੁੱਟਿਆ

ਹੋਇਆ ਅਤੇ ਮੂੰਹ 'ਤੇ ਸਿੱਧੀ ਗਾਲ੍ਹ ਲਿਖੀ ਹੋਈ ਸੀ। ਉਸ ਦੀਆਂ ਕੁੰਢੀਆਂ ਮੁੱਛਾਂ ਅਤੇ ਬੇਈਮਾਨ ਅੱਖਾਂ ਹਮੇਸ਼ਾਂ ਆਦਮੀ ਨੂੰ ''ਡਾਂਟਦੀਆਂ'' ਰਹਿੰਦੀਆਂ ਸਨ।

-''ਇਹਨੂੰ ਭੈਣ ਦੇ ਯਾਰ ਨੂੰ ਕਿਸੇ ਪੰਜਾਲੀ ਥੱਲੇ ਦਿਓ! ਕਾਹਨੂੰ ਐਮੇਂ ਵਿਹਲਾ ਬਿਠਾਇਐ? ਸਾਲਾ ਰੋਟੀਆਂ ਦਾ ਖੌਅ!'' ਇਕ ਦਿਨ 'ਮੈਂਟਲ' ਨੇ ਮੁਲਾਕਾਤ ਤੋਂ ਮੁੜਦੇ ਕਰਮੇਂ ਵੱਲ ਉਂਗਲ ਕਰ ਕੇ ਆਖਿਆ ਸੀ। ਦਿਮਾਗ ਦਾ ਖਰ ਬੰਦਾ ਹੋਣ ਕਰਕੇ ਸਿਪਾਹੀਆਂ ਨੇ ਉਸ ਦਾ ਨਾਂ ਹੀ 'ਮੈਂਟਲ' ਪਕਾ ਲਿਆ ਸੀ।

-''ਇਹਨੂੰ ਗੇੜੇ ਦੇਣੇ ਨੂੰ ਤੰਦੂਰ 'ਤੇ ਨਰੜੋ-ਲਾਹ ਲਾਹ ਖੁਆਇਆ ਤਾਂ ਕਰੂ-ਵਿਹਲਾ ਰਹਿ ਕੇ ਕੁੜੀ ਚੋਦ ਫਿੱਟਦਾ ਜਾਂਦੈ?'' ਮੈਂਟਲ ਦਾ ਬਾਘੜ ਬਿੱਲੇ ਵਰਗਾ ਮੂੰਹ ਡਰਾਉਣਾ ਜਾਪਦਾ ਸੀ। ਜੇਲ੍ਹ ਦੀ 'ਮਿੱਸ' ਦਾ ਰਸੋਈਆ ਬਿਮਾਰ ਹੋਣ ਕਰਕੇ ਮੈਂਟਲ ਅੱਧਾ ਭੁੱਖਾ, ਕੈਦੀਆਂ ਨੂੰ ਗਾਲ੍ਹਾਂ ਦੀ ਸੂੜ ਬੰਨ੍ਹ ਲੈਂਦਾ ਸੀ।

ਫ਼ੈਰ! ਰੰਡੀ ਨੂੰ ਰੰਡ ਕੱਟਣ ਨਾ ਦਿੱਤਾ, ਮੁਸਟੰਡਿਆਂ ਨੇ ਆਖਰ ਚਾਦਰ ਪਾ ਹੀ ਲਈ ਸੀ। ਕਰਮੇਂ ਨੂੰ ਤੰਦੂਰ ਦੀ 'ਸੇਵਾ' ਬਫ਼ਸ਼ ਦਿੱਤੀ ਗਈ। ਕਰਮਾਂ ਦਿਨ ਰਾਤ ਤੰਦੂਰ 'ਤੇ ਅੱਕਲਕਾਨ ਹੋਇਆ ਰਹਿੰਦਾ। ਦਿਨ ਰਾਤ ਦੀ ਭੁੱਖ ਸਿਪਾਹੀ ਤੰਦੂਰ 'ਤੇ ਹੀ ਸਮੇਟਦੇ ਸਨ। ਮੁਫ਼ਤ ਦੀ ਸ਼ਰਾਬ ਨਾਲ ਘਰੋੜ੍ਹੇ, ਖਾਲੀ ਭੜੋਲੇ ਢਿੱਡ ਇੱਥੋਂ ਹੀ ਪੂਰਦੇ ਸਨ। ਘਰੋਂ ਖਾਣੀ ਉਹਨਾਂ ਦੇ ਕਾਨੂੰਨ ਵਿਚ ਨਹੀਂ ਲਿਖੀ ਹੋਈ ਸੀ।

ਗਰਮੀਆਂ ਦੇ ਦਿਨਾਂ ਦੀ ਗਰਮੀ ਅਤੇ ਤੰਦੂਰ ਦੇ ਸੇਕ ਨੇ ਕਰਮੇਂ ਦੇ ਨੱਕ ਵਿਚ ਦਮ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਿਆ। ਸਿਪਾਹੀਆਂ ਦੀਆਂ ਗਾਲ੍ਹਾਂ ਉਸ ਨੂੰ ਡਾਂਗ ਦੀ ਹੁੱਝ ਵਰਗੀਆਂ ਲੱਗਦੀਆਂ ਸਨ। ਸਿੱਧੇ ਮੂੰਹ ਨਾਲ ਤਾਂ ਸੁੱਖ ਨਾਲ ਕੋਈ ਬੋਲਦਾ ਹੀ ਨਹੀਂ ਸੀ।

-''ਇਹਦੇ ਹੱਥ ਤਾਂ ਮੇਰੀ ਮਾਸ਼ੂਕ ਅਰਗੇ ਐ।'' ਇਕ ਦਿਨ ਇਕ ਸਿਪਾਹੀ ਨੇ ਕਰਮੇਂ ਵੱਲ ਉਂਗਲ ਕਰਕੇ ਕਿਹਾ।

-''ਕੁੱਤੇ ਦਿਆ ਬੀਆ-ਇਹਨੂੰ ਕੰਜਰ ਨੂੰ ਕਿਤੇ ਊਂ ਤਾਂ ਨ੍ਹੀ ਵਰਤਦਾ?'' ਦੂਜਾ ਮੁਸ਼ਕੜੀਏਂ ਹੱਸਿਆ। ਨੰਗੀ ਅਤੇ ਅਸ਼ਲੀਲ ਗੱਲ ਸੁਣ ਕੇ ਕਰਮੇਂ ਦਾ ਸੀਤ ਨਿਕਲ ਗਿਆ ਸੀ।

-''ਜੇਲ੍ਹ 'ਚ ਤਾਂ ਮੱਲਾ ਜੋ ਕੰਮ ਕਹੀਏ, ਦੇਣਾ ਪੈਂਦੈ!'' ਤੀਜੇ ਨੇ ਆਪਣੀ ਸਟੇਨਗੰਨ ਮੇਜ਼ 'ਤੇ ਰੱਖਦਿਆਂ ਕਿਹਾ ਸੀ। ਗਾਲ੍ਹਾਂ ਅਤੇ ਬੱਕੜਵਾਹ ਸੁਣ ਕੇ ਕਰਮੇਂ ਦੇ ਕੰਨ ਬੋਲੇ ਹੋ ਚੁੱਕੇ ਸਨ।

ਕਰਮੇਂ ਨੂੰ ਪੰਜ ਭੱਠ ਤਾਪ ਚੜ੍ਹਿਆ ਹੋਇਆ ਸੀ। ਕੋਈ ਡਾਕਟਰੀ ਸਹੂਲਤ ਨਹੀਂ ਸੀ। ਕਿਸੇ ਨੂੰ ਕਿਸੇ ਕੈਦੀ ਦਾ ਕੋਈ ਫ਼ਿਕਰ ਨਹੀਂ ਸੀ। ਹਰ ਇਕ ਨੂੰ ਆਪਣੇ ਕੰਮ ਨਾਲ ਹੀ ਮਤਲਬ ਸੀ। ਆਪੋ ਧਾਪੀ ਪਈ ਹੋਈ ਸੀ। ਹਰ ਕੋਈ ਆਪਣੀ ਜੇਬ ਵੱਲ ਹੀ ਝਾਕਦਾ ਸੀ। ਪੈਸੇ ਬਗੈਰ ਤਾਂ ਕੋਈ ਸਿਪਾਹੀ

ਕਿਸੇ ਕੈਦੀ ਨਾਲ ਬੋਲ ਵੀ ਸਾਂਝਾ ਨਹੀਂ ਕਰਦਾ ਸੀ। ਕਰਮੇਂ ਨੂੰ ਬਾਬੇ ਜਪਨਾਮ ਦੇ ਬੋਲ ਯਾਦ ਆਉਂਦੇ।

-''ਹੁਣ ਤਾਂ ਮੱਲਾ ਕਲਯੁੱਗ ਐ ਕਲਯੁੱਗ-ਹੁਣ ਤਾਂ ਮਾੜੀ ਜੀ ਗੱਲ ਹੋ ਜਾਵੇ-ਮਾਂ ਜੁਆਕ ਸਿੱਟ ਕੇ ਭੱਜ ਜਾਂਦੀ ਐ-ਕਦੇ ਵੇਲੇ ਸੀ-ਜਦੋਂ ਮਾਂ ਜੁਆਕ ਵੱਲੀਂ ਪਿੱਠ ਕਰਕੇ ਨ੍ਹੀ ਸੀ ਪੈਂਦੀ!'' ਫਿਰ ਬਾਬਾ ਜਪਨਾਮ ਗਾਉਣ ਲੱਗ ਜਾਂਦਾ।

-''ਲੱਭੋ ਨੀ-ਲੱਭੋ ਨੀ ਕੋਈ-ਲੱਭੋ ਸੰਤ ਸਿਪਾਹੀ ਨੂੰ---!''

ਵਾਕਿਆ ਹੀ ਹੁਣ ਜਗਤ ਨੂੰ ਕਿਸੇ 'ਸੰਤ ਸਿਪਾਹੀ' ਦੀ ਲੋੜ ਸੀ। ਜੋ ਇਸ ਗੰਦੇ ਸਮਾਜ, ਗਰਕ ਚੁੱਕੇ ਢਾਂਚੇ ਦੀਆਂ ਖਲਪਾੜਾਂ ਕਰ ਛੱਡੇ। ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਨਿਤਾਰ ਦੇਵੇ।

ਇੰਦਰ ਕਰਮੇਂ ਦੀ ਮੁਲਾਕਾਤ ਲਈ ਆਇਆ। ਪੰਜਾਹ ਰੁਪਏ ਉਸ ਨੇ 'ਮੈਂਟਲ' ਨੂੰ ਮੱਥਾ ਟੇਕੇ ਸਨ। ਇਕ ਤਰ੍ਹਾਂ ਨਾਲ ਚੜ੍ਹਾਵਾ ਚੜ੍ਹਾਇਆ ਸੀ। ਚੜ੍ਹਾਵਾ ਚੜ੍ਹਾਉਣਾ ਹੀ ਪੈਣਾ ਸੀ। ਨਹੀਂ ਤਾਂ ਮੈਂਟਲ ਬਿਨਾ ਮੁਲਾਕਾਤ ਲਈ ਚਿੜੀ ਨਹੀਂ ਫੜਕ ਸਕਦੀ ਸੀ। ਮੈਂਟਲ ਗਹੁ ਨਾਲ ਮੁਲਾਕਾਤੀਆਂ ਵੱਲ ਤੱਕਦਾ ਮੁੱਛਾਂ ਚੱਬ ਰਿਹਾ ਸੀ।

ਕਰਮੇਂ ਨੇ ਸਾਰੀ ਹਾਲਤ ਇੰਦਰ ਨੂੰ ਦੱਸੀ। ਉਹ ਬਿਮਾਰੀ ਅਤੇ ਤੰਦੂਰ ਦਾ ਭੰਨਿਆਂ ਪਿਆ ਸੀ। ਸਿਪਾਹੀਆਂ ਦੀਆਂ ਚੋਭਦਾਰ ਗੱਲਾਂ ਅਤੇ ਗਾਲ੍ਹਾਂ ਨੇ ਜਿਵੇਂ ਉਸ ਦਾ ਪਿੰਡਾ ਪੱਛ ਦਿੱਤਾ ਸੀ। ਇੰਦਰ ਨੇ ਕਰਮੇਂ ਨੂੰ ਆਪਣੇ ਵੱਲੋਂ ਪੂਰੀ ਤਸੱਲੀ ਦਿੱਤੀ।

ਮੁਲਾਕਾਤ ਕਰ ਇੰਦਰ ਸਿੱਧਾ ਸੁਖਦੇਵ ਸਿੰਘ ਕੋਲ ਪਹੁੰਚ ਗਿਆ। ਸੁਖਦੇਵ ਫ਼ਿਰੋਜ਼ਪੁਰ ਜੇਲ੍ਹ ਵਿਚ ਨੌਕਰੀ ਕਰਦਾ ਸੀ। ਬੜਾ ਹੀ ਸਾਊ ਮੁੰਡਾ ਸੀ। ਨੇਕ ਕਮਾਈ ਕਰਕੇ ਰੋਟੀ ਖਾਣ ਵਾਲਾ ਬੰਦਾ। ਪੁਲਸ ਵਿਚ ਨੌਕਰੀ ਕਰਦਾ ਹੋਣ ਦੇ ਬਾਵਜੂਦ ਵੀ ਪੁਲਸ ਦੇ ਕੁਕਰਮਾਂ ਦਾ ਉਸ 'ਤੇ ਪ੍ਰਛਾਵਾਂ ਵੀ ਨਹੀਂ ਪਿਆ ਸੀ। ਉਹਨਾਂ ਦਾ ਆਮ ਹੀ ਮੋਗਾ ਸਬ-ਜੇਲ੍ਹ ਨਾਲ ਵਾਹ ਰਹਿੰਦਾ ਸੀ।

ਸੁਖਦੇਵ ਨੇ ਮੋਗਾ ਸਬ-ਜੇਲ੍ਹ ਦੇ ਸੁਪਰਡੈਂਟ ਨਾਲ ਜਾ ਕੇ ਸੰਪਰਕ ਕੀਤਾ। ਉਸ ਦੀ ਬਦੌਲਤ ਕਰਮੇਂ ਨੂੰ ਤੰਦੂਰ ਤੋਂ ਹਟਾ ਲਿਆ ਗਿਆ। ਬਿਮਾਰੀ ਦਾ ਇਲਾਜ਼ ਕਰਵਾਇਆ ਗਿਆ। ਕਰਮੇਂ ਬਾਰੇ ਮੈਂਟਲ ਨੂੰ ਫ਼ਾਸ ਹਦਾਇਤ ਜਾਰੀ ਹੋਈ ਸੀ ਕਿ ਉਸ ਨੂੰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ!

-''ਕਿਉਂ ਮੈਂ ਕੀ ਇਸ ਭੈਣ ਚੋਦ ਨਾਲ ਬਲਾਤਕਾਰ ਕਰਤਾ?'' ਮੈਂਟਲ ਟੱਪਿਆ ਸੀ।

ਸੁਖਦੇਵ ਦੀ ਰਾਇ 'ਤੇ ਇੰਦਰ ਹੋਰਾਂ ਨੇ ਰਲ ਕੇ ਵਕੀਲ ਕੀਤਾ, ਜਿਸ ਦਾ ਨਾਂ ਚਾਹਲ ਸੀ। ਕਾਫ਼ੀ ਸੁੱਘੜ ਸਿਆਣਾ ਵਕੀਲ ਹੋਣ ਕਰਕੇ ਚਾਹਲ ਹਮੇਸ਼ਾ ਕਿਸੇ ਸੋਚ ਵਿਚ ਅੱਖਾਂ ਸਕੋੜਦਾ ਰਹਿੰਦਾ।

ਉਸ ਦੇ ਹੱਥ ਲਏ ਕੇਸ ਤਕਰੀਬਨ ਨੱਬੇ ਪ੍ਰਤੀਸ਼ਤ ਬਹਾਲ ਹੁੰਦੇ ਸਨ। ਨੱਬੇ ਪ੍ਰਤੀਸ਼ਤ ਕੈਦੀ ਬਰੀ ਹੁੰਦੇ ਸਨ।

ਵਕੀਲ ਨੇ ਸਾਰੇ ਕੇਸ ਦੀ ਕਨਸੋਅ ਲਈ। ਠਾਣੇ ਤੋਂ ਐੱਫ਼ ਆਈ ਆਰ ਦੀ ਨਕਲ ਲਈ। ਐੱਫ਼ ਆਈ ਆਰ ਪੜ੍ਹ ਕੇ ਵਕੀਲ ਭਮੱਤਰ ਗਿਆ। ਕੇਸ ਪੁਲਸ ਨੇ ਗੇਂਦ ਵਾਂਗ ਮੜ੍ਹ ਕੇ ਰੱਖਿਆ ਹੋਇਆ ਸੀ। ਇੰਦਰ ਤੋਂ ਵਕੀਲ ਨੇ ਫਿਰ ਸਾਰੀ ਕਹਾਣੀ ਸੁਣੀ। ਉਸ ਦਾ ਮਨ ਟਹਿਕ ਉਠਿਆ, ਗੰਭੀਰ ਚਿਹਰੇ 'ਤੇ ਮੁਸਕੁਰਾਹਟ ਨੱਚ ਪਈ ਸੀ।

ਵਕੀਲ ਨੇ ਕਾਫ਼ੀ ਗੱਲਾਂ ਇੰਦਰ, ਗਿੱਲ ਅਤੇ ਬਰਾੜ ਦੇ ਕੰਨ ਵਿਚ ਸਮਝਾਈਆਂ ਸਨ। ਕਿਸੇ ਕੋਲ ਭਾਫ਼ ਨਾ ਕੱਢਣ ਦੀ ਸਫ਼ਤ ਹਦਾਇਤ ਕੀਤੀ ਸੀ। ਚੁਣੇ ਨੁਕਤੇ ਹੀ ਕਰਮੇਂ ਨੂੰ ਬਰੀ ਕਰਵਾ ਸਕਦੇ ਸਨ, ਨਹੀਂ ਤਾਂ ਕੋਈ ਆਸ ਨਹੀਂ ਬੱਝਦੀ ਸੀ! ਵਕੀਲ ਨੇ ਸਾਰੀ ਗੱਲ ਉਹਨਾਂ ਨੂੰ ਸਾਫ਼ ਸਾਫ਼ ਦੱਸ ਦਿੱਤੀ ਸੀ। ਲਾਰਾ ਲਾਉਣਾ ਉਸ ਦੀ ਆਦਤ ਨਹੀਂ ਸੀ।

ਫ਼ੈਰ! ਆਖਰ ਮੁਕੱਦਮੇ ਦੀ ਤਾਰੀਖ ਨਿਕਲ ਆਈ।

ਅਦਾਲਤ ਖਚਾਖਚ ਭਰੀ ਹੋਈ ਸੀ। ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ। ਲੋਕ ਆਪਣੇ ਆਪ ਵਿਚ 'ਕੁਰਬਲ-ਕੁਰਬਲ' ਕਰ ਰਹੇ ਸਨ। ਕੰਨ ਪਾਈ ਨਹੀਂ ਸੁਣਦੀ ਸੀ। ਅਦਾਲਤ ਵਿਚ ਮੇਲਾ ਲੱਗਿਆ ਨਜ਼ਰ ਆਉਂਦਾ ਸੀ। ਕਰਮੇਂ ਦੇ ਹਮਾਇਤੀ ਇਕ ਪਾਸੇ ਬੈਠੇ ਸਨ। ਜੰਟੇ ਦੇ ਲਗਾੜੇ ਦੂਜੇ ਪਾਸੇ ਬੈਠੇ ਮੁੱਛਾਂ ਨੂੰ ਤਾਅ ਦੇ ਰਹੇ ਸਨ। ਦਾਰੂ ਪੀਤੀ ਹੋਣ ਕਰਕੇ ਉਹਨਾਂ ਦੇ ਚਿਹਰੇ ਭੰਗਰੂਣੇਂ ਜਿਹੇ ਹੋਏ ਪਏ ਸਨ। ਸਰਕਾਰੀ ਵਕੀਲ ਅਤੇ ਕਰਮੇਂ ਦਾ ਵਕੀਲ ਆਪੋ-ਆਪਣੀਆਂ ਫ਼ਾਈਲਾਂ ਵਿਚ ਨਜ਼ਰਾਂ ਗੱਡੀ ਬੈਠੇ ਸਨ। ਉਹ ਪੱਟਾਂ ਨੂੰ ਨਹੀਂ, ਦਿਮਾਗ ਨੂੰ ਤੇਲ ਲਾ ਕੇ ਜਿਵੇਂ ਮਾਲਿਸ਼ ਕਰ ਰਹੇ ਸਨ। ਹਰ ਘੁੰਡੀ 'ਤੇ ਟਕਰਾਅ ਹੋਣਾ ਤਾਂ ਲਾਜ਼ਮੀ ਸੀ। ਉਹ ਦਿਮਾਗ ਵਿਚ ਹੀ ਆਪਣੀ ਮੰਜ਼ਿਲ ਤਹਿ ਕਰ ਰਹੇ ਸਨ।

ਜੱਜ ਸਾਹਿਬਾਨ ਅਦਾਲਤ ਅੰਦਰ ਆ ਗਏ।

ਸਾਰੇ ਅਦਬ ਨਾਲ ਖੜ੍ਹੇ ਹੋ ਗਏ।

ਜੱਜ ਨੇ ਹੱਥ ਦੇ ਇਸ਼ਾਰੇ ਨਾਲ ਸਭ ਨੂੰ ਬੈਠਣ ਲਈ ਸੰਕੇਤ ਦਿੱਤਾ। ਸਾਰੇ ਬੈਠ ਗਏ। ਲੱਕੜ ਦੇ ਬੈਂਚਾਂ ਨੇ "ਚਿਰੜ-ਚਿਰੜ" ਕੀਤੀ।

ਕਰਮੇਂ ਨੂੰ ਹੱਥਕੜੀਆਂ ਖੋਲ੍ਹ ਕੇ ਕਟਿਹਰੇ ਵਿਚ ਪੇਸ਼ ਕੀਤਾ ਗਿਆ। ਅਦਾਲਤ ਦੇ ਕਟਿਹਰੇ ਵਿਚ ਉਹ ਅੱਧ ਕੁ ਦਾ ਹੋਇਆ ਖੜ੍ਹਾ ਸੀ। ਚਿਹਰੇ ਉਪਰ ਕਈ ਹਾਵ ਭਾਵ ਉਤਰਾਅ ਚੜ੍ਹਾਅ ਲੈ ਲੈ ਪਰਤ ਰਹੇ ਸਨ। ਦਿਲ ਵਿਚ ਬੇਚੈਨੀ ਸੀ।

ਜੱਜ ਸਾਹਿਬ ਨੇ ਤਰਦੀਆਂ ਅੱਖਾਂ ਨਾਲ ਫ਼ਾਈਲ ਪੜ੍ਹੀ ਅਤੇ ਕਹਿਰ ਭਰੀਆਂ ਅੱਖਾਂ ਨਾਲ ਕਰਮੇਂ ਵੱਲ ਤੱਕਿਆ। ਤ੍ਰਿਸਕਾਰ ਨਜ਼ਰ ਉਸ ਅੰਦਰ ਸੂਲ ਵਾਂਗ ਲੰਘ ਗਈ ਸੀ। ਸਭ ਦਾ ਸੀਤ ਨਿਕਲ ਗਿਆ। ਪਰ ਕਰਮੇਂ ਦੇ ਵਕੀਲ ਚਾਹਲ ਨੇ ਉਹਨਾਂ ਨੂੰ ਨਜ਼ਰਾਂ ਨਾਲ ਹੀ ਹੌਸਲਾ ਦਿੱਤਾ।

ਕੇਸ ਸ਼ੁਰੂ ਹੋ ਗਿਆ।

ਮੁਕੱਦਮਾ ਪੜ੍ਹ ਕੇ ਸੁਣਾਇਆ ਗਿਆ।

ਹਰ ਕੋਈ ਆਪਣਾ ਸਾਹ ਰੋਕੀ ਮੁਕੱਦਮੇਂ ਦੀ ਕਹਾਣੀ ਸੁਣ ਰਿਹਾ ਸੀ। ਇਕ ਦਮ ਸ਼ਾਂਤੀ ਪਸਰ ਗਈ ਸੀ। ਮੁਕੱਦਮਾ ਪੜ੍ਹਨ ਪਿੱਛੋਂ ਅਦਾਲਤ ਅੰਦਰ ਅੱਡੋ-ਅੱਡੀ ਗੱਲਾਂ ਹੋਣ ਲੱਗ ਪਈਆਂ ਸਨ। ਕਈਆਂ ਨੇ ਕਰਮੇਂ ਨੂੰ ਮੰਦਾ ਚੰਗਾ ਵੀ ਬੋਲਿਆ ਸੀ।

ਬਹਿਸ ਸ਼ੁਰੂ ਹੋਈ।

ਪੈਂਦੀ ਸੱਟੇ ਸਰਕਾਰੀ ਵਕੀਲ ਨੇ ਗਵਾਹ ਪੇਸ਼ ਕਰਨ ਦੀ ਇਜਾਜ਼ਤ ਮੰਗੀ, ਜੋ ਝੱਟ ਮਨਜ਼ੂਰ ਕਰ ਦਿੱਤੀ ਗਈ। ਜੱਜ ਫ਼ਾਈਲ ਉਪਰ ਪੈੱਨ ਸੁੱਟ ਕੇ, ਖੁੱਲ੍ਹ ਕੇ ਜਿਹੇ ਬੈਠ ਗਿਆ ਸੀ।

-"ਬੁੱਕਣ ਸਿੰਘ ਨ੍ਹੇਰੀ ਪੇਸ਼ ਹੋਵੇ---!" ਅਵਾਜ਼ ਪਈ।

ਨ੍ਹੇਰੀ ਇੱਕ ਖੂੰਜਿਓਂ ਉਠ ਕੇ ਅਦਾਲਤ ਅੱਗੇ ਪੇਸ਼ ਹੋਇਆ। ਨ੍ਹੇਰੀ ਦੀ ਧੁਆਂਖੀ ਜਿਹੀ ਬੂਥੀ ਦਗ ਰਹੀ ਸੀ। ਉਸ ਦੇ ਸਿਰ 'ਤੇ ਬੰਨ੍ਹੀ ਤੋਤੇ ਰੰਗੀ ਪੱਗ ਲਾਟਾਂ ਛੱਡਦੀ ਨਜ਼ਰ ਆਉਂਦੀ ਸੀ। ਉਹ ਕਿਸੇ ਅੰਦਾਜ਼ ਜਿਹੇ ਨਾਲ ਚਾਦਰੇ ਦਾ ਲੜ ਚੁੱਕ ਕੇ ਕਟਿਹਰੇ ਦੀਆਂ ਦੋ ਪੌੜੀਆਂ ਚੜ੍ਹ ਗਿਆ।

-"ਜੋ ਬੋਲੂੰਗਾ-ਸੱਚ ਬੋਲੂੰਗਾ-ਸੱਚ ਦੇ ਸਿਵਾਏ ਕੁਛ ਨਹੀਂ ਆਖੂੰਗਾ--!" ਨ੍ਹੇਰੀ ਕਰਮਚਾਰੀ ਦੇ ਪਿੱਛੇ ਹੀ ਬੋਲਿਆ।

-"ਹਾਂ ਬਈ ਬੁੱਕਣ ਸਿਆਂ-ਤੂੰ ਕੀ ਦੇਖਿਆ--?" ਸਰਦਾਰ ਜੱਜ ਨੇ ਸਪੱਸ਼ਟ, ਠੇਠ ਪੰਜਾਬੀ ਵਿਚ ਪੁੱਛਿਆ।

-"ਸਰਦਾਰ ਜੀ-ਕੀ ਦੇਖਿਆ ਤੇ ਕੀ ਨਹੀਂ ਦੇਖਿਆ? ਬੱਸ ਪੁੱਛੋ ਈ ਕੁਛ ਨਾ-ਢਕੀ ਰਹਿਣ ਦਿਓਂ ਤਾਂ ਚੰਗੈ!" ਨ੍ਹੇਰੀ ਨੇ ਸਿਰ ਮਾਰਨਾ ਸ਼ੁਰੂ ਕਰ ਦਿੱਤਾ। ਉਹ ਕਿਸੇ ਸਿੱਧਰੀ ਤੀਵੀਂ ਵਾਂਗ ਟੋਟਣ ਹਿਲਾ ਰਿਹਾ ਸੀ। ਉਸ ਦੀ ਪੱਗ ਦਾ ਤੁਰਲ੍ਹਾ ਜਿਵੇਂ ਉਸ ਨੂੰ ਚੌਰ ਕਰ ਰਿਹਾ ਸੀ।

-"ਬੁੱਕਣ ਸਿਆਂ! ਤੈਨੂੰ ਇੱਥੇ ਗਵਾਹੀ ਦੇਣ ਲਈ ਬੁਲਾਇਆ ਗਿਐ-ਦੁੱਖ ਰੋਣ ਨੂੰ ਨਹੀਂ!" ਸਰਕਾਰੀ ਵਕੀਲ ਉਸ ਦੇ ਖੇਖਨਾਂ ਤੋਂ ਸ਼ਾਇਦ ਜਾਣੂੰ ਸੀ।

-''ਜੇ ਗਵਾਹੀ ਲਈ ਬੁਲਾਇਐ ਤਾਂ ਮਾਲਕੋ ਸੁਣ ਲਓ! ਮੈਂ ਗੁਆਂਢੀਆਂ ਦੇ ਕੋਠੇ 'ਤੇ ਖੜ੍ਹਾ ਸੀ-ਜਦੋਂ ਇਹ ਘਾਣੀਂ ਬੀਤੀ-!''

ਕਰਮੇਂ ਦਾ ਵਕੀਲ ਕੋਈ ਸੁਆਲ ਕਰਨ ਲੱਗਾ, ਪਰ ਜੱਜ ਨੇ ਰੋਕ ਦਿੱਤਾ।

-''ਫੇਰ-- ?'' ਜੱਜ ਨੇ ਲੰਬਾ ਸਾਹ ਲੈ ਕੇ ਛੱਡਿਆ।

-''ਪਹਿਲਾਂ ਤਾਂ ਜੀ ਸਾਡੇ ਬਾਈ ਕਰਮ ਸਿਉਂ ਨੇ ਤਿੰਨਾਂ ਜੁਆਕਾਂ ਨੂੰ ਦੁਆਈ ਪਿਆਈ ਤੇ ਫੇਰ ਪਿਆਈ ਸਾਡੀ ਭਰਜਾਈ ਨੂੰ।'' ਉਹ ਬੜੇ ਧਹੱਮਲ ਨਾਲ ਦੱਸ ਰਿਹਾ ਸੀ।

-''ਤੂੰ ਆਪਣੇ ਅੱਖੀਂ ਦੇਖਿਆ ?''

-''ਕਿਹੜੀ ਗੱਲ ਕਰਦੇ ਓਂ ਸਰਕਾਰ! ਮੈਂ ਜੀ ਐਹਨਾਂ ਅੱਖਾਂ ਨਾਲ ਦੇਖਿਐ--!'' ਨ੍ਹੇਰੀ ਨੇ ਦੋਨੋਂ ਅੱਖਾਂ ਨੂੰ ਉਂਗਲੀ ਲਾ ਕੇ ਦੱਸਿਆ ਸੀ।

ਅਦਾਲਤ ਵਿਚ ਹਾਸੜ ਪੈ ਗਈ।

ਜੱਜ ਨੇ ਮੇਜ਼ 'ਤੇ ਹੱਥ ਮਾਰ ਕੇ ਚੁੱਪ ਦਾ ਇਸ਼ਾਰਾ ਦਿੱਤਾ।

-''ਤੇਰੇ ਨਾਲ ਹੋਰ ਕੌਣ ਸੀ ?''

-''ਜੀ ਮੈਂ 'ਕੱਲਾ ਈ ਸੀ ਹਜੂਰ!'' ਉਸ ਨੇ ਦੋਨੋਂ ਹੱਥ ਜੋੜ ਦਿੱਤੇ।

-''ਮੀ ਲਾਰਡ! ਮੈਂ ਬੁੱਕਣ ਸਿੰਘ ਤੋਂ ਕੁਝ ਸੁਆਲ ਪੁੱਛਣੇਂ ਚਾਹੁੰਦਾ ਹਾਂ-ਜਨਾਬ ਇਜਾਜ਼ਤ ਬਫ਼ਸ਼ੋ!'' ਕਰਮੇਂ ਦਾ ਵਕੀਲ ਬੜੇ ਸੁਧਰੇ ਢੰਗ ਨਾਲ ਬੋਲਿਆ।

-''ਹਾਂ ਕਿਉਂ ਨਹੀਂ ? ਪੁੱਛੋ!'' ਇਜਾਜ਼ਤ ਮਿਲ ਗਈ।

-''ਥੈਂਕ ਯੂ-ਯੂਅਰ ਆਨਰ--!'' ਉਹ ਅਦਬ ਨਾਲ ਝੁਕਿਆ ਸੀ।

ਵਕੀਲ ਨ੍ਹੇਰੀ ਕੋਲ ਪਹੁੰਚ ਗਿਆ।

-''ਸਰਦਾਰ ਬੁੱਕਣ ਸਿੰਘ! ਤੁਸੀਂ ਇਹ ਕਹਿ ਕੇ ਬਿਲਕੁਲ ਸਾਬਤ ਕਰ ਦਿੱਤਾ ਕਿ ਜੋ ਕੁਇੱਕਫ਼ਾਸ ਪਿਆਈ ਗਈ-ਉਹ ਕਰਮ ਸਿੰਘ ਵੱਲੋਂ ਹੀ ਧੱਕੇ ਨਾਲ ਪਿਆਈ ਗਈ-- ?'' ਉਸ ਨੇ ਸੁਆਲ ਕੀਤਾ।

-''ਹਾਂ ਜੀ--!'' ਨ੍ਹੇਰੀ ਨੇ ਪਟੱਕ ਕਿਹਾ।

-''ਫੇਰ ਇਕ ਗੱਲ ਦੱਸਣ ਦੀ ਤਕਲੀਫ਼ ਕਰੋਂਗੇ ?''

–''ਤੁਸੀਂ ਸੌ ਪੁੱਛੋ ਸਰਕਾਰ!''

–''ਜਦੋਂ ਕਰਮ ਸਿੰਘ ਨੇ ਆਪਣੀ ਪਤਨੀ ਨੂੰ ਦੁਆਈ ਪਾ ਕੇ ਫੜਾਈ ਤਾਂ ਉਹ ਝੱਟ ਪੀ ਗਈ?''

ਸੁਆਲ ਡਾਂਗ ਵਾਂਗ ਸਿਰ 'ਤੇ ਆ ਪਿਆ।

–''ਕਾਹਨੂੰ ਜੀ! ਇਹਨੇ ਪਤੰਦਰ ਨੇ ਮੱਲੋਮੱਲੀ ਪਿਆਈ–ਉਹ ਬਿਚਾਰੀ ਕਾਹਨੂੰ ਪੀਂਦੀ ਸੀ?'' ਉਹ ਚੰਟ ਬਣਿਆਂ ਖੜ੍ਹਾ ਸੀ। ਲੋਕ ਫਿਰ ਹੱਸ ਪਏ।

–''ਬੱਚੀਆਂ ਨੂੰ ਵੀ ਮੱਲੋਮੱਲੀ ਪਿਆਈ?''

–''ਬਿਲਕੁਲ ਸਰਕਾਰ––!'' ਉਸ ਨੇ ਸਿਰ ਹਿਲਾਇਆ।

–''ਫ਼ੈਰ! ਬੁੱਕਣ ਸਿੰਘ–ਸਭ ਤੋਂ ਪਹਿਲਾਂ ਦੁਆਈ ਕਰਮ ਸਿੰਘ ਨੇ ਕਿਸ ਨੂੰ ਪਿਆਈ? ਬੱਚੀਆਂ ਨੂੰ ਜਾਂ ਆਪਣੀ ਪਤਨੀ ਨੂੰ?''

–''ਯੂਅਰ ਆਨਰ! ਗਵਾਹ ਨੂੰ ਬਦੋਬਦੀ ਬੇਅਰਥੇ ਅਤੇ ਬੇਹੂਦੇ ਸੁਆਲ ਪੁੱਛੇ ਜਾ ਰਹੇ ਹਨ!'' ਸਰਕਾਰੀ ਵਕੀਲ ਕੜਕਿਆ। ਪਰ ਜੱਜ ਨੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ। ਅਸਲ ਵਿਚ ਜੱਜ ਨੂੰ ਕੇਸ ਵਿਚ ਦਿਲਚਸਪੀ ਜਾਗ ਪਈ ਸੀ। ਚਾਹਲ ਵਾਕਿਆ ਹੀ ਕਿਸੇ ਸਾਂਭੇ ਹੋਏ ਸਟੋਰ 'ਚੋਂ ਸੁਆਲ ਕੱਢ ਕੱਢ ਕੇ ਲਿਆ ਰਿਹਾ ਸੀ।

–''ਬੋਲੋ–ਬੁੱਕਣ ਸਿੰਘ–– ?''

ਪਹਿਲਾਂ ਜੀ ਬੱਚੀਆਂ ਨੂੰ ਪਿਆਈ।''

–''ਤੇ ਕਰਮ ਸਿੰਘ ਦੀ ਪਤਨੀ ਖੜ੍ਹੀ ਤਮਾਸ਼ਾ ਦੇਖਦੀ ਰਹੀ?''

ਬੁੱਕਣ ਧੁਰੋਂ ਹਿੱਲ ਗਿਆ।

–''ਉਹਨੇ ਬਥੇਰੀਆਂ ਮਿੰਨਤਾਂ ਕੀਤੀਆਂ ਜੀ–ਪਰ ਇਹਨੇ ਮਾਂ ਦੇ ਪੁੱਤ ਨੇ ਕੋਈ ਪੇਸ਼ ਈ ਨ੍ਹੀਂ ਜਾਣ ਦਿੱਤੀ।''

–''ਫ਼ੈਰ! ਇਹ ਸਾਰਾ ਕੁਝ ਹੋਇਆ–ਤੁਸੀਂ ਆਪਣੀਆਂ ਅੱਖਾਂ ਨਾਲ ਦੇਖਿਆ?''

–''ਬਿਲਕੁਲ ਸਰਕਾਰ! ਬੱਸ ਐਨਾਂ ਕੁ ਈ ਸੰਨ੍ਹ ਸੀ–ਜਿੰਨਾਂ ਮੇਰਾ ਤੇ ਜੱਜ ਸਾਹਬ ਦੈ!'' ਨ੍ਹੇਰੀ ਨੇ ਮਿਣਤੀ ਦੱਸੀ।

–''ਫ਼ੈਰ! ਬੁੱਕਣ ਸਿੰਘ ਜਦੋਂ ਤੁਸੀਂ ਇਤਨਾ ਹੀ ਨਜ਼ਦੀਕ ਸੀ–ਫੇਰ ਮੱਦਦ ਲਈ ਕਿਉਂ ਨਾ ਪਹੁੰਚੇ?''

ਨ੍ਹੇਰੀ ਨੂੰ ਚੱਕਰ ਆਇਆ। ਚੋਰ ਪਾੜ ਵਿਚ ਫੜਿਆ ਗਿਆ ਸੀ। ਪਰ ਉਸ ਨੇ ਹੌਂਸਲਾ ਨਾ ਹਾਰਿਆ। ਗਵਾਹੀ ਲਈ ਮਿਲਣ ਵਾਲਾ ਪੰਜ ਹਜ਼ਾਰ ਰੁਪਈਆ ਉਸ ਦੇ ਕੰਨਾਂ ਕੋਲ ਕੂਕ ਰਿਹਾ ਸੀ।

-"ਜੀ ਮੈਂ ਮਰਨਾ ਸੀ? ਇਹ ਇਕ ਗਿਲਾਸ ਮੇਰੇ ਅੰਦਰ ਮਾਰਦਾ-ਅਰਲਾ ਕੋਟ ਮੇਰਾ ਗੱਡਿਆ ਜਾਣਾ ਸੀ-ਖੋਲ੍ਹਦੇ ਫਿਰਦੇ ਫੇਰ ਮੇਰਾ ਵੀ ਜੀ ਖੰਡ ਪਾਠ।"

ਲੋਕ ਫਿਰ ਹੱਸ ਪਏ।

ਪਰ ਇੰਦਰ ਹੁਰੀਂ ਬੈਠੇ ਦੰਦ ਪੀਹ ਰਹੇ ਸਨ। ਮਨ ਅੰਦਰ ਗੁੱਸਾ ਲਾਵੇ ਵਾਂਗ ਉਥਲ ਪੁੱਥਲ ਹੋ ਰਿਹਾ ਸੀ। ਕਰਮੋਂ ਦੀ ਬੇਬੇ ਅਦਾਲਤ ਦੀ ਕੁਰਸੀ 'ਤੇ ਬੈਠੀ ਬੇਸੁੱਧ ਹੁੰਦੀ ਜਾ ਰਹੀ ਸੀ। ਕੁੱਖੋਂ ਜੰਮੇਂ ਪੁੱਤ ਨੂੰ ਫ਼ਾਂਸੀ ਲੱਗਦੀ ਸਾਫ਼ ਨਜ਼ਰ ਆਉਂਦੀ ਸੀ। ਕੇਸ ਬਹੁਤ ਸਖ਼ਤ ਸੀ।

-"ਮੀ ਲਾਰਡ! ਇੱਥੇ ਆ ਕੇ ਸਾਫ਼ ਪਤਾ ਚੱਲਦਾ ਹੈ ਕਿ ਗਵਾਹ ਬਿਲਕੁਲ ਝੂਠਾ ਹੈ ਅਤੇ ਪੁਲੀਸ ਨੇ ਬੜੀ ਸੂਝ ਨਾਲ ਲੱਭਿਆ ਹੈ!" ਚਾਹਲ ਜੱਜ ਨੂੰ ਮੁਖ਼ਾਤਿਬ ਹੋਇਆ।

ਸਰਕਾਰੀ ਵਕੀਲ ਖੜ੍ਹਾ 'ਮੁਤਰ-ਮੁਤਰ' ਮਜੌਰਾਂ ਦੀ ਮਾਂ ਵਾਂਗ ਝਾਕ ਰਿਹਾ ਸੀ। ਉਹ ਕੱਛ 'ਚੋਂ ਕਿਸੇ ਮੂੰਗਲੇ ਦੀ ਉਡੀਕ ਕਰ ਰਿਹਾ ਸੀ।

ਜੱਜ ਨੇ ਕੰਨ ਚੁੱਕੇ।

-"ਮੀ ਲਾਰਡ! ਜਿਸ ਗੁਆਂਢੀਆਂ ਦੇ ਕੋਠੇ ਦੀ ਬੁੱਕਣ ਸਿੰਘ ਗੱਲ ਕਰ ਰਿਹਾ ਹੈ-ਉਹਨਾਂ ਗੁਆਂਢੀਆਂ ਦੀ ਬੁੱਕਣ ਸਿੰਘ ਦੇ ਘਰ ਨਾਲ ਪੂਰੇ ਗਿਆਰ੍ਹਾਂ ਵਰ੍ਹਿਆਂ ਦੀ ਨਹੀਂ ਬਣਦੀ-ਹੋਰ ਕੋਈ ਘਰ ਉਹਨਾਂ ਨਾਲ ਲੱਗਦਾ ਹੀ ਨਹੀਂ-ਫਿਰ ਬੁੱਕਣ ਸਿੰਘ ਕਿਸ ਖੁਸ਼ੀ ਵਿਚ ਦੁਸ਼ਮਣਾਂ ਦੇ ਘਰੇ ਜਾਂ ਕੋਠੇ ਉਪਰ ਚਲਾ ਗਿਆ?" ਕਰਮੋਂ ਦੇ ਵਕੀਲ ਨੇ ਤੀਰ ਦਾ ਨਿਸ਼ਾਨਾ ਸਿੱਧਾ ਜੱਜ ਵੱਲ ਕਰ ਲਿਆ ਸੀ।

ਜੱਜ ਸਾਹਿਬ ਨੇ ਨੁਕਤਾ ਨੋਟ ਕੀਤਾ।

-"ਯੂਅਰ ਆਨਰ-ਮੇਰੀ ਸਿਰਫ਼ ਇਕ ਦਰਖ਼ਾਸਤ ਹੈ! ਜੇ ਜਨਾਬ ਦਇਆਵਾਨ ਹੋਣ ਤਾਂ?"

-"ਬੋਲੋ--- ?"

-"ਮੈਨੂੰ ਇਕ ਹਫ਼ਤੇ ਦਾ ਸਮਾਂ ਹੋਰ ਦਿੱਤਾ ਜਾਵੇ ਤਾਂ ਕਿ ਮੈਂ ਜਨਾਬ ਅੱਗੇ ਲੋੜੀਂਦੇ ਸਬੂਤ ਪੇਸ਼ ਕਰ ਸਕਾਂ---।" ਵਕੀਲ ਫ਼ਰਿਆਦੀ ਬਣਿਆਂ ਖੜ੍ਹਾ ਸੀ।

ਫ਼ਰਿਆਦ ਮਨਜ਼ੂਰ ਹੋ ਗਈ।

ਫ਼ੈਸਲੇ ਦੀ ਤਾਰੀਫ਼ ਇਕ ਹਫ਼ਤੇ 'ਤੇ ਪਾ ਦਿੱਤੀ ਗਈ।

ਕਰਮੇਂ ਨੂੰ ਸਿਪਾਹੀਆਂ ਨੇ ਹੱਥਕੜੀਆਂ 'ਚ ਜਕੜ ਲਿਆ ਸੀ। ਵਕੀਲ ਸਮੇਤ ਸਾਰੇ ਕਰਮੇਂ ਕੋਲ ਆ ਗਏ। ਹੱਥਕੜੀਆਂ ਅਤੇ ਬੇੜੀਆਂ ਦੇਖ ਕੇ ਕਰਮੇਂ ਦੀ ਮਾਂ ਡਰ ਗਈ।

-''ਵੇ ਪੁੱਤ-ਤੇਰੇ ਆਹ ਸਾਰਾ ਦਿਨ ਈ ਪਾਈ ਰੱਖਦੇ ਐ?'' ਰੋਂਦੀ, ਨੱਕ ਪੂੰਝਦੀ ਮਾਂ ਹੇਰਵੇ ਨਾਲ ਪੁੱਛ ਰਹੀ ਸੀ।

-''-----।'' ਕਰਮਾਂ ਚੁੱਪ ਸੀ। ਉਸ ਦਾ ਮਨ ਨੱਕੋ-ਨੱਕ ਭਰ ਆਇਆ ਸੀ। ਉਸ ਨੇ ਚਿਹਰਾ ਮਾਂ ਤੋਂ ਲਕੋ ਲਿਆ।

-''ਇਉਂ ਤਾਂ ਪੁੱਤ ਤੈਨੂੰ ਤਕਲੀਪ ਹੁੰਦੀ ਹੋਊ?''

ਸਾਰਿਆਂ ਦੇ ਮਨ ਭਰ ਕੇ ਉਛਲ ਗਏ।

ਕਰਮੇਂ ਦਾ ਦਿਲ ਕੰਨਾਂ 'ਤੇ ਹੱਥ ਧਰ ਕੇ ਚੀਕਣ ਨੂੰ ਕਰਦਾ ਸੀ। ਫਿਰ ਸਿਪਾਹੀ ਪਸ਼ੂ ਵਾਂਗ ਖਿੱਚ ਕੇ ਉਸ ਨੂੰ ਪਤਾ ਨਹੀਂ ਕਿੱਧਰ ਲੈ ਗਏ? ਮਾਂ ਦੀਆਂ ਅੱਖਾਂ ਅੱਗੇ ਹਨ੍ਹੇਰ ਛਾ ਗਿਆ। ਉਸ ਦਾ ਪੁੱਤਰ ਪਤਾ ਨਹੀਂ ਕਿੱਧਰ ਛਾਈਂ-ਮਾਈਂ ਹੋ ਗਿਆ ਸੀ? ਉਹ ਚੁੱਪ-ਚਾਪ ਖੜ੍ਹੀ ਹੰਝੂ ਵਗਾ ਰਹੀ ਸੀ। ਉਸ ਦੀਆਂ ਝੁਰੜੀਆਂ ਕੰਬ ਰਹੀਆਂ ਸਨ।

ਇੰਦਰ ਹੁਰਾਂ ਨੇ ਉਸ ਨੂੰ ਜੀਪ ਵਿਚ ਬਿਠਾਇਆ।

-''ਬੇਬੇ ਫਿਕਰ ਕਿਉਂ ਕਰਦੀ ਐਂ? ਅਗਲੇ ਹਫ਼ਤੇ ਕਰਮਾਂ ਘਰੇ ਆਇਆ ਲੈ!'' ਗਿੱਲ ਨੇ ਕਿਹਾ। ਪਰ ਸੱਚ ਉਸ ਨੂੰ ਆਪਣੀ ਕਹੀ ਗੱਲ 'ਤੇ ਆਪ ਨੂੰ ਵੀ ਨਹੀਂ ਆਇਆ ਸੀ!

-''ਤੇਰੇ ਮੂੰਹ ਘਿਉ ਸੱਕਰ ਪੁੱਤ-ਤੇਰਾ ਬੋਲ ਈ ਸੁਲੱਖਣਾ ਹੋਵੇ!'' ਮਾਈ ਇਕ ਤਰ੍ਹਾਂ ਨਾਲ ਟਹਿਕ ਪਈ ਸੀ। ਪਰ ਫ਼ੋਕੇ ਦਿਲਾਸੇ ਉਸ ਕੋਲੋਂ ਪੁਰੇ ਦੀ ਹਵਾ ਵਾਂਗ ਲੰਘ ਜਾਂਦੇ ਸਨ।

ਉਹਨਾਂ ਵਕੀਲ ਦੇ ਦਫ਼ਤਰ ਕੋਲ ਜੀਪ ਰੋਕੀ।

ਇੰਦਰ, ਬਰਾੜ ਅਤੇ ਗਿੱਲ ਅੰਦਰ ਚਲੇ ਗਏ।

-''ਮੈਂ ਤੁਹਾਨੂੰ ਹੀ ਉਡੀਕ ਰਿਹਾ ਸੀ।'' ਵਕੀਲ ਬੋਲਿਆ।

ਸਾਰਿਆਂ ਨੇ ਨਜ਼ਰ ਉਸ ਦੇ ਮੂੰਹ 'ਤੇ ਖੋਭ ਲਈ।

ਉਸ ਨੇ ਕੁਝ ਗੁਪਤ ਗੱਲਾਂ ਉਹਨਾਂ ਨੂੰ ਸਮਝਾਈਆਂ।

-''ਅੱਛਾ ਜੀ---!'' ਕਹਿ ਕੇ ਸਾਰੇ ਜੀਪ ਵਿਚ ਆ ਬੈਠੇ।

ਜੀਪ ਪੂਛ ਚੁੱਕੀ ਘੋੜੀ ਵਾਂਗ ਭੱਜੀ ਜਾ ਰਹੀ ਸੀ। ਬਰਾੜ ਨੇ ਕਿਸੇ ਗੰਭੀਰ ਹਾਲਤ ਵਿਚ ਗਿੱਲ ਵੱਲ ਤੱਕਿਆ। ਪਰ ਮੂੰਹੋਂ ਨਾ ਬੋਲਿਆ। ਬੇਬੇ ''ਵਾਖਰੂ-ਵਾਖਰੂ'' ਜਪੀ ਜਾ ਰਹੀ ਸੀ।

ਉਹ ਸਿੱਧੇ ਸ਼ਿੰਦੇ ਦੇ ਪਿੰਡ ਪਹੁੰਚੇ।

ਸਾਰਿਆਂ ਨੇ ਸ਼ਰਾਬ ਝੋਅ ਲਈ।

ਸੂਰਜ ਧਰਤੀ ਅਤੇ ਅਸਮਾਨ ਵਿਚਕਾਰ ਅੜਿਆ ਜਿਹਾ ਖੜ੍ਹਾ ਸੀ। ਸਭ ਦੀਆਂ ਨਜ਼ਰਾਂ ਵਿਚ ਨਸ਼ਾ ਡੋਲ ਰਿਹਾ ਸੀ। ਚਿਹਰੇ ਸਫ਼ਤ, ਖਰਾੜ੍ਹੇ ਜਿਹੇ ਹੋ ਚੁੱਕੇ ਸਨ। ਬਰਾੜ ਪਤਾ ਨਹੀਂ ਕਿਸ 'ਤੇ ਦੰਦ ਪੀਹ ਰਿਹਾ ਸੀ? ਸੂਣ ਵਾਲੀ ਮੱਝ ਵਾਂਗ ਉਹ ਵੱਟ ਜਿਹਾ ਕਰ ਰਿਹਾ ਸੀ।

-''ਉਹਨੂੰ ਤਾਂ ਮੇਰੇ ਸਾਲੇ ਨੂੰ ਪਾਰ ਬੁਲਾਓ ਅੱਜ!'' ਗਿੱਲ ਨੇ ਹੱਥ ਦੀ ਓਟ ਨਾਲ ਲੰਡਾ ਪੈੱਗ ਅੰਦਰ ਮਾਰਿਆ ਸੀ। ਭੁਜੀਏ ਦੇ ਦਾਣੇਂ ਉਸ ਦੀ ਜਾੜ੍ਹ ਹੇਠ ਇੰਜ ''ਕਰਚ-ਕਰਚ'' ਕਰ ਰਹੇ ਸਨ, ਜਿਵੇਂ ਝੋਟਾ ਚਰ ਕਰਦੈ!

-''ਇਕ ਅੱਧੇ ਦਾ ਘੋਗਾ ਚਿੱਤ ਕੀਤਾ ਹੋਇਆ ਤਾਂ ਬਾਕੀ ਦੇ ਮੂਤ ਦੀ ਝੱਗ ਮਾਂਗੂੰ ਬੈਠ ਜਾਣਗੇ!'' ਬਰਾੜ ਨੇ ਗਿੱਲ ਦੀ ਹਮਾਇਤ ਕੀਤੀ। ਜੁਆਕ ਹੱਥ ਜਿਵੇਂ ਮਸਾਂ ਹੀ ਛੁਣਛਣਾਂ ਆਇਆ ਸੀ। ਉਸ ਦੇ ਦਿਲ ਦੀ ਗੱਲ ਪੂਰੀ ਹੋ ਗਈ ਸੀ। ਉਸ ਨੂੰ ਗੱਲ ਕਰਨ ਦਾ ਮਸਾਂ ਹੀ ਮੌਕਾ ਮਿਲਿਆ ਸੀ। ਗਿੱਲ ਹੀ ਸੀ, ਜਿਸ ਨੇ ਉਸ ਦੀ ਖੁੱਭੀ ਕੱਢੀ ਸੀ। ਇਹ ਗੱਲ ਕਹਿਣ ਲਈ ਤਾਂ ਉਹ ਕਾਫ਼ੀ ਚਿਰ ਦਾ ਪੈਰਾਂ ਹੇਠੋਂ ਮਿੱਟੀ ਕੱਢ ਰਿਹਾ ਸੀ।

-''ਇੱਕ ਬੰਬ ਦਾ ਪ੍ਰਬੰਧ ਕਰੋ! ਸਾਲੇ ਦੇ ਘਰ 'ਤੇ ਸਿੱਟ ਕੇ ਸਾਰਾ ਟੱਬਰ ਮਾਰੋ!'' ਇੰਦਰ ਉਸ ਤੋਂ ਵੀ ਚੜ੍ਹਦਾ ਚੰਦ ਸੀ। ਗਿੱਦੜ ਦੀ ਹੂਕ ਸੁਣ ਕੇ ਗਿੱਦੜ ਹੁਆਂਕਣ ਵਾਂਗ, ਉਹ ਇਕ ਦੂਜੇ ਤੋਂ ਪਹਿਲਾਂ ਬੋਲ ਰਹੇ ਸਨ। ਜਿਵੇਂ ਉਹਨਾਂ ਨੂੰ ਗਧੇ ਵਾਂਗ ਹੀਂਗਣਾ ਛੁੱਟ ਪਿਆ ਸੀ।

ਰਾਤ ਝੀਲ ਦੇ ਪਾਣੀ ਵਾਂਗ ਨਿੱਤਰੀ ਖੜ੍ਹੀ ਸੀ। ਕਿਸੇ ਮੁਟਿਆਰ ਦੀ ਸੁਹਾਗ ਰਾਤ ਲਈ ਕੱਢੀ ਫ਼ੁੱਲਾਂ ਦੀ ਚਾਦਰ ਵਾਂਗ ਅਸਮਾਨ ਤਾਰਿਆਂ ਨੂੰ ਗੋਦੀ ਚੁੱਕੀ ਖੜ੍ਹਾ, ਹੱਸ ਰਿਹਾ ਸੀ। ਸਾਰੇ ਪਾਸੇ ਚੁੱਪ ਛਾਈ ਹੋਈ ਸੀ। ਕਿਤੇ ਕਿਤੇ ਕੋਈ ਲੰਡਰ ਕੁੱਤਾ ਭੌਂਕਦਾ ਸੀ ਜਾਂ ਹੱਡਾਂਰੋੜੀ ਵਿਚੋਂ ਕੋਈ ਗਿਰਝ ਦੀ ਚੀਕ ਸੁਣਾਈ ਦਿੰਦੀ ਸੀ। ਕਦੇ ਕੋਈ ਉੱਲੂ ਦੀ ਅਵਾਜ਼ ਸੁਣਦੀ ਸੀ। ਗਲੀ ਵਿਚੋਂ ਇਕ ਕੁੱਤਾ ਚੂਕਦਾ ਭੱਜਿਆ ਜਿਵੇਂ ਕਿਸੇ ਚੁੜੇਲ ਨੇ ਘਰੂਟ ਮਾਰੇ ਹੋਣ!

ਪਰ ਗਿੱਲ ਹੋਰੀਂ ਗਾਲ੍ਹੀ-ਗਲੋਚ ਕਰਦੇ ਪੀ ਰਹੇ ਸਨ।

ਅਚਾਨਕ ਗਲੀ ਵਿਚ ਆ ਕੇ ਗਿੱਲ ਨੇ ਫ਼ਾਇਰ ਕੀਤਾ। ਗੋਲੀ ਨੇ ਜਿਵੇਂ ਅਸਮਾਨ ਪਾੜ ਦਿੱਤਾ ਸੀ। "ਟੀਂਅ" ਕਰਦੀ ਗੋਲੀ ਸਿੱਧੀ ਅਕਾਸ਼ ਨੂੰ ਗਈ ਸੀ। ਦੂਰ ਰੋਹੀ ਵਿਚੋਂ ਡਰਿਆ ਕੋਈ ਮੋਰ ਕੂਕਿਆ।

ਫਿਰ ਗੋਲੀਆਂ ਦਾ ਜਿਵੇਂ ਮੀਂਹ ਵਰ੍ਹ ਪਿਆ ਸੀ। ਲਲਕਾਰੇ ਇਕ ਦਮ ਉੱਚੇ ਉਠੇ ਸਨ। ਟਿਕੀ ਰਾਤ ਵਿਚ ਲਲਕਾਰੇ ਪਿੰਡ ਦੇ ਦੂਜੇ ਪਾਸੇ ਸਿਵਿਆਂ ਤੱਕ ਸੁਣਦੇ ਸਨ। ਗਿੱਲ ਮਸਤੀ ਊਠ ਵਾਂਗ ਬੁੱਕ ਰਿਹਾ ਸੀ।

ਪਿੰਡ ਵਿਚ ਸਹਿਮ ਛਾ ਗਿਆ।

ਕੋਈ ਡਰਦਾ ਕੁਸਕਿਆ ਨਹੀਂ ਸੀ।

-"ਚੱਲੋ ਮੇਰੇ ਸਹੁਰੇ ਦੇ ਘਰ ਉਤੋਂ ਦੀ ਗੇੜਾ ਤਾਂ ਦੇਈਏ--!" ਬਰਾੜ ਨੇ ਮੁੱਛ ਦੇ ਕੁੰਢ ਨੂੰ ਕੜਾਹੇ ਦੇ ਕੁੰਡੇ ਵਾਂਗ ਖਿੱਚਿਆ।

ਉਹ ਅੱਗੜ ਪਿੱਛੜ ਹੋ ਤੁਰੇ। ਤੁਰਦੇ ਜਣਿਆਂ ਦੇ ਨਾਲ ਜਿਵੇਂ ਧਰਤੀ ਕੰਬਦੀ ਸੀ। ਲੱਗਦਾ 'ਖੁੱਸਾ' ਗਿੱਲ ਦੇ ਪੈਰ ਨੂੰ ਲਹੂ-ਲੁਹਾਣ ਕਰੀ ਜਾ ਰਿਹਾ ਸੀ। ਜਿਸ ਦਾ ਸ਼ਾਇਦ ਗਿੱਲ ਨੂੰ ਪਤਾ ਨਹੀਂ ਸੀ। ਉਹਨਾਂ ਨੂੰ ਦੇਖ ਕੇ ਗਲੀ ਦਾ ਕੁੱਤਾ ਭੌਂਕਿਆ। ਇੰਦਰ ਨੇ ਠੁੱਡ ਮਾਰਕੇ ਉਸ ਨੂੰ ਪਰ੍ਹੇ ਸੁੱਟ ਦਿੱਤਾ। ਕੁੱਤੇ ਦੀਆਂ ਚੂਕਾਂ ਨੇ ਸਹਿਮੀ ਰਾਤ ਵਿਚ ਬੱਕੜਵਾਹ ਮਚਾ ਦਿੱਤੀ ਸੀ।

-"ਹਾਏ ਉਏ! ਮਿਲਜੇ ਕਿਤੇ ਅੱਜ ਘਰੇ ਈ-ਹੱਥ ਲੰਮੀ ਗੋਲੀ ਵਿਚ ਦੀ ਕੱਢ ਦਿਆਂ---!" ਬੋਤੇ ਵਾਂਗ ਪੁਲਾਂਘਾਂ ਪੁੱਟਦਾ ਗਿੱਲ ਜਾੜ੍ਹ ਘੁੱਟ ਕੇ ਬੋਲਿਆ। ਗੁੱਸਾ ਉਸ ਨੇ ਕਚੀਚੀ ਵਿਚ ਨੱਪਿਆ ਹੋਇਆ ਸੀ।

-"ਪਹਿਲਾਂ ਮੁੱਛਾਂ ਪੱਟ ਕੇ ਉਹਦੀ---'ਚ ਦਿਓ, ਇਹਦੀ ਮੈਂ ਮਾਂ ਦੀ--ਦਿੱਤਾ ਪਾ ਕੇ!"

-"ਅੱਜ ਵਾਰੀ ਮੈਨੂੰ ਵੀ ਦੇਇਓ।" ਸ਼ਿੰਦਾ ਲੰਬੇ ਚਿਰ ਬਾਅਦ ਬੋਲਿਆ ਸੀ।

-"ਹੈਂ ਬਈ! ਵਾਰੀ ਨੂੰ ਕੀ ਐ? 'ਕੱਠੇ ਈ ਲਾਲਾਂਗੇ ਝੁੱਟੀ--!" ਇੰਦਰ ਨੇ ਕਿਹਾ। ਸਾਰੇ ਹੀ ਇਕ ਦੂਜੇ ਨਾਲੋਂ ਅੱਗੇ ਸਨ। ਘੱਟ ਕੋਈ ਵੀ ਨਹੀਂ ਸੀ। ਚੋਰ ਨਾਲੋਂ ਪੰਡ ਕਾਹਲੀ ਹੋਈ ਪਈ ਸੀ।

ਉਹਨਾਂ ਨੇ ਨ੍ਹੇਰੀ ਦੇ ਘਰ ਉਪਰੋਂ ਭਲਵਾਨੀ ਗੇੜਾ ਦਿੱਤਾ। ਅੰਦਰ ਚੁੱਪ-ਚਾਂਦ ਸੀ। ਹਨ੍ਹੇਰਾ ਗੁੱਲ ਹੋਇਆ ਪਿਆ ਸੀ। ਕੋਈ ਬੱਤੀ ਨਹੀਂ ਜਗ ਰਹੀ ਸੀ। ਉਹ ਦਰਵਾਜੇ ਕੋਲ ਆ ਗਏ। ਪਹਿਲੇ ਧੱਕੇ ਨਾਲ ਹੀ ਚੂਲ ਜੜਾਕਾ ਖਾ ਗਈ। ਇਕ ਲੱਤ ਹੋਰ ਮਾਰ ਕੇ ਉਹਨਾਂ ਨੇ ਦਰਵਾਜਾ ਖਿਲਾਰ ਦਿੱਤਾ। "ਫ਼ਾਅੜ" ਕਰਦਾ ਦਰਵਾਜਾ ਧਰਤੀ 'ਤੇ ਡਿੱਗਿਆ ਸੀ।

ਡਰ ਕੇ ਪਸ਼ੂ ਖੜ੍ਹੇ ਹੋ ਗਏ। ਉਹਨਾਂ ਦੇ ਕੰਨ ਖੜ੍ਹੇ ਸਨ। ਬੈਟਰੀ ਦੇ ਚਾਨਣ ਵਿਚ ਪਸ਼ੂਆਂ ਦੀਆਂ ਅੱਖਾਂ ਹੀਰਿਆਂ ਵਾਂਗ ਚਮਕਦੀਆਂ ਸਨ। ਡਰੀ ਗਾਂ ਨੇ ਕਿੱਲੇ 'ਤੇ ਗੇੜਾ ਬੰਨ੍ਹ ਲਿਆ। ਪੁੱਠੀਆਂ ਅੱਖਾਂ ਨਾਲ ਉਹ ਓਪਰੇ ਬੰਦਿਆਂ ਵੱਲ ਝਾਕ ਰਹੀ ਸੀ।

ਉਹਨਾਂ ਸਾਰੇ ਘਰ ਅੰਦਰ ਗੇੜਾ ਦਿੱਤਾ। ਪਰ ਅੰਦਰੋਂ ਕੋਈ ਜੀਅ ਵੀ ਪ੍ਰਗਟ ਨਾ ਹੋਇਆ। ਪਤਾ ਨਹੀਂ ਸਾਰਾ ਟੱਬਰ ਕਿੱਧਰ ਨੂੰ ਉਡਾਰੀ ਮਾਰ ਗਿਆ ਸੀ?

-"ਹਾਏ ਇੰਦਰਾ! ਹੁਣ ਕੀ ਕਰੀਏ---?" ਰੀਝ ਪੂਰੀ ਨਾ ਹੋਈ ਕਾਰਨ ਗਿੱਲ ਦਾ ਆਪਣੇ ਆਪ ਨੂੰ ਗੋਲੀ ਮਾਰਨ ਨੂੰ ਦਿਲ ਕਰਦਾ ਸੀ।

ਫ਼ੈਰ! ਉਹ ਹੱਥਾਂ 'ਤੇ ਦੰਦੀਆਂ ਵੱਢਦੇ ਵਾਪਸ ਆ ਗਏ।

ਉਹ ਗੁੱਸੇ ਵਿਚ ਚੰਗਿਆੜੇ ਵਾਂਗ ਮੱਚ-ਬੁਝ ਜਿਹੇ ਰਹੇ ਸਨ।

-"ਤੁਸੀਂ ਕਾਕਾ ਨਿਆਣਿਆਂ ਆਲੀ ਮੱਤ ਨਾ ਵਰਤੋ! ਚੁੱਪ ਕਰਕੇ ਪੈਜੋ! ਅੱਗੇ ਪਹਿਲਾ ਤਾਂ ਸਾਂਭਿਆ ਨਹੀਂ ਜਾਂਦਾ-ਤੁਸੀਂ ਉਲਟਾ ਪੜਛੱਤੀ ਸਿਰ 'ਤੇ ਚੱਕਲੀ? ਕਾਹਨੂੰ ਐਮੇਂ ਜੱਗ ਨੂੰ ਤਮਾਸ਼ਾ ਦਿਖਾਉਨੇ ਐਂ? ਪੈਜੋ ਮੇਰੇ ਸ਼ੇਰ ਬਣਕੇ! ਮੈਨੂੰ ਪਤੈ ਬਈ ਥੋਨੂੰ ਦੁੱਖ ਐ-ਦੁੱਖ ਤਾਂ ਮੈਨੂੰ ਵੀ ਐ! ਸਵੇਰ ਦੀ ਢਿੱਡ 'ਚ ਮੁੱਕੀਆਂ ਦੇਈ ਫਿਰਦੀ ਐਂ-ਉਤੋਂ ਹੋਰ ਨਾ ਕੋਈ ਯੱਭ ਖੜ੍ਹਾ ਕਰ ਲਿਓ--!" ਬੇਬੇ ਨੇ ਆ ਕੇ ਉਹਨਾਂ ਨੂੰ ਡਾਂਟਿਆ।

ਉਹ ਸਾਰੇ ਸਾਊ ਜਿਹੇ ਬਣ ਕੇ ਮੰਜਿਆਂ 'ਤੇ ਪੈ ਗਏ। ਪਰ ਗੁੱਸਾ ਉਹਨਾਂ ਅੰਦਰ ਬਰਾਬਰ ਰਿੱਝ ਰਿਹਾ ਸੀ। ਨੀਂਦ ਤਾਂ ਕਿਸੇ ਨੂੰ ਵੀ ਨਹੀਂ ਆ ਰਹੀ ਸੀ।

-"ਮੁੜ ਕੇ ਡੱਡੇ ਵੇਲਾ ਹੱਥ ਨ੍ਹੀ ਆਉਂਦਾ ਹੁੰਦਾ।" ਜਾਂਦੀ ਬੇਬੇ ਕੰਨ ਜਿਹੇ ਕਰ ਗਈ ਸੀ।

ਸਾਰੇ ਪਿੰਡ ਵਿਚ ਸ਼ਾਂਤੀ ਪਸਰ ਗਈ ਸੀ। ਭੂਚਾਲ ਆ ਕੇ ਜਿਵੇਂ ਰੁਕ ਗਿਆ ਸੀ। ਰੱਬ ਦੀ ਅਪਾਰ ਕਿਰਪਾ ਰਹੀ ਸੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ। ਗੜਿਆਂ ਦੀ ਮਾਰ ਜੂਹ ਤੋਂ ਬਾਹਰ ਹੀ ਲੰਘ ਗਈ ਸੀ। ਕਿਸੇ ਨੇ ਠਾਣੇਂ ਜਾਣ ਦੀ ਜੁਅਰਤ ਹੀ ਨਹੀਂ ਕੀਤੀ ਸੀ। ਸਾਰਾ ਪਿੰਡ ਹੀ ਤਰਾਸਿਆ ਪਿਆ ਸੀ।

ਅਗਲੇ ਦਿਨ ਪਿੰਡ ਵਿਚ ਮੂੰਹੋਂ-ਮੂੰਹ, ਪਰ ਅੜਤਲੇ ਜਿਹੇ ਨਾਲ ਰੰਗ ਬਰੰਗੀਆਂ ਗੱਲਾਂ ਹੋ ਰਹੀਆਂ ਸਨ।

-"ਰਾਤ ਭਾਈ ਅਗਲੇ ਸਾਰੀ ਰਾਤ ਖੁਰਵੱਢ ਕਰਦੇ ਰਹੇ ਐ-ਜੇ ਕਿਤੇ ਹੱਥ ਲੱਗ ਜਾਂਦਾ-ਮੈਂ ਸ਼ਰਤ ਕਰਦੈਂ-ਉਹਦੇ ਆਲਾ ਗੁੱਗਾ ਪੂਜ ਦਿੰਦੇ ਰਾਤ!"

-''ਕਹਿੰਦੇ ਐ ਜਦੋਂ ਗਿੱਦੜ ਦੀ ਮੌਤ ਆਉਂਦੀ ਐ-ਫੇਰ ਪਤੰਦਰ ਜਾ ਕੇ ਚੂਹੜ੍ਹਿਆਂ ਦੀ ਮੁੰਨੀ ਨਾਲ ਖੁਰਕ ਕਰਦੈ-ਬਈ ਸਹੁਰਿਆ ਤੂੰ ਰਾਮ ਰਾਮ ਕਰਕੇ ਦਿਨ ਕੱਟ-ਗਵਾਹੀਆਂ ਬਿਨਾ ਸਰਦਾ ਨ੍ਹੀ?''

-''ਨਾਲੇ ਕਰਮੇਂ ਦੇ ਸਹੁਰਿਆਂ ਨੇ ਕਿਹੜਾ ਇਹਦੇ ਫ਼ੀਤੀ ਲਾ ਦੇਣੀ ਐਂ?''

-''ਰਾਤ ਮੁੰਡਿਆਂ ਨੇ ਫੀਤੀ ਛੱਡ ਬਣਾ ਦੇਣਾ ਸੀ ਐਂਲਸਪੈੱਲਟਰ! ਗੱਲ ਕਰ ਵਧੀ ਸੀ ਬਚ ਗਿਆ।''

-''ਮੈਨੂੰ ਮੈਦ ਐ ਜਦੋਂ ਗੋਲੀਆਂ ਚੱਲੀਆਂ-ਟੱਬਰ ਨੂੰ ਲੈ ਕੇ ਆਸੇ ਪਾਸੇ ਹੋ ਗਿਆ-ਨਹੀਂ ਤਾਂ ਪਤੰਦਰਾਂ ਨੇ ਗਰਦੋਗੋਰ ਮਚਾਈ ਰੱਖੀ ਐ!''

-''ਇਕ ਗੱਲ ਹੋਰ ਐ! ਚਾਹੇ ਕਰਮਾਂ ਬਰੀ ਹੋਜੇ ਤੇ ਚਾਹੇ ਲੱਗਜੇ ਫ਼ਾਹੇ-ਪਰ ਨ੍ਹੇਰੀ ਆਲਾ ਤੂੰਬਾ ਇਹ ਜਰੂਰ ਵਜਾਉਣਗੇ।''

ਲੋਕ ਆਪਣੇ ਦਿਲ ਦੀ ''ਭੜ੍ਹਾਸ'' ਕੱਢ ਰਹੇ ਸਨ।

-------- ਕਾਂਡ ਪੰਦਰਾਂ -------------

ਮੁਕੱਦਮੇਂ ਦੀ ਤਾਰੀਫ਼ ਦਾ ਦਿਨ ਆ ਗਿਆ।

ਸੁਣਵਾਈ ਸ਼ੁਰੂ ਹੋ ਗਈ। ਮੁਕੱਦਮਾ ਦੁਬਾਰਾ ਪੜ੍ਹ ਕੇ ਸੁਣਾਇਆ ਗਿਆ। ਸਰਕਾਰੀ ਵਕੀਲ ਨੇ ਮੁਕੱਦਮਾ ਫਿਰ ਦੁਹਰਾਇਆ। ਨ੍ਹੇਰੀ ਨੇ ਆਪਣੇ ਬਿਆਨ ਤੋਤੇ ਵਾਂਗ ਰਟ ਦਿੱਤੇ। ਸਰਕਾਰੀ ਵਕੀਲ ਫ਼ਜ਼ੂਲ ਮਗਜ਼ਮਾਰੀ ਕਰ ਰਿਹਾ ਸੀ। ਉਸ ਨੂੰ ਪੂਰਾ ਪਰਪੱਕ ਵਿਸ਼ਵਾਸ ਸੀ ਕਿ ਕਰਮੇਂ ਨੂੰ ਫ਼ਾਂਸੀ ਨਹੀਂ ਤਾਂ ਉਮਰ ਕੈਦ ਜ਼ਰੂਰ ਹੋਵੇਗੀ। ਕੇਸ ਤਾਂ ਉਸ ਦੇ ਹੱਕ ਵਿਚ ਹੀ ਚੱਲ ਰਿਹਾ ਸੀ। ਚਸ਼ਮਦੀਦ ਗਵਾਹ ਨ੍ਹੇਰੀ ਬਿਆਨ ਦਿੰਦਾ ਭੋਰਾ ਨਹੀਂ ਥਿੜਕਿਆ ਸੀ। ਉਸ ਨੂੰ ਤਾਂ ਮੱਲੋਮੱਲੀ ਦੀ ਸ਼ਾਬਾਸ਼ੇ ਮਿਲਣ ਵਾਲੀ ਸੀ!

ਕਰਮੇਂ ਦੇ ਵਕੀਲ ਚਾਹਲ ਨੇ ਕਰਮੇਂ ਦੇ ਬਾਹਰਲੇ ਘਰ ਵਾਲਾ ਗੁਆਂਢੀ ਪੇਸ਼ ਕਰਕੇ ਨ੍ਹੇਰੀ ਨਾਲ ਗਿਆਰ੍ਹਾਂ ਵਰ੍ਹਿਆਂ ਦੀ ਦੁਸ਼ਮਣੀ ਦੀ ਗੱਲ ਸਾਬਤ ਕਰ ਦਿੱਤੀ।

ਸਰਕਾਰੀ ਵਕੀਲ ਅਤੇ ਨ੍ਹੇਰੀ ਦੇ ਪੈਰ ਹਿੱਲ ਗਏ। ਦੋਹਾਂ ਦੀ ਹਾਲਤ ਉਸ ਬੱਚੇ ਵਰਗੀ ਸੀ, ਜਿਸ ਹੱਥੋਂ ਕਾਂ ਟੁੱਕ ਖੋਹ ਕੇ ਲੈ ਗਿਆ ਸੀ। ਉਹਨਾਂ ਨੂੰ ਭੱਜਣ ਨੂੰ ਕੋਈ ਥਾਂ ਨਹੀਂ ਲੱਭਦਾ ਸੀ। ਸਰਕਾਰੀ ਵਕੀਲ ਨੇ ਕਰੋਧ ਨਾਲ ਠਾਣੇਦਾਰ ਵੱਲ ਤੱਕਿਆ। ਜਿਸ ਨੇ ਗਵਾਹ ਹੱਥ ਹੇਠ ਨਹੀਂ ਕੀਤੇ ਸਨ। ਠਾਣੇਦਾਰ ਬੋਚ ਕੇ ਨਜ਼ਰ ਬਚਾ ਗਿਆ।

ਕਰਮਾਂ ਕਟਿਹਰੇ ਵਿਚ ਖੜ੍ਹਾ ਚੁੱਪ-ਚਾਪ ਇਕ ਟੱਕ ਦੇਖ ਰਿਹਾ ਸੀ। ਇੰਦਰ ਹੋਰਾਂ ਦੇ ਚਿਹਰੇ 'ਤੇ ਇਕ ਸੰਤੁਸ਼ਟੀ ਉਭਰ ਆਈ ਸੀ। ਉਹ ਬੜੇ ਅਰਾਮ ਨਾਲ ਬੈਠੇ ਕਾਰਵਾਈ ਦੇਖ ਰਹੇ ਸਨ। ਅੱਧਿਓਂ ਜ਼ਿਆਦਾ ਡਰ ਉਹਨਾਂ ਅੰਦਰੋਂ ਫ਼ਰ ਲਾ ਕੇ ਉੱਡ ਗਿਆ ਸੀ।

-"ਮੀ ਲਾਰਡ! ਅਗਰ ਜਨਾਬ ਦੀ ਇਜਾਜ਼ਤ ਹੋਵੇ ਤਾਂ ਮੈਂ ਸਿਰਫ਼ ਇਕ ਅਤੇ ਆਖਰੀ ਅਹਿਮ ਗਵਾਹ ਪੇਸ਼ ਕਰਾਂਗਾ।" ਬਚਾਓ ਪੱਖੀ ਵਕੀਲ ਚਾਹਲ ਨੇ ਕਿਹਾ।

-"ਇਜਾਜ਼ਤ ਹੈ!" ਜੱਜ ਨੇ ਕਿਹਾ।

-"ਥੈਂਕ ਯੂ-ਮੀ ਲਾਰਡ!"

ਦਸ ਕੁ ਸਾਲ ਦੀ ਬੱਚੀ ਨੂੰ ਕਰਮਚਾਰੀ ਨੇ ਕਟਿਹਰੇ ਤੱਕ ਅਗਵਾਈ ਦਿੱਤੀ।

-"ਬੇਟੇ ਕੀ ਨਾਂ ਐਂ ਤੇਰਾ?" ਜੱਜ ਨੇ ਬੜੇ ਪ੍ਰੇਮ ਨਾਲ ਪੁੱਛਿਆ।

-"ਜੀ ਨਿੱਕੀ--!" ਉਸ ਨੇ ਬੜੀ ਮਾਸੂਮੀਅਤ ਨਾਲ ਦੱਸਿਆ।

ਕਾਫ਼ੀ ਲੋਕ ਹੱਸ ਪਏ।

ਉਹ ਵੀ ਹੱਸਣ ਲੱਗ ਪਈ।

-"ਨਿੱਕੀ ਸਿੰਘ ਕਿ ਨਿੱਕੀ ਕੌਰ?" ਜੱਜ ਨੇ ਹਾਸੇ ਵਿਚ ਮਜ਼ਾਕੀਆ ਛੇੜਿਆ।

ਉਹ ਭੋਲੀ ਜਿਹੀ ਕੁੜੀ ਫਿਰ ਹੱਸ ਕੇ ਚੁੱਪ ਕਰ ਗਈ।

-"ਫ਼ੈਰ! ਬੇਟੇ ਕਰਮ ਸਿੰਘ ਤੇਰਾ ਕੀ ਲੱਗਦੈ?" ਕਰਮੇਂ ਦੇ ਵਕੀਲ ਨੇ ਕਾਰਵਾਈ ਸ਼ੁਰੂ ਕੀਤੀ।

-"ਚਾਚਾ ਲੱਗਦੈ ਜੀ--!"

-"ਤੇ ਕੁਲਵਿੰਦਰ ਤੇਰੀ ਚਾਚੀ ਲੱਗਦੀ ਸੀ?"

-''ਹਾਂ ਜੀ--!''

-''ਨਿੱਕੀ! ਜਿਸ ਦਿਨ ਤੇਰੀ ਚਾਚੀ ਕੁਲਵਿੰਦਰ ਮਰੀ-ਉਸ ਦਿਨ ਤੂੰ ਕੋਠੇ 'ਤੇ ਕੀ ਕਰਦੀ ਸੀ ਬੇਟੇ?''

-''ਜੀ ਮੈਂ ਖੇਡਦੀ ਸੀ।''

-''ਸ਼ਾਬਾਸ਼ ਬੇਟੇ! ਤੇ ਬੇਟੇ ਇਹ ਦੱਸ ਬਈ ਛੋਟੀਆਂ ਕੁੜੀਆਂ ਨੂੰ ਦੁਆਈ ਤੇਰੇ ਚਾਚੇ ਨੇ ਪਿਆਈ ਜਾਂ ਤੇਰੀ ਚਾਚੀ ਨੇ?''

-''ਜੀ ਚਾਚੀ ਨੇ!''

-''ਤੇ ਤੇਰੀ ਚਾਚੀ? ਮੁਆਫ਼ ਕਰਨਾ ਯੂਅਰ ਆਨਰ! ਇਹ ਪੁਆਇੰਟ ਨੋਟ ਕੀਤਾ ਜਾਵੇ!'' ਉਸ ਨੇ ਕੁੜੀ ਵੱਲੋਂ ਹਟ ਕੇ ਜੱਜ ਨੂੰ ਕਿਹਾ।

-''ਤੇ ਤੇਰੀ ਚਾਚੀ ਨੂੰ ਦੁਆਈ ਕੀਹਨੇ ਪਿਆਈ ਬੇਟੇ?''

-''ਜੀ ਉਹਨੇ ਆਪ ਈ ਪੀਤੀ ਸੀ।''

-''ਪਲੀਜ਼ ਨੋਟ ਦਾ ਪੁਆਇੰਟ-ਮੀ ਲਾਰਡ!''

ਜੱਜ ਨੇ ਨੁਕਤਾ ਨੋਟ ਕੀਤਾ।

-''ਤੇ ਬੇਟੇ! ਤੇਰਾ ਚਾਚਾ ਕਰਮਾਂ ਉਸ ਦਿਨ ਕਿੱਥੇ ਸੀ?''

-''ਜੀ ਪਤਾ ਨਹੀਂ!''

-''ਤੂੰ ਉਸ ਦਿਨ ਉਸ ਨੂੰ ਦੇਖਿਆ ਸੀ?''

-''ਨਹੀਂ ਜੀ।'' ਉਹ ਸੰਖੇਪ ਉਤਰ ਦੇ ਰਹੀ ਸੀ।

-''ਨਿੱਕੀ, ਇੱਕ ਹੋਰ ਸੁਆਲ ਬੱਚੂ! ਓਸ ਦਿਨ ਉਥੇ ਤੂੰ ਐਸ ਬੰਦੇ ਨੂੰ ਦੇਖਿਆ ਸੀ?'' ਚਾਹਲ ਨੇ ਨੇ੍ਗੀ ਦੇ ਮੋਢੇ 'ਤੇ ਹੱਥ ਰੱਖ ਕੇ ਪੁੱਛਿਆ।

ਨਿੱਕੀ ਨੇ 'ਨਾਂਹ' ਵਿਚ ਸਿਰ ਫੇਰ ਦਿੱਤਾ।

ਸਰਕਾਰੀ ਵਕੀਲ ਦੀ ਜਿਵੇਂ ਮਾਂ ਮਰ ਗਈ ਸੀ। ਉਹ ਮੂੰਹ 'ਚ ਉਂਗਲਾਂ ਪਾਈ ਚੁੱਪ ਕਰਿਆ ਬੈਠਾ ਸੀ। ਜਿਵੇਂ ਕਿਸੇ ਨੇ ਉਸ ਦੀ ਇੱਜ਼ਤ ਲੁੱਟ ਲਈ ਸੀ। ਉਸ ਦੀ ਹਾਲਤ ਉਸ ਵਿਧਵਾ ਔਰਤ

ਵਰਗੀ ਸੀ, ਜਿਸ ਦੇ ਇਕੱਲੇ ਦੁਕੱਲੇ ਪੁੱਤ ਨੇ ਥੱਪੜ ਕੱਢ ਮਾਰਿਆ ਹੋਵੇ। ਆਸਾਂ 'ਤੇ ਪਾਣੀ ਫਿਰ ਗਿਆ ਸੀ।

ਨ੍ਹੇਰੀ ਕੁਰਸੀ 'ਤੇ ਬੱਗਾ ਫ਼ੂਸ ਹੋਇਆ ਬੈਠਾ ਸੀ।

ਜੰਟੇ ਹੋਰਾਂ ਦੇ ਹੱਥਾਂ ਵਿਚ ਫੜੇ ਤੋਤੇ ਜਿਵੇਂ ਉੱਡ ਗਏ ਸਨ।

-''ਆਫ਼ਟਰ ਆਲ ਮੀ ਲਾਰਡ! ਸੱਚ ਸੌ ਨਦੀਆਂ ਪਾਰ ਕਰਕੇ ਬਾਹਰ ਆ ਹੀ ਗਿਆ! ਇਸ ਛੋਟੀ ਬੱਚੀ ਦੇ ਬਿਆਨਾਂ ਅਨੁਸਾਰ ਗਵਾਹ ਅਤੇ ਐੱਫ਼ ਆਈ ਆਰ ਦੋਨੋਂ ਹੀ ਝੂਠੇ ਹਨ-ਮੈਂ ਅਦਾਲਤ ਨੂੰ ਜ਼ਾਹਿਰਾ ਤੌਰ 'ਤੇ ਦਰਫ਼ਾਸਤ ਕਰਾਂਗਾ ਕਿ ਕਰਮ ਸਿੰਘ ਨੂੰ ਬਾਇੱਜ਼ਤ ਬਰੀ ਕੀਤਾ ਜਾਵੇ ਅਤੇ ਝੂਠੇ ਗਵਾਹ ਬੁੱਕਣ ਸਿੰਘ ਨੂੰ ਸਫ਼ਤ ਤੋਂ ਸਫ਼ਤ ਸਜ਼ਾ ਦਿੱਤੀ ਜਾਵੇ-ਸਬੰਧਤ ਪੁਲੀਸ ਕਰਮਚਾਰੀਆਂ ਨੂੰ ਵੀ ਸਬਕ ਦੇਣ ਲਈ ਜਨਾਬ ਅੱਗੇ ਪੁਰਜੋਰ ਅਪੀਲ ਕਰਾਂਗਾ-ਜਿੰਨ੍ਹਾਂ ਨੇ ਅਦਾਲਤ ਦਾ ਕੀਮਤੀ ਟਾਈਮ ਫ਼ਜ਼ੂਲ ਜ਼ਾਇਆ ਕੀਤਾ-ਨਿਰਦੋਸ਼ ਕਰਮ ਸਿੰਘ ਨੂੰ ਮੁਆਵਜ਼ਾ ਦੇਣ ਲਈ ਵੀ ਸ਼ਿਫ਼ਾਰਸ਼ ਕਰਾਂਗਾ ਮੀ ਲਾਰਡ! ਫ਼ੈਸਲਾ ਜਨਾਬ ਆਪ ਦੇ ਹੱਥ ਵਿਚ ਹੈ-ਦੈਟਸ ਆਲ ਯੂਅਰ ਆਨਰ-ਥੈਂਕਯੂ!'' ਕਹਿ ਕੇ ਚਾਹਲ ਬੈਠ ਗਿਆ। ਉਸ ਦੀ ਸਪੀਚ ਨੇ ਜੱਜ ਨੂੰ ਵਾਹਣੀਂ ਪਾ ਲਿਆ।

ਜੱਜ ਨੇ ਕਲਮ ਚੁੱਕ ਕੇ ਕੁਝ ਲਿਖਿਆ। ਫਿਰ ਫ਼ੈਸਲਾ ਸੁਣਾਇਆ।

ਕਰਮਾਂ ਬਾਇੱਜ਼ਤ ਬਰੀ ਕਰ ਦਿੱਤਾ ਗਿਆ!

ਨ੍ਹੇਰੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਹੋ ਗਿਆ। ਠਾਣੇਦਾਰ ਨੂੰ ਮਿਹਰਵਾਨ ਜੱਜ ਨੇ ਝੂਠਾ ਕੇਸ ਦਰਜ਼ ਕਰਨ ਦੇ ਮਾਮਲੇ ਵਿਚ ਲਾਈਨ ਹਾਜ਼ਰ ਹੋਣ ਦੇ ਆਰਡਰ ਜਾਰੀ ਕਰ ਦਿੱਤੇ।

ਚਸ਼ਮਦੀਦ ਗਵਾਹ ਲੜਕੀ ਨੂੰ ਜੱਜ ਨੇ ਸਤਿਕਾਰਦਿਆਂ ਕਿਹਾ।

-''ਤੂੰ ਨਿੱਕੀ ਕੌਰ ਨਹੀਂ - ਨਿੱਕੀ ਸਿੰਘ ਹੈਂ! ਜਿਸ ਨੇ ਅਦਾਲਤ ਦੀ ਐਨੀ ਮੱਦਦ ਕੀਤੀ ਅਤੇ ਇਕ ਨਿਰਦੋਸ਼ ਨੂੰ ਜੇਲ੍ਹ ਜਾਣੋਂ ਬਚਾ ਲਿਆ!'' ਜੱਜ ਨੇ ਫਿਰ ਉਸ ਨੂੰ ਸ਼ਾਬਾਸ਼ ਦੇ ਕੇ ਥਾਪੜਿਆ।

ਕਰਮੇਂ ਨੂੰ ਬੇਕਸੂਰ ਹੋਣ ਦੇ ਬਾਵਜੂਦ ਹਿਰਾਸਤ ਵਿਚ ਰਹਿਣ ਕਰਕੇ ਮੁਆਵਜ਼ਾ ਮਨਜ਼ੂਰ ਕਰ ਦਿੱਤਾ ਗਿਆ।

ਜਿੱਤ ਦੀ ਫ਼ੁਸ਼ੀ ਸਾਰਿਆਂ ਨੂੰ ਝੂਟਾ ਦੇ ਗਈ ਸੀ।

ਕਰਮੇਂ ਦੀਆਂ ਹੱਥਕੜੀਆਂ ਅਤੇ ਬੇੜੀਆਂ ਨ੍ਹੇਰੀ ਦੇ ਜੜ ਦਿੱਤੀਆਂ ਗਈਆਂ। ਨ੍ਹੇਰੀ ਕੋਲਿਆਂ ਦੀ ਦਲਾਲੀ ਵਿਚ ਆਪਣਾ ਕਾਲਾ ਹੋਇਆ ਮੂੰਹ ਪ੍ਰਤੱਖ ਦੇਖ ਰਿਹਾ ਸੀ।

ਮਾਂ ਦੇ ਸੀਨੇ ਪੁੱਤ ਮਸਾਂ ਹੀ ਲੱਗਿਆ ਸੀ। ਯਾਰਾਂ-ਮਿੱਤਰਾਂ ਦੀਆਂ ਗਲਵਕੜੀਆਂ ਵਿਚ ਵਿਚ ਯਾਰ ਸ਼ੁਕਰਾਨੇ ਦੇ ਹੰਝੂ ਵਗਾ ਰਹੇ ਸਨ।

-"ਕਾਹਨੂੰ ਰੋਨੈਂ ਪੁੱਤ? ਮਾਂ ਸਦਕੇ!" ਖ਼ੁਦ ਰੋਂਦੀ ਮਾਂ ਕਰਮੇਂ ਨੂੰ ਗਲਵਕੜੀ ਵਿਚ ਲੈ ਕੇ ਕਹਿ ਰਹੀ ਸੀ। ਆਸ਼ੀਰਵਾਦ ਦੇ ਰਹੀ ਸੀ। ਮੱਥਾ ਚੁੰਮ ਰਹੀ ਸੀ।

ਉਹਨਾਂ ਵਕੀਲ ਚਾਹਲ ਦਾ ਧੰਨਵਾਦ ਕੀਤਾ ਅਤੇ ਜੀਪ ਲੈ ਕੇ ਤੁਰ ਪਏ।

ਘੌਰੂ ਪੱਟਦੀ ਜੀਪ ਫਿਰ ਪਤਾ ਨਹੀਂ ਕਿੱਧਰ ਨੂੰ ਗੁੰਮ ਹੋ ਗਈ।

ਮਿੱਲ੍ਹ ਦੀ ਚਿਮਨੀ ਦੇ ਸਹਾਰੇ ਖੜ੍ਹਾ ਸੂਰਜ ਮੁਸਕਰਾ ਰਿਹਾ ਸੀ।

''''' ਸਮਾਪਤ '''''